# ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਕਲਾਸ : ਬੀ. ਏ. (ਲੋਕ ਪ੍ਰਸ਼ਾਸਨ) ਭਾਗ ਪਹਿਲਾ** **ਸਮੈਸਟਰ ਪਹਿਲਾ**

**ਪੇਪਰ : ਪ੍ਰਸ਼ਾਸਕੀ ਸਿਧਾਂਤ** **ਯੂਨਿਟ : 1**

**ਮੀਡੀਅਮ : ਪੰਜਾਬੀ**

**ਪਾਠ ਨੰ.**


1.1 : ਲੋਕ ਪ੍ਰਸ਼ਾਸਨ : ਪਰਿਭਾਸ਼ਾ, ਖੇਤਰ ਤੇ ਮਹੱਤਵ

1.2 : ਲੋਕ ਪ੍ਰਸ਼ਾਸਨ ਅਤੇ ਨਿੱਜੀ ਪ੍ਰਸ਼ਾਸਨ

1.3 : ਲੋਕ ਪ੍ਰਸ਼ਾਸਨ ਦਾ ਰਾਜਨੀਤੀ ਵਿਗਿਆਨ, ਸਮਾਜ ਵਿਗਿਆਨ, ਅਰਥ ਵਿਗਿਆਨ ਅਤ ਇਤਿਹਾਸ ਨਾਲ ਸਬੰਧ

1.4 : ਨਵਾਂ ਲੋਕ ਪ੍ਰਸ਼ਾਸਨ ਅਤੇ ਨਵਾਂ ਲੋਕ ਪ੍ਰਬੰਧ

1.5 : ਸੰਗਠਨ : ਅਰਥ ਅਤੇ ਆਧਾਰ

1.6. : ਰਸਮੀ ਅਤੇ ਗ਼ੈਰ-ਰਸਮੀ ਸੰਗਠਨ



***website : www.pbidde.org***

**B.A.Part-I**
**PUBLIC ADMINISTRATION**
**(2023-2024 Sessions)**
**For Regular/Distance Education/Private Students**

**SEMESTER-I**
**PAPER : ADMINISTRATIVE THEORY**

For Regular Students Six ***Periods per week per paper to be delivered.***

| For Regular/Distance Education Students | For Private Students |
|---|---|
| **Maximum Marks : 100**<br>**Theory: : 70**<br>**Internal Assessment: 30** | **Maximum Marks: 100** |

**Time allowed: 3 hours**
**Pass marks : 35%**
***Total Teaching Periods: 75***

INSTRUCTIONS FOR THE PAPER-SETTER

**(For Regular and Distance Education Students) :** The question paper will consist of three sections: A, B and C. Sections A and B, will have four questions from the respective sections of the syllabus and will carry 12 marks each. Section C will consist of 11 short answer type questions which will cover the entire syllabus uniformly and will carry 22 marks in all. Each short answer type question will carry 2 marks. The candidates are required to answer each short type question in 50 words i.e. in 7-8 lines.

**(For Private Students) :** The question paper will consist of three sections: A, B and C. Sections A and B, will have four questions from the respective sections of the syllabus and will carry 16 marks each. Section C will consist of 9 short answer type questions which will cover the entire syllabus uniformly and will carry 36 marks in all. Each short answer type question will carry 4 marks. The candidates are required to answer each short type question in 50 words i.e. in 7-8 lines

INSTRUCTIONS FOR THE CANDIDATES

Candidates are required to attempt two questions each from the sections A and B of the question paper and the entire section C. The candidates are required to answer each short type question in 50 words i.e. in 7-8 lines.

**Section-A**

Meaning, Nature, Scope and Significance of Public Administration; Public Administration and Private Administration; Public Administration as a Science or an Art;

Deptt. of Public Adm... Punjabi University, Pat...

Relationship of Public Administration with other Social Sciences, Concepts of New Public Administration & New Public Management. Organization: Meaning, Bases, Formal and Informal Organization.

## Section-B

Chief Executive, Line and Staff Agencies. Principles of Organization: Hierarchy, Centralization and Decentralization, Coordination, Communication, Legislative and Judicial Control over Administration. Delegated Legislation: Meaning, Reasons for its growth, Merits, Demerits and Safeguards.

## Suggested Readings


1. Nicholas Henry :Public Administration and Public Affairs (New Jersey: Prentice Hall, 1980).
2. Feliz A. Nigro and Liyod G. Nigro : Modern Public Administration(New York:Harper and row, Latest ed.).
3. Peter Self : Administrative Theories and Politics (London : George Allen and Unwin, 1972).
4. Mohit Bhattacharaya: Pubic Administration: Structure, Process and Behavuour.(Calcutta:World Press, 2nd ed. 1980).
5. Rumki Basu: Introduction to Public Administration (New Delhi):Sterling Publishers, 1990).
6. S.R. Maheshwari: State Government in India (New Delhi: McMillan, 1979).
7. Chander Mohan Mahajan: Elements of Public Administration (Patiala:Publication Bureau, (Punjabi) Punjabi University).
8. Robert T. Golemblewski: Public Administration as a Developing Discipline (New York:Marcel Dekker, 1977).
9. John M. Pfiffner and Drank P. Sherwood: Administrative Organisation (New Delhi: Prentice Hall, Latest ed.).
10. Avashi and S.R. Maheswari: Public Administration, Agra, Lakshmi Narain Aggarwal Educational Publishers, 2004.
11. Harbir Singh: Administrative Theory and Indian Administration, Patiala, Deepak Publishing House, 2001(Punjabi).


Professor & Head
Deptt. of Public Administration
Punjabi University, Patiala

12. Inderjit Singh Sethi: Public Administration:Theory and Practice(Panjabi)Jaipur, College Book Depot, 1999.

13. R.B. Jain: Public Administration in India (New Delhi:Deep and Deep Publishers Pvt. Ltd., 2001).

14. S.R. Maheshwari: Indian Administration (New Delhi, Longman, 1990).

15. E.N. Gladden: An Introduction to Public Administration (London:Staples Press, Latest ed.).

16. John M. Pfiffner and R. Vance Presthus: Public Administration (New York Ronald Press, Latest ed.).

17. Cyril O' Donnell: Principles of Management: An Analysis of Managerial Functions (New York: McGraw Hill, 1975).

18. Pardeep Sahni and Etakulaya Vayunandan : *Administrative Theory*, New Delhi, PHI Learning Pvt.,Ltd, 2010.

19. K.K.Puri : Elements of Public Administration (Pbi.) Jalandhar, Bharat Parkashan, 2004.

20. Sahib Singh & Swinder Singh: Public Administration Theory and Practice, New Academic Publishing Co., 2009.

Professor & Head
Deptt. of Public Administration
Punjabi University, Patiala

ਪਾਠ ਨੰਬਰ : 1.1 **Prepared By : Ravneet Kaur**

## ਲੋਕ ਪ੍ਰਸ਼ਾਸਨ - ਪਰਿਭਾਸ਼ਾ, ਪ੍ਰਕ੍ਰਿਤੀ, ਖੇਤਰ ਤੇ ਮਹੱਤਵ

## (Meaning, Nature, Scope and Significance of Public Administration)

ਰੂਪ ਰੇਖਾ

1.1.0 ਉਦੇਸ਼
1.1.1 ਭੂਮਿਕਾ
1.1.2 ਇਤਿਹਾਸਿਕ ਪਿਛੋਕੜ
1.1.3 ਲੋਕ ਪ੍ਰਸ਼ਾਸਨ-ਅਰਥ ਅਤੇ ਪਰਿਭਾਸ਼ਾ
1.1.3.1 'ਪ੍ਰਸ਼ਾਸਨ' ਸ਼ਬਦ ਦਾ ਅਰਥ
1.1.3.2 'ਲੋਕ' ਸ਼ਬਦ ਦਾ ਅਰਥ
1.1.3.3 'ਲੋਕ ਪ੍ਰਸ਼ਾਸਨ' ਪਦ ਸੰਬੰਧੀ ਪਰਿਭਾਸ਼ਾਵਾਂ ਅਤੇ ਉਨ੍ਹਾਂ ਦਾ ਵਿਸ਼ਲੇਸ਼ਣ
1.1.1.4 ਲੋਕ ਪ੍ਰਸ਼ਾਸਨ ਦੀ ਪ੍ਰਕ੍ਰਿਤੀ
1.1.4.1 ਪ੍ਰਬੰਧਕੀ ਵਿਚਾਰ
1.1.4.2 ਪੂਰਣ ਵਿਚਾਰ
1.1.4.3 ਆਲੋਚਨਾਤਮਕ ਵਿਸ਼ਲੇਸ਼ਣ
1.1.1.5 ਖੇਤਰ
1.1.5.1 ਪ੍ਰਬੰਧਕੀ ਵਿਚਾਰਧਾਰਾ
1.1.5.2 ਪੂਰਣ ਵਿਚਾਰਧਾਰਾ
1.5.2.1 ਪ੍ਰਬੰਧਕੀ ਸਿਧਾਂਤ
1.5.2.2 ਵਿਵਹਾਰਕ ਸਿਧਾਂਤ
1.1.1.6 ਲੋਕ ਪ੍ਰਸ਼ਾਸਨ - ਵਿਗਿਆਨ ਅਤੇ ਕਲਾ
1.1.6.1 ਲੋਕ ਪ੍ਰਸ਼ਾਸਨ - ਇਕ ਵਿਗਿਆਨ
1.1.6.2 ਲੋਕ ਪ੍ਰਸ਼ਾਸਨ - ਇਕ ਕਲਾ
1.1.7 ਮਹੱਤਵ
1.1.8 ਸਾਰਾਂਸ਼
1.1.9 ਸ਼ਬਦਾਵਲੀ
1.1.10 ਸੰਬੰਧਤ ਪੁਸਤਕਾਂ ਦੀ ਸੂਚੀ
1.1.11 ਸਵੈ-ਪਰਖ ਲਈ ਦਿੱਤੇ ਪ੍ਰਸ਼ਨਾਂ ਦੇ ਉੱਤਰ

### 1.1.0 ਉਦੇਸ਼

ਇਸ ਪਾਠ ਦਾ ਅਧਿਐਨ ਕਰਨ ਉਪਰੰਤ ਤੁਸੀਂ

- ਲੋਕ ਪ੍ਰਸ਼ਾਸਨ ਸ਼ਬਦ ਨੂੰ ਪਰਿਭਾਸ਼ਿਤ ਕਰਨ ਯੋਗ ਹੋਵੋਗੇ;
- ਲੋਕ ਪ੍ਰਸ਼ਾਸਨ ਦੀ ਪ੍ਰਕ੍ਰਿਤੀ ਅਤੇ ਖੇਤਰ ਦੀ ਵਿਆਖਿਆ ਕਰਨ ਯੋਗ ਹੋਵੋਗੇ;
- ਲੋਕ ਪ੍ਰਸ਼ਾਸਨ ਨੂੰ ਵਿਗਿਆਨ ਅਤੇ ਕਲਾ ਦੇ ਪੱਖੋਂ ਸਮਝਣ ਯੋਗ ਹੋਵੋਗੇ ਅਤੇ ਇਸਦੇ ਮਹੱਤਵ ਦਾ ਮੁਲਾਂਕਣ ਕਰ ਸਕੋਗੇ ।

### 1.1.1.1 **ਭੂਮਿਕਾ** :

ਆਧੁਨਿਕ ਯੁੱਗ ਵਿੱਚ ਰਾਜ਼ ਦੀਆਂ ਗਤੀਵਿਧੀਆਂ ਕਈ ਗੁਣਾਂ ਵਧ ਗਈਆਂ ਹਨ। ਹੁਣ ਰਾਜ ਸਿਰਫ ਕਾਨੂੰਨ ਅਤੇ ਨਿਆਂ ਨੂੰ ਲਾਗੂ ਕਰਨ ਵਾਲਾ ਅਤੇ ਬਾਹਰੀ ਹਮਲਿਆਂ ਤੋਂ ਦੇਸ਼ ਨੂੰ ਬਚਾਉਣ ਵਾਲਾ ਪੁਲਸ ਰਾਜ (Police State) ਹੀ ਨਹੀਂ ਸਗੋਂ ਰਾਜਨੀਤਿਕ ਜਾਗ੍ਰਿਤਿ ਅਤੇ ਵਿਗਿਆਨਕ ਵਾਧੇ ਸਦਕਾ ਪੁਲਸ ਰਾਜ ਦੀ ਵਿਚਾਰਧਾਰਾ ਚੋਂ ਨਿਕਲ ਕੇ ਇਕ ਕਲਿਆਣਕਾਰੀ ਰਾਜ (Welfare State) ਬਣ ਚੁੱਕਾ ਹੈ। ਅਜੋਕਾ ਕਲਿਆਣਕਾਰੀ ਰਾਜ ਜਨਤਾ ਅਤੇ ਸਮਾਜ ਨਾਲ ਸਬੰਧਤ ਹੈ ਅਤੇ ਹਰ ਵਿਅਕਤੀ ਅਤੇ ਸਮਾਜ ਦੀ ਬਹੁ-ਪੱਖੀ ਤਰਕੀ ਲਈ ਜ਼ਿੰਮੇਵਾਰ ਹੈ। ਹਰ ਸਮਾਜ ਵਿੱਚ ਸ਼ਾਂਤੀ, ਸਥਿਰਤਾ ਅਤੇ ਇਕਸਾਰਤਾ ਰੱਖਣਾ ਜ਼ਰੂਰੀ ਹੈ। ਲੋਕ ਪ੍ਰਸ਼ਾਸਨ ਨੂੰ ਰਾਜ ਅਤੇ ਸਮਾਜ ਵਿੱਚ ਇੰਨੀ ਮਹੱਤਵਪੂਰਨ ਥਾਂ ਦਿੱਤੀ ਗਈ ਹੈ ਕਿ ਇਸ ਨੂੰ ਸਮਝਣਾ ਅਵੱਸ਼ਕ ਹੋ ਗਿਆ ਹੈ।

### 1.1.1.2 **ਇਤਿਹਾਸਿਕ ਪਿਛੋਕੜ** :

ਲੋਕ ਪ੍ਰਸ਼ਾਸਨ ਦਾ ਬਹੁਤ ਸਾਰਾ ਸਾਹਿਤ ਪ੍ਰਾਚੀਨ ਲਿਖਤਾਂ ਵਿਚੋਂ ਲੱਭਿਆ ਜਾ ਸਕਦਾ ਹੈ ਜਿਵੇਂ ਕਿ ਪਲੈਟੋ ਦੀ ਪੁਸਤਕ 'Laws', ਅਰਸਤੂ ਦੀ 'Politics', ਕੋਟਲਿਆ ਦੀ 'ਅਰਥ ਸ਼ਾਸ਼ਤਰ', ਮੈਕਆਵਲੀ ਦੀ 'Prince' ਆਦਿ। ਡਿਮੋਕ ਲਿਖਦੇ ਹਨ ਕਿ 19ਵੀਂ ਸਦੀ ਦੇ ਪਿਛਲੇ ਪੱਖ ਵਿੱਚ ਯੂ.ਐਸ.ਏ. ਦੇ ਅਰਥਸ਼ਾਸ਼ਤਰੀਆਂ, ਰਾਜਨੀਤਕ ਵਿਗਿਆਨੀਆਂ ਤੇ ਸਮਾਜ ਸ਼ਾਸ਼ਤਰੀਆਂ ਨੇ ਆਪਣਾ ਮੁੱਖ ਧਿਆਨ ਲੋਕ ਨੀਤੀ ਅਤੇ ਸਮਾਜਿਕ ਢਾਂਚੇ ਵੱਲ ਦਿੱਤਾ। ਸਿੱਟੇ ਵਜੋਂ ਲੋਕ ਪ੍ਰਸ਼ਾਸਨ ਇਕ ਰਸਮੀ ਤੌਰ ਤੇ ਪੜ੍ਹਾਏ ਜਾਣ ਵਾਲੇ ਵਿਸ਼ੇ ਦੇ ਰੂਪ ਵਿੱਚ ਉਭੱਰ ਕੇ ਸਾਹਮਣੇ ਆਇਆ। ਆਧੁਨਿਕ ਯੁੱਗ ਦੇ ਮੁਢੱਲੇ ਲੇਖਕਾਂ ਅਲੰਗਜ਼ੈਡਰ ਹੈਮਿਲਟਨ, ਥੌਮਸ ਜੈਫ਼ਰਸਨ, ਚਾਰਲਸ ਜੀਨ ਬੋਨੀਨ ਆਦਿ ਨੇ ਲੋਕ ਪ੍ਰਸ਼ਾਸਨ ਦੀਆਂ ਸਮੱਸਿਆਵਾਂ ਵੱਲ ਆਪਣਾ ਧਿਆਨ ਕੇਂਦਰਿਤ ਕੀਤਾ। ਵੂਡਰੋ ਵਿਲਸਨ ਦਾ ਮੂਲ ਸਿਧਾਂਤ ਇਹ ਸੀ ਕਿ ਕਿਸੇ ਸੰਵਿਧਾਨ ਦੇ ਨਿਰਮਾਣ ਕਰਨ ਨਾਲੋਂ ਇਸ ਨੂੰ ਅਮਲ ਵਿੱਚ ਲਿਆਉਣਾ ਬਹੁਤ ਕਠਿਨ ਹੁੰਦਾ ਹੈ। ਉਸ ਨੇ ਸਰਕਾਰ ਦੇ ਕਾਰਜਕਾਰੀ ਪੱਖ ਉਤੇ ਬਲ ਦਿੱਤਾ ਅਤੇ ਯੂ.ਐਸ.ਏ. ਵਿੱਚ ਪ੍ਰਸ਼ਾਸਨ ਨੂੰ ਇਕ ਨਵਾਂ ਢਾਂਚਾ ਅਤੇ ਮਹੱਤਵ ਦੇ ਕੇ ਕਿਹਾ ਕਿ 'ਕੋਈ ਅਜਿਹਾ ਪ੍ਰਸ਼ਾਸਨ ਦਾ ਵਿਗਿਆਨ ਹੋਣਾ ਚਾਹੀਦਾ ਹੈ ਜੋ ਸਰਕਾਰ ਦੇ ਰਸਤੇ ਨੂੰ ਸਪਸ਼ਟ ਕਰੇ, ਜੋ ਇਸ ਦੇ ਕਾਰੋਬਾਰ ਨੂੰ ਗੈਰ-ਕਾਰੋਬਾਰੀ ਪ੍ਰਕਾਰ ਦਾ ਨਾ ਬਣਾਏ, ਜੋ ਇਸ ਦੇ ਸੰਗਠਨ ਨੂੰ ਮਜ਼ਬੂਤ ਅਤੇ ਸ਼ੁੱਧ ਬਣਾਏ ਅਤੇ ਜੋ ਕਰਤੱਵ ਨੂੰ ਸ਼ਰੋਮਣੀ ਬਣਾ ਦੇਵੇ।]

1920 ਵਿੱਚ ਡਬਲਿਊ. ਐਫ. ਵਿਲੋਬੀ ਨੇ 'The Government of Modern States and Principles of Public Administration' ਦੀ ਇਕ ਪੁਸਤਕ ਪ੍ਰਕਾਸ਼ਿਤ ਕੀਤੀ। ਉਸ ਦਾ ਵਿਚਾਰ ਸੀ ਕਿ ਲੋਕ ਪ੍ਰਸ਼ਾਸਨ ਨਿਜੀ ਕਾਰੋਬਾਰ ਅਤੇ ਸਰਕਾਰ ਵਿੱਚ ਇਕੋ ਜਿਹਾ ਹੀ ਹੁੰਦਾ ਹੈ। ਲਿਉਨਾਰਡ ਡੀ.ਵਾਈਟ ਨੇ 1926 ਵਿੱਚ ਆਪਣੀ ਪੁਸਤਕ 'Introduction to the Study of Public Administration' ਪ੍ਰਕਾਸ਼ਿਤ ਕੀਤੀ। ਇਸ ਵਿੱਚ ਪ੍ਰਸ਼ਾਸਨ ਦੇ ਮਾਨਵ ਪੱਖ ਤੇ ਬੱਲ ਦਿੱਤਾ ਅਤੇ ਸਰਕਾਰੀ ਪ੍ਰਸ਼ਾਸਨ ਤੇ ਭਰਪੂਰ ਵਿਚਾਰ ਕੀਤਾ। 1939 ਵਿੱਚ ਸਥਾਪਿਤ ਹੋਈ ਅਮਰੀਕਨ ਸੁਸਾਇਟੀ ਫਾਰ ਪਬਲਿਕ ਐਡਮਨਿਸਟਰੇਸ਼ਨ (ASPA) ਨੇ ਲੋਕ ਪ੍ਰਸ਼ਾਸਨ ਨੂੰ ਇਕ ਨਵੇਂ ਖੇਤਰ ਦੇ ਤੌਰ ਤੇ ਮਾਨਤਾ ਦੇਣ ਵਿੱਚ ਹੋਰ ਵੀ ਯੋਗਦਾਨ ਦਿੱਤਾ ਕਿਉਂਕਿ ਇਸਦਾ ਉਦੇਸ਼ ਲੋਕ ਪ੍ਰਸ਼ਾਸਨ ਦੇ ਵਿਗਿਆਨਕ ਪ੍ਰਕ੍ਰਿਆਵਾਂ ਨੂੰ ਉਨੱਤ ਕਰਨਾ ਸੀ। ਹਾਰਬਰਟ ਸਾਈਮਨ ਦੀ ਆਲੋਚਨਾਤਮਕ ਕ੍ਰਿਤੀ 'Administrative Behaviour : A Study of Decision Making Process in Administrative Organisation' 1947 ਵਿੱਚ ਪ੍ਰਕਾਸ਼ਿਤ ਹੋਈ। ਇਸ ਵਿੱਚ ਸਾਈਮਨ ਨੇ ਕਦਰਾਂ-ਕੀਮਤਾਂ (Values) ਅਤੇ ਤੱਥਾਂ (Facts) ਵਿਚਕਾਰ ਅੰਤਰ ਕਰਨ ਦਾ ਸੁਝਾਅ ਦਿੱਤਾ, ਕਦਰਾਂ-ਕੀਮਤਾਂ ਤੇ ਤੱਥਾਂ ਨੂੰ ਵਖਰਾ ਕਰਕੇ ਉਸਨੇ ਤਰਕ ਦਿੱਤਾ ਕਿ ਲੋਕ ਪ੍ਰਸ਼ਾਸਨ ਵਿੱਚ ਤੱਥ ਵੀ ਸ਼ਾਮਲ ਹਨ ਜੋ ਬਿਲਕੁਲ ਉਸੇ ਤਰ੍ਹਾਂ ਹੀ ਵਿਗਿਆਨਕ ਅਧਿਐਨ ਦਾ ਵਿਸ਼ਾ ਹਨ ਜਿਵੇ ਪ੍ਰਕ੍ਰਿਤਿਕ ਵਿਗਿਆਨਾਂ ਦੇ ਖੇਤਰ ਵਿਚਲੇ ਤੱਥ। ਪਰ 1960 ਦੇ ਅੰਤ ਵਿੱਚ ਬਹੁਤ ਸਾਰੇ ਵਿਦਵਾਨਾਂ ਤੇ ਵਿਚਾਰਕਾਂ ਨੇ ਪਰੰਪਰਿਕ ਲੋਕ ਪ੍ਰਸ਼ਾਸਨ ਨੂੰ ਚੁਣੌਤੀ ਦਿੱਤੀ। ਇਸ ਨੂੰ ਲੋਕ ਪ੍ਰਸ਼ਾਸਨ ਵਿਚ ਇਕ ਅਗਾਂਹਵਧੂ ਪਰਿਵਰਤਨ ਦੇ ਰੂਪ ਵਿਚ ਵਿਚਾਰਿਆ ਗਿਆ ਕਿਉਂਕਿ ਨਵੇਂ ਲੋਕ ਪ੍ਰਸ਼ਾਸਨ ਦੀ ਪ੍ਰੋੜ੍ਹਤਾ ਕਰਨ ਵਾਲੇ ਮੌਜੂਦਾ ਲੋਕ ਪ੍ਰਸ਼ਾਸਨ ਦਾ ਰੂਪ ਬਦਲਣਾ ਚਾਹੁੰਦੇ ਸਨ, ਇਸਦੇ ਸਿਧਾਂਤ ਅਤੇ ਵਿਵਹਾਰ ਨੂੰ ਆਪਣੇ ਆਲੇ-ਦੁਆਲੇ ਦੇ ਬਦਲਦੇ ਵਾਤਾਵਰਣ ਨਾਲ ਵਧੇਰੇ ਸੰਬੰਧਿਤ ਬਣਾਉਣਾ ਚਾਹੁੰਦੇ ਸਨ।

### 1.1.1.3 ਲੋਕ ਪ੍ਰਸ਼ਾਸਨ : ਅਰਥ ਅਤੇ ਪਰਿਭਾਸ਼ਾ

ਲੋਕ ਪ੍ਰਸ਼ਾਸਨ ਨੂੰ ਸਮਝਣ ਲਈ ਇਸ ਦੇ ਸ਼ਾਬਦਿਕ ਅਰਥ ਜਾਣਨੇ ਜ਼ਰੂਰੀ ਹਨ। 'ਲੋਕ ਪ੍ਰਸ਼ਾਸਨ' ਬਾਰੇ ਵੱਖ ਵੱਖ ਵਿਚਾਰਵਾਨਾਂ ਦੇ ਵੱਖੋ-ਵੱਖਰੇ ਵਿਚਾਰ ਹਨ। 'ਲੋਕ' (Public) ਅਤੇ ਪ੍ਰਸ਼ਾਸਨ (Administration) ਦੋ ਸ਼ਬਦਾਂ ਨੂੰ ਮਿਲਾ ਕੇ ਬਣਾਏ ਗਏ ਸ਼ਬਦ 'ਲੋਕ ਪ੍ਰਸ਼ਾਸਨ' ਤਹਿਤ ਜਨਤਕ ਕਾਰਜਾਂ ਦਾ ਪ੍ਰਬੰਧ ਸਰਕਾਰ ਦੀ ਆਪਣੀ ਚਲਾਈ ਗਈ ਕਿਸੇ ਏਜੰਸੀ ਦੁਆਰਾ ਕੀਤਾ ਜਾਂਦਾ ਹੈ।

### 1.1.3.1 ਪ੍ਰਸ਼ਾਸਨ (Administration) ਸ਼ਬਦ ਦਾ ਅਰਥ :

'ਪ੍ਰਸ਼ਾਸਨ' ਨੂੰ ਅੰਗ੍ਰੇਜ਼ੀ ਵਿਚ ਐਡਮਿਨਿਸਟਰੇਸ਼ਨ ਆਖਦੇ ਹਨ ਜੋ ਲਾਤੀਨੀ ਭਾਸ਼ਾ ਦੇ ਦੋ ਸ਼ਬਦ 'ਐਡ (ad) ਅਤੇ ਮਨਿਸਟੇਅਰ' (Ministaire) ਨੂੰ ਮਿਲ ਕੇ ਬਣਿਆ ਹੈ। ਇਸ ਦਾ ਅਰਥ ਕਾਰਜ ਦਾ ਪ੍ਰਬੰਧ ਜਾਂ ਦੇਖ-ਭਾਲ ਕਰਨਾ ਹੈ। ਇਸ ਤੋਂ ਸਾਰੇ ਕੰਮ ਦਾ ਪ੍ਰਬੰਧ ਕਰਨਾ ਭਾਵ ਵੀ ਲਿਆ ਜਾ ਸਕਦਾ ਹੈ। ਆਧੁਨਿਕ ਜੀਵਨ ਦੀਆਂ ਲੋੜਾਂ ਗੁੰਝਲਦਾਰ ਹੋਣ ਕਾਰਨ, ਸਮੂੰਹ ਮਨੁੱਖੀ ਗਤੀਵਿਧੀਆਂ ਸਾਂਝੀਆਂ ਅਤੇ ਸਹਿਯੋਗੀ ਹੋਣ ਕਰਕੇ ਸਰਕਾਰੀ ਅਤੇ ਨਿੱਜੀ ਸਭ ਸੰਗਠਨਾਂ ਵਿੱਚ ਪ੍ਰਸ਼ਾਸਨ ਦੀ ਲੋੜ ਹੈ। ਫਿਫਨਰ (Pfiffner) ਦੇ ਅਨੁਸਾਰ "ਪ੍ਰਸ਼ਾਸਨ ਨਿਸ਼ਾਨਿਆਂ ਦੀ ਪ੍ਰਾਪਤੀ ਲਈ ਮਨੁੱਖੀ ਅਤੇ ਪਦਾਰਥਕ ਵਸੀਲਿਆਂ ਨੂੰ ਸੰਗਠਿਤ ਅਤੇ ਨਿਰਦੇਸ਼ਤ ਕਰਨ ਦਾ ਨਾਂ ਹੈ।" ਇਸ ਨਿਸ਼ਚੇ ਨੂੰ ਹੋਰ ਪੱਕਾ ਕਰਦਿਆਂ ਹੋਇਆਂ ਨੀਗਰੋ (Nigro) ਵੀ ਕਹਿੰਦਾ ਹੈ, "ਮਨੁੱਖ ਅਤੇ ਵਸੀਲਿਆਂ ਦੀ ਵਰਤੋਂ ਨਾਲ ਇਸੇ ਟੀਚੇ ਨੂੰ ਹਾਸਲ ਕਰਨਾ ਹੀ ਪ੍ਰਸ਼ਾਸਨ ਹੈ।" ਸਾਈਮਨ (Simon) ਦੇ ਸ਼ਬਦਾਂ ਵਿੱਚ ਸਾਡੇ ਕੰਮ ਨੂੰ ਸਿਰੇ ਚਾੜ੍ਹਨ ਲਈ ਸਮੂਹਿਕ ਗਤੀਵਿਧੀਆਂ ਹੀ ਪ੍ਰਸ਼ਾਸਨ ਦੀ ਪਰਿਭਾਸ਼ਾ ਹਨ।

ਇਸੇ ਲਈ ਮਿੱਥੇ ਟੀਚਿਆਂ ਨੂੰ ਹਾਸਲ ਕਰਨ ਲਈ ਮਨੁੱਖੀ ਕੋਸ਼ਿਸ਼ਾਂ ਦਾ ਵਾਜਬ ਸੰਗਠਨ ਹੀ ਪ੍ਰਸ਼ਾਸਨ ਹੈ। ਮਨੁੱਖ ਇਕ ਸਮਾਜਿਕ ਜੀਵ ਹੋਣ ਦੇ ਨਾਤੇ ਚਾਹੁੰਦਾ ਹੈ ਕਿ ਉਸ ਦੀਆਂ ਕਿਰਿਆਵਾਂ ਠੀਕ ਢੰਗ ਨਾਲ ਸੰਗਠਿਤ ਅਤੇ ਪ੍ਰਬੰਧਤ ਹੋਣ। ਇਸ ਤਰ੍ਹਾਂ ਜਿੰਦਗੀ ਦੇ ਹਰ ਖੇਤਰ ਵਿੱਚ ਪ੍ਰਸ਼ਾਸਨ ਦੀ ਅਵਸ਼ਕਤਾ ਜਨਮ ਲੈਂਦੀ ਹੈ। ਸ਼ਾਂਤੀ ਭਰਪੂਰ ਜੀਵਨ ਗੁਜ਼ਾਰਨ ਲਈ ਵੀ ਮਨੁੱਖੀ ਗਤੀਵਿਧੀ ਦਾ ਸੰਗਠਿਤ ਅਤੇ ਪ੍ਰਬੰਧਤ ਹੋਣਾ ਜ਼ਰੂਰੀ ਹੈ। ਪ੍ਰਸ਼ਾਸਨ ਇਸ ਤਰ੍ਹਾਂ ਹਰ ਮਨੁੱਖੀ ਸਮੂਹ ਲਈ ਲੋੜੀਂਦਾ ਹੈ ਅਤੇ ਇਸ ਵਿਚ ਮਨੁੱਖ ਅਤੇ ਪਦਾਰਥ ਦਾ ਉਚਿਤ ਸੰਗਠਨ ਅਤੇ ਪ੍ਰਬੰਧ ਸ਼ਾਮਲ ਹਨ।

### 1.1.1.3.2 'ਲੋਕ' (Public) ਸ਼ਬਦ ਦਾ ਅਰਥ :

'ਲੋਕ' ਜਾਂ 'ਜਨਤਾ' ਜਿਸ ਦਾ ਅੰਗਰੇਜ਼ੀ ਅਨੁਵਾਦ 'ਪਬਲਿਕ' (Public) ਹੈ ਕਿਸੇ ਖਾਸ ਇਲਾਕੇ ਜਾਂ ਰਾਜ ਦੇ ਵਾਸੀਆਂ ਦੇ ਸਮੂਹ ਦਾ ਨਾਂ ਹੈ। ਕਿਉਂ ਜੋ ਸਰਕਾਰ ਰਾਜ ਅਤੇ ਲੋਕ ਇੱਛਾ ਦੀ ਪ੍ਰਤੀਨਿਧਤਾ ਕਰਦੀ ਹੈ, ਇਸ ਲਈ ਪਬਲਿਕ ਸ਼ਬਦ ਨੂੰ ਵਿਸ਼ੇਸ਼ ਅਰਥ ਦਿੱਤੇ ਜਾ ਸਕਦੇ ਹਨ ਯਾਨੀ ਸਰਕਾਰ ਨਾਲ ਸੰਬੰਧਿਤ ਜਾਂ ਸਰਕਾਰੀ। ਇਸ ਤਰ੍ਹਾਂ ਕੇਂਦਰੀ, ਪ੍ਰਾਂਤਕ ਜਾਂ ਸਥਾਨਕ ਪੱਧਰ ਤੇ ਕੇਂਦ੍ਰਿਤ ਜਾਂ ਵਿਕੇਂਦ੍ਰਿਤ ਰੂਪ ਵਿੱਚ ਸਰਕਾਰ ਦੁਆਰਾ ਕੀਤੇ ਪ੍ਰਬੰਧ ਨੂੰ ਸਰਕਾਰੀ ਪ੍ਰਸ਼ਾਸਨ ਦਾ ਨਾਂ ਵੀ ਦਿੱਤਾ ਜਾ ਸਕਦਾ ਹੈ ਅਤੇ ਜਦੋਂ ਪ੍ਰਸ਼ਾਸਨ ਆਪਣੇ ਨਿੱਜੀ ਮੰਤਵਾਂ ਦੀ ਪ੍ਰਾਪਤੀ ਲਈ ਕਿਸੇ ਘਰ, ਕਲੱਬ, ਕੰਪਨੀ, ਕਾਰਪੋਰੇਸ਼ਨ ਆਦਿ ਪ੍ਰਾਈਵੇਟ ਸੰਸਥਾਵਾਂ ਦਾ ਹੋਵੇ ਤਾਂ ਉਸ ਨੂੰ ਨਿੱਜੀ ਪ੍ਰਸ਼ਾਸਨ ਆਖਿਆ ਜਾਂਦਾ ਹੈ।

### 1.1.1.3.3 'ਲੋਕ ਪ੍ਰਸ਼ਾਸਨ' (Public Administration) ਪਦ ਸੰਬੰਧੀ ਪਰਿਭਾਸ਼ਾਵਾਂ ਅਤੇ ਉਨ੍ਹਾਂ ਦਾ ਵਿਸ਼ਲੇਸ਼ਣ:-

ਪ੍ਰਸ਼ਾਸਨ ਵਾਂਗ ਲੋਕ ਪ੍ਰਸ਼ਾਸਨ ਦੀਆਂ ਵੀ ਵੱਖੋ-ਵੱਖ ਲੇਖਕਾਂ ਦਵਾਰਾ ਵੱਖੋ-ਵੱਖਰੀਆਂ ਪਰਿਭਾਸ਼ਾਵਾਂ ਦਿੱਤੀਆਂ ਗਈਆਂ ਹਨ -ਪ੍ਰੋ: ਐਲ.ਡੀ. ਵਾਇਟ (L.D. White) ਦੇ ਅਨੁਸਾਰ, ਲੋਕ ਪ੍ਰਸ਼ਾਸਨ ਵਿੱਚ ਉਹ ਸਾਰੀਆਂ ਕਿਰਿਆਵਾਂ ਸ਼ਾਮਲ ਹਨ ਜਿਨ੍ਹਾਂ ਦਾ ਉਦੇਸ਼ ਲੋਕ ਨੀਤਿ ਨੂੰ ਕਾਰਜ ਰੂਪ ਵਿੱਚ ਲਿਆਉਣ ਜਾਂ ਉਸ ਨੂੰ ਲਾਗੂ ਕਰਨ ਨਾਲ ਹੈ।ਵੁਡਰੋ ਵਿਲਸਨ (Woodrow Wilson) ਲਿਖਦਾ ਹੈ, "ਕਾਨੂੰਨ ਨੂੰ ਵਿਸਥਾਰ ਪੂਰਵਕ ਅਤੇ ਠੀਕ ਢੰਗ ਨਾਲ ਅਮਲ ਵਿਚ ਲਿਆਉਣ ਲਈ ਸਰਕਾਰੀ ਕਾਰਵਾਈ ਨੂੰ ਲੋਕ ਪ੍ਰਸ਼ਾਸਨ ਆਖਦੇ ਹਨ।"ਵਾਲਡੋ (Waldo) ਦ ਮੱਤ ਅਨੁਸਾਰ, "ਲੋਕ ਪ੍ਰਸ਼ਾਸਨ ਪ੍ਰਬੰਧ ਦੀ ਕਲਾ ਅਤੇ ਉਸ ਦਾ ਵਿਗਿਆਨ ਹੈ ਜਿਹੜਾ ਰਾਜ-ਕਾਜ ਦੇ ਮਾਮਲਿਆਂ ਲਈ ਵਰਤਿਆ ਜਾਂਦਾ ਹੈ।"

ਪਰਸੀ ਮੈਕੁਇਨ (Percy Mcquium) ਦਾ ਕਥਨ ਹੈ, "ਲੋਕ ਪ੍ਰਸ਼ਾਸਨ ਸਰਕਾਰੀ ਕਿਰਿਆਵਾਂ ਨਾਲ ਸੰਬੰਧਤ ਹੈ, ਭਾਵੇਂ ਉਹ ਕੇਂਦਰੀ ਹੋਣ ਜਾਂ ਸਥਾਨਿਕ।"

ਡਿਮੋਕ (Dimock) ਅਨੁਸਾਰ, "ਲੋਕ ਪ੍ਰਸ਼ਾਸਨ ਸਰਕਾਰ ਦੇ, 'ਕੀ' ਅਤੇ 'ਕਿਵੇਂ' ਨਾਲ ਸੰਬੰਧ ਰੱਖਦਾ ਹੈ। ਕਿਉਂਕਿ 'ਕੀ' ਉਸ ਖੇਤਰ ਦਾ ਤਕਨੀਕੀ ਗਿਆਨ ਹੈ, ਜੋ ਪ੍ਰਬੰਧਕ ਨੂੰ ਆਪਣੇ ਕੰਮ ਕਰਨ ਵਿੱਚ ਸਹਾਈ ਹੁੰਦਾ ਹੈ, 'ਕਿਵੇਂ' ਪ੍ਰਬੰਧ ਦੇ ਤਰੀਕੇ ਅਤੇ ਸਿਧਾਂਤ

ਹਨ ਜਿਸ ਅਨੁਸਾਰ ਸਮੂਹਿਕ ਕਾਰਜਕ੍ਰਮਾਂ ਨੂੰ ਸਫਲਤਾ ਨਾਲ ਸਿਰ੍ਹੇ ਚਾੜ੍ਹਿਆ ਜਾਂਦਾ ਹੈ।

ਲੂਥਰ ਗੁਲਿਕ (Luther Gulick) ਕਹਿੰਦਾ ਹੈ, "ਪ੍ਰਸ਼ਾਸਨ ਦਾ ਮਤਲਬ ਸਿਰਫ਼ ਕੰਮ ਨੂੰ ਸਿਰੇ ਚੜਾਉਣਾ ਹੈ। ਲੋਕ ਪ੍ਰਸ਼ਾਸਨ ਪ੍ਰਬੰਧਕ ਵਿਗਿਆਨ ਦਾ ਉਹ ਹਿੱਸਾ ਹੈ ਜਿਸ ਦਾ ਸੰਬੰਧ ਸਰਕਾਰ ਨਾਲ ਹੈ, ਇਸ ਲਈ ਇਸ ਦਾ ਮੁੱਖ ਤੌਰ ਤੇ ਸੰਬੰਧ ਉਸ ਕਾਰਜਕਾਰੀ ਸ਼ਾਖਾ ਨਾਲ ਹੈ ਜਿਥੇ ਸਰਕਾਰੀ ਕੰਮ ਨੇਪਰੇ ਚਾੜ੍ਹਿਆ ਜਾਂਦਾ ਹੈ ਭਾਵੇਂ ਇਸ ਵਿੱਚ ਆਧੁਨਿਕ ਅਤੇ ਨਿਆਂ ਸੰਬੰਧੀ ਸਮੱਸਿਆਵਾਂ ਬਾਰੇ ਵੀ ਵਿਚਾਰ ਕੀਤਾ ਜਾਂਦਾ ਹੈ।

ਸਾਈਮਨ (Simon) ਇਸ ਵਿਚਾਰ ਦੀ ਪੁਸ਼ਟੀ ਕਰਦਾ ਹੋਇਆ ਕਹਿੰਦਾ ਹੈ, ਆਮ ਸ਼ਬਦਾਂ ਵਿੱਚ ਲੋਕ ਪ੍ਰਸ਼ਾਸਨ ਦਾ ਅਰਥ ਕੇਂਦਰੀ, ਪ੍ਰਾਂਤਿਕ ਅਤੇ ਸਥਾਨਿਕ ਸਰਕਾਰ ਦੀਆਂ ਕਾਰਜਕਾਰੀ ਗਤੀਵਿਧੀਆਂ ਦਾ ਅਧਿਐਨ ਹੈ।"

ਵਿਲੋਬੀ (Willoughby) ਲਿਖਦਾ ਹੈ, ਸ਼ਬਦ 'ਪ੍ਰਸ਼ਾਸਨ' ਰਾਜਨੀਤਿਕ ਵਿਗਿਆਨ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਵਿਸ਼ਾਲ ਅਰਥਾਂ ਵਿਚ ਇਹ ਸ਼ਬਦ ਸ਼ਾਸ਼ਨ ਸੰਬੰਧੀ ਮਾਮਲਿਆਂ ਦੇ ਵਾਸਤਵਿਕ ਪਰਿਚਾਲਨ ਨਾਲ ਸੰਬੰਧ ਰੱਖਦਾ ਹੈ : ਸੰਕੁਚਿਤ ਜਾਂ ਸੀਮਾਂਤ ਅਰਥਾਂ ਵਿਚ ਇਹ ਪ੍ਰਸ਼ਾਸ਼ਕੀ ਵਿਭਾਗ ਦੇ ਕੰਮਾਂ ਦਾ ਹੀ ਸੰਕੇਤ ਦੇਵੇਗਾ। ਲੋਕ ਪ੍ਰਸ਼ਾਸਨ ਦੇ ਵਿਦਿਆਰਥੀ ਹੋਣ ਦੇ ਨਾਤੇ ਸਾਡਾ ਸੰਬੰਧ ਇਸ ਸ਼ਬਦ ਦੇ ਕੇਵਲ ਸੰਕੁਚਿਤ ਅਰਥ ਨਾਲ ਹੀ ਹੈ।

ਉਪਰ ਦਿੱਤੀਆਂ ਪਰਿਭਾਸ਼ਾਵਾਂ ਦੇ ਅਧਿਐਨ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸ਼ਬਦ 'ਲੋਕ ਪ੍ਰਸ਼ਾਸਨ' ਦੋ ਅਰਥਾਂ ਵਿਚ ਵਰਤਿਆ ਗਿਆ ਹੈ। ਵਾਈਟ, ਵੁਡਰੋ ਵਿਲਸਨ, ਫਿਫਨਰ, ਵਾਲਡੋ ਅਤੇ ਡਿਮੋਕ ਆਦਿ ਲੇਖਕਾਂ ਨੇ ਇਸ ਦਾ ਵਿਸ਼ਾਲ ਅਰਥ ਲਿਆ ਹੈ ਅਤੇ ਇਨ੍ਹਾਂ ਦੇ ਅਨੁਸਾਰ ਸਰਕਾਰ ਦੀ ਸਾਰੀ ਕਾਰਵਾਈ ਭਾਵੇਂ ਉਹ ਵਿਧਾਨਿਕ ਮਾਮਲਿਆਂ ਨਾਲ ਸੰਬੰਧ ਰੱਖਦੀ ਹੈ ਭਾਵੇਂ ਕਾਰਜਕਾਰੀ ਜਾਂ ਅਦਾਲਤੀ ਮਾਮਲਿਆਂ ਨਾਲ, ਲੋਕ ਪ੍ਰਸ਼ਾਸਨ ਵਿਚ ਸ਼ਾਮਲ ਹੈ। ਦੂਜੇ ਪਾਸੇ ਲੂਥਰ ਗੁਲਕ, ਸਾਈਮਨ, ਵਿਲੋਬੀ ਅਤੇ ਹੋਰ ਕਈ ਲੇਖਕਾਂ ਨੇ ਇਸ ਦਾ ਸੰਕੁਚਿਤ ਅਰਥ ਲਿਆ ਹੈ। ਉਨ੍ਹਾਂ ਦੇ ਅਨੁਸਾਰ ਲੋਕ ਪ੍ਰਸ਼ਾਸਨ ਕੇਵਲ ਕਾਰਜਕਾਰੀ ਸ਼ਾਖਾ ਦੇ ਕੰਮ ਨਾਲ ਹੀ ਸਬੰਧਤ ਹੈ। ਵਿਸ਼ਾਲ ਅਰਥ ਨੂੰ ਸੰਪੂਰਨ ਵਿਚਾਰ ਆਖਿਆ ਜਾਂਦਾ ਹੈ ਅਤ ਸੰਕੁਚਿਤ ਨੂੰ ਪ੍ਰਬੰਧਕੀ ਵਿਚਾਰ ਆਖਿਆ ਜਾਂਦਾ ਹੈ।

ਭਾਵੇਂ ਇਨ੍ਹਾਂ ਦੋਹਾਂ ਦੇ ਪੱਖ ਵਿੱਚ ਕੁਝ ਕਿਹਾ ਜਾ ਸਕਦਾ ਹੈ ਪਰ ਫਿਰ ਵੀ ਕਿਸੇ ਇਕ ਵਿਚਾਰ ਨੂੰ ਪੂਰੀ ਤਰ੍ਹਾਂ ਸਵੀਕਾਰ ਨਹੀਂ ਕੀਤਾ ਜਾ ਸਕਦਾ। ਸਾਰੇ ਸਰਕਾਰੀ ਵਿਭਾਗ ਇਕ ਦੂਜੇ ਤੇ ਨਿਰਭਰ ਕਰਦੇ ਹਨ ਅਤੇ ਉਨ੍ਹਾਂ ਵਿਚ ਕਈ ਕਾਰਵਾਈਆਂ ਸਾਂਝੀਆਂ ਹੁੰਦੀਆਂ ਹਨ। ਜੇ ਇਹ ਮੰਨ ਲਿਆ ਜਾਵੇ ਕਿ ਲੋਕ ਨੀਤੀ ਅਤੇ ਕਾਨੂੰਨ ਨੂੰ ਲਾਗੂ ਕਰਨਾ ਹੀ ਲੋਕ ਪ੍ਰਸ਼ਾਸਨ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਇਹ ਸਿਰਫ ਨੀਤੀ ਨੂੰ ਲਾਗੂ ਕਰਨ ਤਕ ਹੀ ਸੀਮਤ ਹੈ। ਅਸਲ ਵਿਚ ਲੋਕ ਪ੍ਰਸ਼ਾਸਨ ਲੋਕ ਨੀਤੀ ਨੂੰ ਅਮਲ ਵਿਚ ਲਿਆਉਣ ਅਤੇ ਕੁਝ ਹੱਦ ਤੱਕ ਯੋਜਨਾਬੰਦੀ ਕਰਨ ਤੇ ਲੋਕ ਨੀਤੀ ਨੂੰ ਘੜਨ ਨਾਲ ਵੀ ਸੰਬੰਧ ਰੱਖਦਾ ਹੈ। ਵਿਧਾਨ ਮੰਡਲ ਨੂੰ ਲੋਕ ਨੀਤੀ ਘੜਨ ਲਈ ਕਾਰਜਕਾਰੀ ਤੇ ਨਿਰਭਰ ਹੋਣਾ ਪੈਂਦਾ ਹੈ ਕਿਉਂਕਿ :

1.ਰਾਜਨੀਤਕ ਮੁਖੀਆ ਪ੍ਰਬੰਧਕ ਦੇ ਦਿੱਤੇ ਹੋਏ ਸੁਝਾਵਾਂ ਅਤੇ ਤੱਥਾਂ ਦੇ ਆਧਾਰ ਤੇ ਨੀਤੀ ਦਾ ਨਿਰਮਾਣ ਕਰਦਾ ਹੈ।

2.ਵਿਧਾਨ ਮੰਡਲ ਸਿਰਫ ਨੀਤੀ ਦੀ ਰੂਪ-ਰੇਖਾ ਪਾਸ ਕਰਦਾ ਹੈ ਅਤੇ ਬਾਕੀ ਦੇ ਵਿਸਥਾਰ ਦੀ ਪੂਰਤੀ ਲੋੜ ਅਨੁਸਾਰ ਪ੍ਰਬੰਧਕ ਕਰਦੇ ਹਨ।

3.ਸਾਰੀਆਂ ਵਿਧਾਨਿਕ ਸੋਧਾਂ ਕਾਰਜ ਪਾਲਕਾ ਨੂੰ ਆਈਆਂ ਔਕੜਾਂ ਨੂੰ ਧਿਆਨ ਵਿਚ ਰੱਖਕੇ ਕੀਤੀਆਂ ਜਾਂਦੀਆਂ ਹਨ ਅਤੇ ਆਮ ਤੌਰ ਤੇ ਉਹ ਪ੍ਰਸ਼ਾਸਨ ਵਲੋਂ ਹੀ ਪੇਸ਼ ਕੀਤੀਆਂ ਜਾਂਦੀਆਂ ਹਨ ਕਿਉਂਕਿ ਜੋ ਉਨ੍ਹਾਂ ਨੂੰ ਹੀ ਨਿਤਾ ਪ੍ਰਤੀ ਆਈਆਂ ਔਕੜਾਂ ਦੀ ਰੌਸ਼ਨੀ ਵਿੱਚ ਲੋੜੀਂਦੀ ਤਬਦੀਲੀ ਜਾਂ ਸੁਧਾਈ ਦਾ ਬੋਧ ਹੁੰਦਾ ਹੈ।

4.ਨੀਤੀ ਨਿਰਧਾਰਨ ਸਿਰਫ ਸਰਕਾਰ ਦੇ ਸਭ ਤੋਂ ਉੱਚੇ ਪੱਧਰ ਜਾਂ ਰਾਜਨੀਤਿਕ ਪੱਧਰ ਤੇ ਹੀ ਨਹੀਂ ਹੁੰਦੀ ਸਗੋਂ ਇਸ ਨੂੰ ਲਾਗੂ ਕਰਦੇ ਸਮੇਂ ਪ੍ਰਬੰਧਕੀ ਤਰਤੀਬ ਵਿੱਚ ਹਰ ਪੱਧਰ ਦਾ ਦਖ਼ਲ ਹੁੰਦਾ ਹੈ।

ਇਸ ਤੋਂ ਇਹ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪ੍ਰਬੰਧਕੀ ਔਕੜਾਂ ਸਿਰਫ਼ ਕਾਰਜਕਾਰੀ ਸ਼ਾਖਾ ਤੱਕ ਹੀ ਸੀਮਿਤ ਹਨ ਸਗੋਂ ਕਾਨੂੰਨੀ ਅਤੇ ਅਦਾਲਤੀ ਵਿਭਾਗਾਂ ਵਿੱਚ ਕੁਝ ਖਾਸ ਪ੍ਰਬੰਧਕੀ ਕਾਰਜ ਸ਼ਾਮਲ ਹਨ। ਉਦਾਹਰਣ ਦੇ ਤੌਰ ਤੇ ਵਿਧਾਨ ਮੰਡਲ ਦਾ ਇਜਲਾਸ ਬੁਲਾਉਣਾ ਅਤੇ ਇਸ ਨੂੰ ਭੰਗ ਕਰਨਾ, ਇਜਲਾਸ ਵਿੱਚ ਅਨੁਸ਼ਾਸ਼ਨ ਕਾਇਮ ਰੱਖਣਾ ਅਤੇ ਵਿਧਾਨ ਮੰਡਲ ਵੱਲੋਂ ਪਾਸ ਕੀਤੇ ਬਿਲ ਅਧਿਨਿਯਮ ਕਿਤਾਬ (Statute Book) ਵਿੱਚ ਦਾਖਲ ਕਰਨੇ ਆਦਿ ਪ੍ਰਬੰਧਕੀ ਢੰਗ ਦੀਆਂ ਕਿਰਿਆਵਾਂ ਹਨ। ਇਸੇ ਤਰ੍ਹਾਂ ਨਿਆਂ ਪਾਲਿਕਾਂ ਵਿੱਚ ਉੱਚ ਅਦਾਲਤ ਵੱਲੋਂ ਹੇਠਲੀ ਅਦਾਲਤ ਦੀ ਦੇਖਭਾਲ, ਨਿਰੀਖਣ ਅਤੇ ਦਫ਼ਤਰੀ ਕਾਰਜ ਪ੍ਰਬੰਧਕੀ ਕਿਸਮ ਦੇ ਕਾਰਜ ਹਨ।

ਇਸ ਲਈ ਸਾਰੀਆਂ ਗੱਲਾਂ ਦਾ ਧਿਆਨ ਰੱਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਲੋਕ ਪ੍ਰਸ਼ਾਸਨ ਸਰਕਾਰ ਦੀ ਕਾਰਜਕਾਰੀ ਸ਼ਾਖਾ ਦੀਆਂ ਸਮੁੱਚੀਆਂ ਅਤੇ ਵਿਧਾਨ ਮੰਡਲ, ਨਿਆਂ ਪਾਲਿਕਾ ਦੀਆਂ ਪ੍ਰਬੰਧਕੀ ਕਿਸਮ ਦੀਆਂ ਕਾਰਵਾਈਆਂ ਨਾਲ ਸੰਬੰਧਿਤ ਹੈ। ਐਮ. ਪੀ. ਸ਼ਰਮਾ

(M.P. Sharma) ਨੇ ਠੀਕ ਕਿਹਾ ਹੈ, "ਸਮੁੱਚੀ ਸਰਕਾਰ ਦਾ ਕਾਰਜਸ਼ੀਲ ਹੋਣਾ, ਲੋਕ ਪ੍ਰਸ਼ਾਸਨ ਤੋਂ ਘੱਟ ਨਹੀਂ।"

**ਸਵੈ-ਪਰਖ ਪ੍ਰਸ਼ਨਾਵਲੀ-ਪਹਿਲੀ**

**ਨੋਟ : ਆਪਣੇ ਉੱਤਰ ਪਾਠ ਦੇ ਅੰਤ ਵਿੱਚ ਦਿੱਤੇ ਗਏ ਉੱਤਰਾਂ ਨਾਲ ਜਾਂਚ ਸਕਦੇ ਹੋ।**

1. **"ਲੋਕ ਪ੍ਰਸ਼ਾਸਨ ਵਿੱਚ ਉਹ ਸਾਰੀਆਂ ਕਿਰਿਆਵਾਂ ਸ਼ਾਮਲ ਹਨ, ਜਿਨ੍ਹਾਂ ਦਾ ਉਦੇਸ਼ ਲੋਕ ਨੀਤੀ ਨੂੰ ਕਾਰਜ ਰੂਪ ਵਿੱਚ ਲਿਆਉਣਾ ਜਾਂ ਉਸ ਨੂੰ ਲਾਗੂ ਕਰਨਾ ਹੈ।" ਇਸ ਦੇ ਪਰਿਭਾਸ਼ਕ ਦਾ ਨਾਮ ਦੱਸੋ**

2. **"ਲੋਕ ਪ੍ਰਸ਼ਾਸਨ" ਸ਼ਬਦ ਦਾ ਅਰਥ ਆਪਣੇ ਸ਼ਬਦਾਂ ਵਿੱਚ ਲਿਖੋ।**

### 1.1.4 ਲੋਕ ਪ੍ਰਸ਼ਾਸਨ ਦੀ ਪ੍ਰਕ੍ਰਿਤੀ (Nature of Public Administration) :

ਲੋਕ ਪ੍ਰਸ਼ਾਸਨ ਦੀ ਪਰਿਭਾਸ਼ਾ ਦੀ ਤਰ੍ਹਾਂ ਇਸ ਦੀ ਪ੍ਰਕ੍ਰਿਤੀ ਬਾਰੇ ਵੀ ਦੋ ਤਰ੍ਹਾਂ ਦੇ ਵਿਚਾਰ ਹਨ। ਲੋਕ ਪ੍ਰਸ਼ਾਸਨ ਦੀ ਪਰਿਭਾਸ਼ਾ ਬਾਰੇ ਵਿਸ਼ਾਲ ਦ੍ਰਿਸ਼ਟੀਕੋਣ ਨੂੰ "ਪੂਰਨ ਵਿਚਾਰ" ਆਖਿਆ ਜਾਂਦਾ ਹੈ ਅਤੇ ਸੌੜੇ ਦ੍ਰਿਸ਼ਟੀਕੋਣ ਨੂੰ "ਪ੍ਰਬੰਧਕੀ ਵਿਚਾਰ" ਆਖਦੇ ਹਨ।

### 1.1.4.1 ਪੂਰਨ ਵਿਚਾਰ (Integral View) :

ਇਸ ਵਿਚਾਰ ਦੇ ਸਮਰੱਥਕਾਂ ਅਨੁਸਾਰ ਲੋਕ ਪ੍ਰਸ਼ਾਸਨ ਨੀਤੀ ਦੇ ਅਨੁਸਰਣ ਅਤੇ ਪੂਰਤੀ ਲਈ ਵਰਤੀਆਂ ਗਈਆਂ ਗਤੀਵਿਧੀਆਂ ਦਾ ਜੋੜ ਹੈ। ਇਸ ਤਰ੍ਹਾਂ ਮਿੱਥੇ ਨਿਸ਼ਾਨਿਆਂ ਨੂੰ ਪ੍ਰਾਪਤ ਕਰਨ ਲਈ ਕੀਤੀਆਂ ਗਈਆਂ ਸਾਰੀਆਂ ਦਸਤੀ, ਲਿਖਤੀ, ਤਕਨੀਕੀ ਅਤੇ ਪ੍ਰਬੰਧਕੀ ਕਾਰਵਾਈਆਂ ਦਾ ਦੂਜਾ ਨਾਂ ਪ੍ਰਸ਼ਾਸਨ ਹੈ। ਵਿਸਤ੍ਰਿਤ ਰੂਪ ਵਿੱਚ ਸਰਕਾਰ ਦੀਆਂ ਕਾਰਵਾਈਆਂ ਭਾਵੇਂ ਉਹ ਕਾਰਜਕਾਰੀ ਹਨ ਅਤੇ ਵਿਧਾਨੀ ਜਾਂ ਅਦਾਲਤੀ, ਲੋਕ ਪ੍ਰਸ਼ਾਸਨ ਵਿੱਚ ਸ਼ਾਮਲ ਹਨ। ਐਲ.ਡੀ. ਵਾਈਟ, ਵੁਡਰੋ ਵਿਲਸਨ, ਡਿਮੋਕ ਅਤੇ ਫਿਫਨਰ ਜਿਹੇ ਮਹਾਨ ਲੇਖਕ ਇਸ ਵਿਚਾਰ ਦੇ ਸਮਰਥਕ ਹਨ। ਵਾਈਟ (White) ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ। "ਲੋਕ ਪ੍ਰਸ਼ਾਸਨ ਵਿੱਚ ਉਹ ਸਾਰੇ ਕਾਰਜ ਸ਼ਾਮਲ ਹਨ, ਜਿਨ੍ਹਾਂ ਦਾ ਮੰਤਵ ਲੋਕ ਨੀਤੀ ਨੂੰ ਕਾਰਜ ਰੂਪ ਵਿੱਚ ਲਿਆਉਣਾ ਜਾਂ ਲਾਗੂ ਕਰਨਾ ਹੈ।" ਇਸ ਪਰਿਭਾਸ਼ਾ ਦੇ ਅਧੀਨ ਕਈ ਖੇ ਤਰਾਂ ਦੀ ਕਾਰਵਾਈ ਆ ਜਾਂਦੀ ਹੈ ਜਿਵੇਂ ਕਿ ਡਾਕ ਦੀ ਸਪੁਰਦਗੀ, ਜਨਤਕ ਜ਼ਮੀਨ ਦੀ ਵਿਕਰੀ, ਇੱਕ ਜ਼ਖ਼ਮੀ ਕਰਮਚਾਰੀ ਲਈ ਮੁਆਵਜ਼ਾ, ਬੀਮਾਰ ਅਤੇ ਬੇਸਹਾਰਾ ਦੀ ਸਹਾਇਤਾ, ਪਾਰਕ ਵਿੱਚੋਂ ਕੂੜਾ ਚਕਵਾਉਣਾ, ਪਲਟੋਨੀਅਮ (Plotunium) ਬਣਵਾਉਣ ਅਤੇ ਪ੍ਰਮਾਣੂ ਸ਼ਕਤੀ ਦੀ ਖੁਲ੍ਹੇ ਆਮ ਵਰਤੋਂ ਤੇ ਬੰਦਸ਼ ਲਾਉਣੀ ਆਦਿ।

### 1.1.4.2. ਪ੍ਰਬੰਧਕੀ ਵਿਚਾਰ (Managerial View) :

ਪ੍ਰਬੰਧਕੀ ਵਿਚਾਰ ਪੂਰਨ ਵਿਚਾਰ ਦੇ ਉਲਟ ਹੈ ਅਤੇ ਇਸ ਦੇ ਅਨੁਸਾਰ ਸਿਰਫ਼ ਉਨ੍ਹਾਂ ਵਿਅਕਤੀਆਂ ਦੇ ਕੰਮ ਹੀ ਪ੍ਰਸ਼ਾਸਨ ਵਿੱਚ ਸ਼ਾਮਿਲ ਹਨ, ਜੋ ਕਿਸੇ ਸੰਗਠਨ ਦੇ ਪ੍ਰਬੰਧਕੀ ਕੰਮਾਂ ਵਿੱਚ ਰੁੱਝੇ ਹੋਏ ਹੋਣ। ਸਾਈਮਨ, ਸਮਿਥ ਅਤੇ ਥਾਮਸਨ ਨੇ ਇਸ ਵਿਚਾਰ ਨਾਲ ਸਹਿਮਤ ਹੁੰਦਿਆਂ ਹੋਇਆਂ ਕਿਹਾ ਹੈ, "ਇਸ ਸ਼ਬਦ ਨੂੰ ਸੀਮਤ ਦਾਇਰੇ ਵਿੱਚ ਉਸ ਕਿਸਮ ਦੇ ਵਰਤਾਉ ਲਈ ਵੀ ਵਰਤਿਆ ਜਾਂਦਾ ਹੈ, ਜਿਹੜੇ ਕਈ ਤਰ੍ਹਾਂ ਦੇ ਸੰਗਠਿਤ ਸਮੂਹਾਂ ਵਿੱਚ ਆਮ ਹੁੰਦੇ ਹਨ ਅਤੇ ਜਿਹੜੇ ਨਾ ਤਾਂ ਨਿਸ਼ਚਿਤ ਮੰਤਵਾਂ ਤੇ ਅਤੇ ਨਾ ਹੀ ਇਨ੍ਹਾਂ ਮੰਤਵਾਂ ਤੱਕ ਪਹੁੰਚਣ ਲਈ ਵਰਤੇ ਜਾ ਰਹੇ ਖਾਸ ਤਕਨੀਕੀ ਢੰਗਾਂ ਤੇ ਨਿਰਭਰ ਕਰਦੇ ਹਨ।" ਇਸੇ ਵਿਚਾਰ ਦਾ ਪੱਖ ਲੈਂਦੇ ਹੋਏ ਲੂਥਰ ਗੁਲਿਕ (Luther Gulick) ਵੀ ਲਿਖਦਾ ਹੈ ਕਿ ਨਿਰਧਾਰਿਤ ਉਦੇਸ਼ਾਂ ਦੀ ਪ੍ਰਾਪਤੀ ਰਾਹੀਂ ਕੰਮ ਨੂੰ ਨੇਪਰੇ ਚਾੜ੍ਹਨਾ ਹੀ ਪ੍ਰਸ਼ਾਸਨ ਦਾ ਮਕਸਦ ਹੈ। ਦੂਜੇ ਸ਼ਬਦਾਂ ਵਿੱਚ ਇਹ ਮਤ ਲੋਕ ਪ੍ਰਸ਼ਾਸਨ ਨੂੰ ਕੇਵਲ ਕਾਰਜਕਾਰੀ ਸ਼ਾਖਾ ਦੀਆਂ ਕਾਰਵਾਈਆਂ ਤੱਕ ਹੀ ਸੀਮਿਤ ਕਰ ਦਿੰਦਾ ਹੈ।

### 1.1.4.3 ਆਲੋਚਨਾਤਮਕ ਵਿਸ਼ਲੇਸ਼ਣ :

ਇਹ ਦੋਨੋ ਵਿਚਾਰ ਆਪਸ ਵਿੱਚ ਕਈ ਪਹਿਲੂਆਂ ਤੋਂ ਭਿੰਨ-ਭਿੰਨ ਹਨ। ਪੂਰਣ ਵਿਚਾਰ ਵਿੱਚ ਪ੍ਰਸ਼ਾਸਨ ਨਾਲ ਸੰਬੰਧਿਤ ਹਰੇਕ ਵਿਅਕਤੀ ਦੇ ਕਾਰਜ ਸ਼ਾਮਲ ਹਨ, ਜਦੋਂ ਕਿ ਪ੍ਰਬੰਧਕੀ ਵਿਚਾਰ ਪ੍ਰਸ਼ਾਸਨ ਨੂੰ ਸਿਰਫ਼ ਕੁਝ ਕੁ ਉਪਰਲੇ ਵਿਅਕਤੀਆਂ ਦੇ ਕੰਮਾਂ ਤੱਕ ਹੀ ਸੀਮਿਤ ਕਰਦਾ ਹੈ। ਦੂਜੇ ਸ਼ਬਦਾਂ ਵਿੱਚ ਪੂਰਨ ਵਿਚਾਰ ਅਨੁਸਾਰ ਦਸਤੀ, ਪ੍ਰਬੰਧਕੀ, ਤਕਨੀਕੀ ਅਤੇ ਗੈਰ-ਤਕਨੀਕੀ ਸਭ ਤਰ੍ਹਾਂ ਦੀਆਂ ਕਾਰਵਾਈਆਂ ਪ੍ਰਸ਼ਾਸਨ ਵਿੱਚ ਸ਼ਾਮਿਲ ਹਨ। ਜਦੋਂ ਕਿ ਪ੍ਰਬੰਧਕੀ ਵਿਚਾਰ ਆਪਣੇ ਆਪ ਨੂੰ ਇੱਕ ਸੰਗਠਨ ਦੇ ਪ੍ਰਬੰਧਕੀ ਕੰਮਾਂ ਤੱਕ ਹੀ ਸੀਮਿਤ ਰੱਖਦਾ ਹੈ।

ਪਰ ਕਿਸੇ ਵੀ ਇੱਕ ਵਿਚਾਰ ਨੂੰ ਪੂਰੀ ਤਰ੍ਹਾਂ ਸਵੀਕਾਰ ਨਹੀਂ ਕੀਤਾ ਜਾ ਸਕਦਾ। ਚੰਗਾ ਹੋਵੇਗਾ ਜੇ ਅਸੀਂ ਇਨ੍ਹਾਂ ਸ਼ਬਦਾਂ ਨੂੰ ਉਸੇ ਪ੍ਰਯੋਗ ਵਿੱਚ ਸਮਝੀਏ ਜਿਸ ਵਿੱਚ ਉਹ ਵਰਤੇ ਗਏ ਹੋਣ। ਡਿਮੋਕ (Dimock) ਅਤੇ ਕੋਇਨਿੰਗ (Koiening) ਨੇ ਸਾਰੇ ਪੱਖਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਲੋਕ ਪ੍ਰਸ਼ਾਸਨ ਦੀ ਪ੍ਰਕ੍ਰਿਤੀ ਦਾ ਨਿਚੋੜ ਕੱਢਣ ਦਾ ਯਤਨ ਕੀਤਾ ਹੈ। ਉਨ੍ਹਾਂ ਦੇ ਅਨੁਸਾਰ, "ਅਧਿਐਨ ਦੇ ਤੌਰ ਤੇ ਲੋਕ ਪ੍ਰਸ਼ਾਸਨ ਕਾਨੂੰਨਾਂ ਦਾ ਪਾਲਣ ਕਰਨ ਲਈ ਅਤੇ ਲੋਕ ਨੀਤੀ ਨੂੰ ਲਾਗੂ ਕਰਨ ਲਈ ਸਰਕਾਰ ਦੀਆਂ ਕੋਸ਼ਿਸ਼ਾਂ ਦੇ ਹਰ ਪੱਖ ਦੀ ਘੋਖ ਕਰਦਾ ਹੈ। (ਇਸ ਵਿੱਚ ਸ਼ੁਰੂ ਵਿੱਚ ਹੀ ਪ੍ਰੋਗਰਾਮ ਬਣਾਉਣ ਵੇਲੇ ਏਜੰਸੀ ਵਜੋਂ ਦੂਜੀਆਂ ਦੀਆਂ ਕਾਰਵਾਈਆਂ ਨੂੰ ਸੰਗਠਨ ਅਤੇ ਨਿਰਦੇਸ਼ਤ ਕਰਦੀ ਹੈ।)"

### 1.1.5 ਲੋਕ ਪ੍ਰਸ਼ਾਸਨ ਦਾ ਖੇਤਰ (Scope of Public Administration) :

ਲੋਕ ਪ੍ਰਸ਼ਾਸਨ ਦੇ ਖੇਤਰ ਵੱਲ ਨਜ਼ਰ ਮਾਰਦੇ ਹੋਏ ਇਸ ਦੀ ਪਰਿਭਾਸ਼ਾ ਬਾਰੇ ਅਲੱਗ ਰਾਏ ਸਾਡੇ ਸਾਹਮਣੇ ਆਉਂਦੀ ਹੈ। ਵਿਚਾਰਾਂ ਦੀ ਇਹ ਭਿੰਨਤਾ ਇੱਕ ਧੁਰੇ ਦੁਆਲੇ ਘੁੰਮਦੀ ਹੈ ਕਿ ਕੀ ਲੋਕ ਪ੍ਰਸ਼ਾਸਨ ਸਰਕਾਰੀ ਕੰਮ ਦਾ ਸਿਰਫ ਪ੍ਰਬੰਧਕੀ ਹਿੱਸਾ ਹੈ ? ਅਤੇ ਜਾਂ ਸਰਕਾਰ ਹੀ ਕੇਵਲ ਕਾਰਜਕਾਰੀ ਜਾਂ ਹੋਰ ਸਾਰੀਆਂ ਸ਼ਾਖਾਵਾਂ ਦੀ ਸਮੁੱਚੀ ਕਾਰਵਾਈਆਂ ਦਾ ਨਿਚੋੜ ਹੈ। ਬੇਸ਼ੱਕ ਲੋਕ ਪ੍ਰਸ਼ਾਸਨ ਸਰਕਾਰ ਦੀਆਂ ਤਿੰਨਾਂ ਹੀ ਸ਼ਾਖਾਵਾਂ ਨਾਲ ਸੰਬੰਧਤ ਹੈ, ਪਰ ਇਹ ਇੱਕ ਵਿਸ਼ੇ ਦੇ ਰੂਪ ਵਿੱਚ ਕਾਰਜਕਾਰੀ ਸ਼ਾਖਾ ਦੇ ਕੇਵਲ ਥੋੜ੍ਹੇ ਜਿਹੇ ਹਿੱਸੇ ਦਾ ਹੀ ਅਧਿਐਨ ਕਰਦਾ ਹੈ। ਇਸ ਲਈ ਵਿਚਾਰਕ, ਲੋਕ ਪ੍ਰਸ਼ਾਸਨ ਨੂੰ ਵਿਹਾਰਕ ਕਾਰਜਪਾਲਿਕਾ ਕਹਿਣਾ ਬੇਹਤਰ ਸਮਝਦੇ ਹਨ। ਇਸ ਵਿੱਚ ਅਦਾਲਤੀ ਅਤੇ ਵਿਧਾਨਿਕ ਪ੍ਰਸ਼ਾਸਨ ਦਾ ਅਧਿਐਨ ਸ਼ਾਮਿਲ ਨਹੀਂ ਹੈ, ਭਾਵੇਂ ਨੀਤੀ ਲਾਗੂ ਕਰਨ ਵਿੱਚ ਇਨ੍ਹਾਂ ਦੋਹਾਂ ਦਾ ਹਿੱਸਾ ਹੈ।

(ੳ) **ਸਾਧਾਰਣ ਪ੍ਰਸ਼ਾਸਨ (General Administration)**: ਜਿਸ ਦਾ ਕੰਮ ਪ੍ਰਬੰਧਕੀ ਨਿਰੀਖਣ ਕੰਟਰੋਲ ਅਤੇ ਆਦੇਸ਼ ਦੇਣਾ ਹੈ।

(ਅ) **ਸੰਗਠਨ** : ਪ੍ਰਬੰਧਕੀ ਕੰਮ ਦੀ ਪੂਰਤੀ ਲਈ ਸੇਵਾਵਾਂ ਨੂੰ ਸੰਗਠਿਤ ਕਰਨ ਸੰਬੰਧੀ।

(ੲ) **ਅਮਲਾ (Personnel)** : ਵੱਖ-ਵੱਖ ਸੇਵਾਵਾਂ ਅਤੇ ਕਾਰਜਾਂ ਦਾ ਪ੍ਰਬੰਧ ਕਰਨ ਸੰਬੰਧੀ।

(ਸ) **ਸਮੱਗਰੀ (Material)** : ਕਰਮਚਾਰੀਆਂ ਦੇ ਕਰਤੱਵਾਂ ਦੀ ਪਾਲਣਾ ਲਈ ਸਮੱਗਰੀ ਸਪਲਾਈ ਕਰਵਾਉਣਾ, ਯੰਤਰ ਤੇ ਸਾਜ਼-ਸਾਮਾਨ ਦੇਣਾ।

(ਹ) **ਵਿੱਤ (Finance)** : ਇਸ ਦਾ ਅਰਥ ਇਹ ਹੈ ਕਿ ਲੋਕ ਪ੍ਰਸ਼ਾਸਨ ਨੂੰ ਚਲਾਉਣ ਲਈ ਲੋੜੀਂਦੇ ਵਿੱਤ ਦਾ ਪ੍ਰਬੰਧ ਕਰਨਾ।

### 1.1.5.1 ਪ੍ਰਬੰਧਕੀ ਵਿਚਾਰ ਅਨੁਸਾਰ ਲੋਕ ਪ੍ਰਸ਼ਾਸਨ ਦਾ ਖੇਤਰ (POSDCORB view of the scope of Public Administration) :

ਲੋਕ ਪ੍ਰਸ਼ਾਸਨ ਦੀਆਂ ਉਪਰੋਕਤ ਸਮੱਸਿਆਵਾਂ ਦੀ ਵਿਆਖਿਆ ਕਰਦੇ ਹੋਏ ਲੂਥਰ ਗੁਲਿਕ (Luther Gulick) ਨੇ ਇੱਕ ਸ਼ਬਦ (POSDCORB) ਦੀ ਕਾਢ ਕੀਤੀ। ਇਸ ਸ਼ਬਦ ਦੇ ਹਰ ਅੱਖਰ ਦੇ ਕ੍ਰਮਵਾਰ ਅਰਥ ਹਨ। ਯੋਜਨਾਬੰਦੀ (Planning), ਸੰਗਠਤ ਕਰਨਾ (Organising), ਅਮਲੇ ਦਾ ਪ੍ਰਬੰਧ ਕਰਨਾ (Staffing), ਨਿਰਦੇਸ਼ ਦੇਣਾ (Directing), ਤਾਲਮੇਲ ਪੈਦਾ ਕਰਨਾ (Co-ordinating), ਰਿਪੋਰਟ ਦੇਣੀ (Reporting) ਅਤੇ ਬਜਟ ਬਣਾਉਣਾ (Budgeting)।

**ਯੋਜਨਾਬੰਦੀ** : ਯੋਜਨਾਬੰਦੀ ਦਾ ਅਰਥ ਹੈ ਕੀਤੇ ਜਾਣ ਵਾਲੇ ਕੰਮਾਂ ਦੀ ਰੂਪ-ਰੇਖਾ ਤਿਆਰ ਕਰਨੀ ਅਤੇ ਇਨ੍ਹਾਂ ਦੀ ਪੂਰਤੀ ਲਈ ਅਪਣਾਏ ਜਾਣ ਵਾਲੇ ਢੰਗਾਂ ਬਾਰੇ ਸੋਚਣਾ।

**ਸੰਗਠਿਤ ਕਰਨਾ** ਦਾ ਅਰਥ ਉਹ ਢਾਂਚਾ ਤਿਆਰ ਕਰਨਾ ਹੈ ਜਿਸ ਰਾਹੀਂ ਕੀਤੇ ਜਾਣ ਵਾਲੇ ਕੰਮ ਨੂੰ ਤਾਲਮੇਲ ਰਾਹੀਂ ਠੀਕ ਵੰਡ ਅਤੇ ਤਰਤੀਬ ਦਿੱਤੀ ਜਾਂਦੀ ਹੈ।

**ਅਮਲੇ ਦਾ ਪ੍ਰਬੰਧ (Staffing)** : ਇਸ ਦਾ ਅਰਥ ਸਾਰੇ ਨਫਰੀ ਪ੍ਰਬੰਧ ਅਤੇ ਭਾਂਤ-ਭਾਂਤ ਦੀਆਂ ਨੌਕਰੀਆਂ ਲਈ ਯੋਗ ਵਿਅਕਤੀ ਨਿਯੁਕਤ ਕਰਨਾ ਹੈ।

**ਨਿਰਦੇਸ਼ਨ** ਦਾ ਅਰਥ ਹੈ ਫ਼ੈਸਲੇ ਕਰਨਾ, ਹੁਕਮ ਤੇ ਹਦਾਇਤਾਂ ਦੇਣੀਆਂ ਅਤੇ ਉਨ੍ਹਾਂ ਨੂੰ ਸਟਾਫ਼ ਦੀ ਅਗਵਾਈ ਲਈ ਅਮਲੀ ਰੂਪ ਦੇਣਾ।

**ਤਾਲ-ਮੇਲ** ਤੋਂ ਭਾਵ ਹੈ ਕੰਮ ਦੀ ਵੰਡ ਅਤੇ ਪ੍ਰਸਪਰ ਸਹਿਯੋਗ ਨੂੰ ਵਧਾਉਣਾ ਤੇ ਵਿਰੋਧ ਨੂੰ ਖ਼ਤਮ ਕਰਨਾ।

**ਰਿਪੋਰਟ ਦੇਣ** ਦਾ ਅਰਥ ਹੈ- ਅਫ਼ਸਰਾਂ ਤੇ ਉਨ੍ਹਾਂ ਦੇ ਅਧੀਨ ਕਰਮਚਾਰੀਆਂ ਨੂੰ ਇਤਲਾਹ ਦੇਣਾ ਕਿ ਕੀ ਹੋ ਰਿਹਾ ਹੈ ਅਤੇ ਅਜਿਹੀ ਇਤਲਾਹ ਦਾ ਨਿਰੀਖਣ, ਖੋਜ ਤੇ ਰਿਕਾਰਡ ਕਰਨ ਦਾ ਇੰਤਜ਼ਾਮ ਕਰਨਾ।

**ਬਜਟ ਬਣਾਉਣ** ਤੋਂ ਭਾਵ ਹੈ ਮਾਲੀ ਯੋਜਨਾਵਾਂ ਬਣਾਉਣਾ, ਹਿਸਾਬ ਰੱਖਣਾ ਅਤੇ ਵਿੱਤ ਸੀਮਾ ਵਿੱਚ ਰੱਖਣਾ।

POSDCORB ਵਿਚਾਰ ਅਨੁਸਾਰ POSDCORB ਗਤੀਵਿਧੀਆਂ ਸਾਰੇ ਪ੍ਰਬੰਧਕੀ ਖੇਤਰਾਂ ਲਈ ਸਾਂਝੀਆਂ ਹਨ ਅਤੇ ਬਹੁਤ ਜ਼ਰੂਰੀ ਤਕਨੀਕੀ ਗਤੀਵਿਧੀਆਂ ਇਸ ਵਿੱਚ ਸ਼ਾਮਿਲ ਨਹੀਂ ਹਨ। ਉਦਾਹਰਣ ਦੇ ਤੌਰ ਤੇ ਪੁਲਿਸ ਪ੍ਰਸ਼ਾਸਨ ਲਈ ਜ਼ੁਰਮਲੱਭਣ ਦੇ ਢੰਗ ਅਤੇ ਸ਼ਾਂਤੀ ਨੂੰ ਭੰਗ ਹੋਣ ਤੋਂ ਰੋਕਣ ਦੇ ਢੰਗ ਇੱਕ ਸੰਪੂਰਨ ਪੁਲਿਸ ਪ੍ਰਸ਼ਾਸਨ ਲਈ ਬਹੁਤ ਜ਼ਰੂਰੀ ਹਨ। ਪਰ ਇਹ ਢੰਗ ਇਸ ਵਿਚਾਰ-ਖੇਤਰ ਵਿੱਚ ਨਹੀਂ ਆਉਂਦੇ। ਇਹ ਹੋਰ ਗੱਲ ਇਹ ਕਿ POSDCORB ਰਾਹੀਂ ਵਰਤੀਆਂ ਗਈਆਂ ਇਹ ਤਕਨੀਕਾਂ ਪ੍ਰਸ਼ਾਸ਼ਕੀ ਕਾਰਵਾਈ ਦੇ ਵੱਖ-ਵੱਖ ਖੇਤਰਾਂ ਵਿੱਚ ਜਿਵੇਂ ਵੱਖ-ਵੱਖ ਤਰ੍ਹਾਂ ਅਪਨਾਈਆਂ ਜਾਣੀਆਂ ਚਾਹੀਦੀਆਂ ਹਨ ਜਿਵੇਂ ਪੜ੍ਹਾਈ ਅਤੇ ਫ਼ੌਜ ਦੋਹਾਂ ਵਿੱਚ ਵੱਖੋ-ਵੱਖਰਾ ਸੰਗਠਨ ਹੋਵੇਗਾ। ਐਮ.ਪੀ. ਸ਼ਰਮਾ (M.P. Sharma) ਦੇ ਅਨੁਸਾਰ ਨਿੱਗਰ ਪ੍ਰਸ਼ਾਸਨੀ ਕਾਰਵਾਈ ਦੇ ਵੱਖ-ਵੱਖ ਖੇਤਰਾਂ ਵਿੱਚ ਵਿਸ਼ੇਸ਼ ਤਕਨੀਕੀ ਢੰਗਾਂ ਨੂੰ ਉਹਲੇ ਕਰਕੇ ਪ੍ਰਬੰਧਕੀ ਕੰਮਾਂ ਤੇ ਜ਼ੋਰ ਦੇਣਾ ਪ੍ਰਸ਼ਾਸਨ ਦੇ ਅਸਲੀ ਅਰਥ ਅਤੇ ਮੰਤਵ ਨੂੰ ਭੁਲਾ ਦੇਣਾ ਹੈ।

### 1.1.5.2 ਪੂਰਣ ਵਿਚਾਰਧਾਰਾ ਅਨੁਸਾਰ ਲੋਕ ਪ੍ਰਸ਼ਾਸਨ ਦਾ ਖੇਤਰ :

ਪੂਰਣ ਵਿਚਾਰਧਾਰਾ ਅਨੁਸਾਰ ਇਸ ਵਿੱਚ ਨਾ ਸਿਰਫ ਪ੍ਰਬੰਧਕੀ ਗਤੀਵਿਧੀਆਂ ਹੀ ਸ਼ਾਮਲ ਹਨ ਬਲਕਿ ਕਲਰਕੀ ਅਤੇ ਕਿਰਤ ਨਾਲ ਸੰਬੰਧਿਤ ਗਤੀਵਿਧੀਆਂ ਵੀ ਸ਼ਾਮਿਲ ਹੁੰਦੀਆਂ ਹਨ ਜਿਵੇਂ ਡਾਕ ਦੀ ਛਟਾਈ ਕਰਨਾ ਅਤੇ ਵੰਡਣਾ, ਸੜਕਾਂ ਬਣਾਉਣਾ ਆਦਿ। ਇਸ ਤਰ੍ਹਾਂ ਕਿਸੇ ਦੀ ਸੰਗਠਨ ਵਿੱਚ ਉੱਪਰ ਤੋਂ ਹੇਠਾਂ ਤੱਕ ਕੰਮ ਕਰ ਰਹੇ ਸਭ ਤਰ੍ਹਾਂ ਦੇ ਅਮਲੇ ਦੀਆਂ ਕ੍ਰਿਆਵਾਂ ਲੋਕ ਪ੍ਰਸ਼ਾਸਨ ਦੇ ਖੇਤਰ ਵਿੱਚ ਸ਼ਾਮਿਲ ਹਨ ਭਾਵੇਂ ਪ੍ਰਸ਼ਾਸ਼ਨਿਕ ਢਾਂਚੇ ਨੂੰ ਚਲਾਉਣ ਵਿੱਚ ਇਨ੍ਹਾਂ ਸਭ ਦੀ ਮਹੱਤਤਾ ਭਿੰਨ-ਭਿੰਨ ਹੈ।

ਵਾਕਰ (Walker) ਨੇ ਲੋਕ ਪ੍ਰਸ਼ਾਸਨ ਦੇ ਖੇਤਰ ਬਾਰੇ ਜ਼ਿਆਦਾ ਵਿਸਥਾਰ ਪੂਰਵਕ ਵਿਸਤ੍ਰਿਤ ਰਾਇ ਦਿੱਤੀ ਹੈ। ਉਹ ਇਸ ਨੂੰ ਦੋ ਭਾਗਾਂ ਵਿੱਚ ਵੰਡਦਾ ਹੈ :

(ੳ) ਪ੍ਰਬੰਧਕੀ ਸਿਧਾਂਤ (Administrative Theory)

(ਅ) ਵਿਹਾਰਕ ਪ੍ਰਬੰਧਕੀ (Applied Administration)

#### 1.1.5.2.1 ਪ੍ਰਬੰਧਕੀ ਸਿਧਾਂਤ :

ਇਸ ਵਿੱਚ ਹਰ ਕਿਸਮ ਦੀ ਲੋਕ ਸੱਤਾ ਭਾਵੇਂ ਉਹ ਕੇਂਦਰੀ ਹੋਵੇ ਭਾਵੇਂ ਪ੍ਰਾਦੇਸ਼ਿਕ ਜਾਂ ਸਥਾਨਕ ਦੇ ਆਕਾਰ, ਸੰਗਠਨ, ਕੰਮ ਤੇ ਢੰਗਾਂ ਦਾ ਅਧਿਐਨ ਸ਼ਾਮਿਲ ਹੈ। ਇਹ ਹਰ ਤਰ੍ਹਾਂ ਦੇ ਨਿਯੰਤਰਣ ਦਾ ਅਧਿਐਨ ਕਰਦਾ ਹੈ। ਜਿਵੇਂ ਕਿ ਪਾਰਲੀਮੈਂਟ ਅਤੇ ਮੰਤਰੀ ਮੰਡਲ ਦਾ ਪ੍ਰਸ਼ਾਸਨ ਉੱਤੇ ਨਿਯੰਤਰਣ, ਪ੍ਰਬੰਧ ਉੱਤੇ ਕਾਨੂੰਨੀ ਕੰਟਰੋਲ ਅਤੇ ਪ੍ਰਬੰਧਕੀ ਮਸ਼ੀਨਰੀ ਦਾ ਅੰਦਰੂਨੀ ਕੰਟਰੋਲ, ਇਸ ਵਿੱਚ ਖੋਜ, ਯੋਜਨਾਬੰਦੀ, ਪ੍ਰੋਗਰਾਮ ਅਤੇ ਉਹਨਾਂ ਦੇ ਅਮਲ ਨਾਲ ਸੰਬੰਧਿਤ ਸਮੱਸਿਆਵਾਂ, ਜਨਤਕ ਗਤੀਵਿਧੀਆਂ, ਅਮਲ ਦੀ ਭਰਤੀ ਨਾਲ ਸੰਬੰਧਿਤ ਸਮੱਸਿਆਵਾਂ, ਇਤਲਾਹ ਅਤੇ ਲੋਕਾਂ ਦੇ ਆਪਸੀ ਸੰਬੰਧ ਵੀ ਸ਼ਾਮਿਲ ਹਨ।

**1.1.5.2.2 ਵਿਹਾਰਕ ਸਿਧਾਂਤ** : ਮੂਲ ਕੰਮਾਂ ਦੇ ਆਧਾਰ ਤੇ ਵਾਕਰ (Walker) ਨੇ ਵਿਹਾਰਕ ਪ੍ਰਸ਼ਾਸਨ ਦੀਆਂ ਮੁੱਖ ਕਿਸਮਾਂ ਦੀ ਵੰਡ ਕਰਨ ਦੀ ਕੋਸ਼ਿਸ਼ ਕੀਤੀ ਹੈ :

1.ਰਾਜਨੀਤਿਕ ਪ੍ਰਬੰਧਕੀ ਰਾਜਨੀਤਿਕ ਕੰਮਾਂ ਵਿੱਚ ਕਾਰਜਕਾਰੀ ਤੇ ਵਿਧਾਨ ਪਾਲਿਕਾ ਦਾ ਆਪਸੀ ਰਿਸ਼ਤਾ ਮੰਤਰੀ ਮੰਡਲ ਦੇ ਰਾਜਨੀਤਿਕ ਪ੍ਰਸ਼ਾਸ਼ਕੀ ਕਾਰਜ ਤੇ ਮੰਤਰੀ ਅਤੇ ਪ੍ਰਸ਼ਾਸ਼ਕੀ ਅਫ਼ਸਰ ਦੇ ਆਪਸੀ ਸੰਬੰਧਾਂ ਦਾ ਅਧਿਐਨ ਸ਼ਾਮਿਲ ਹੈ।

2.ਵਿਧਾਨਕ ਕੰਮਾਂ ਵਿੱਚ ਸੌਂਪੀ ਗਈ ਕਾਨੂੰਨੀ-ਸਾਜੀ ਅਤੇ ਵਿਧਾਨ ਮੰਡਲ ਵਿੱਚ ਪੇਸ਼ ਕਰਨ ਲਈ ਬਿਲਾਂ ਦਾ ਖਰੜਾ ਬਣਾਉਣ ਲਈ ਅਫ਼ਸਰ ਵੱਲੋਂ ਪਹਿਲਾਂ ਦਾ ਕੀਤਾ ਹੋਇਆ ਕੰਮ ਸ਼ਾਮਲ ਹੈ।

3.ਵਿੱਤੀ ਕੰਮਾਂ ਵਿੱਚ ਬਜਟ ਬਣਾਉਣ ਤੋਂ ਲੈ ਕੇ ਇਸ ਦੇ ਲਾਗੂ ਹੋਣ ਤੱਕ ਸਾਰੇ ਵਿੱਤੀ ਪ੍ਰਬੰਧ, ਹਿਸਾਬ-ਕਿਤਾਬ, ਲੇਖਾ-ਪੜਤਾਲ ਅਤਫ਼ਖ਼

ਖ਼ਜ਼ਾਨੇ ਦਾ ਪ੍ਰਬੰਧ ਆਦਿ ਸ਼ਾਮਿਲ ਹਨ।
4.ਰੱਖਿਆਤਮਕ ਕੰਮਾਂ ਵਿੱਚ ਫ਼ੌਜੀ ਪ੍ਰਬੰਧ ਦਾ ਅਧਿਐਨ ਸ਼ਾਮਿਲ ਹੈ।

5.ਵਿੱਦਿਅਕ ਕੰਮਾਂ ਦੇ ਸਿਰਲੇਖ ਹੇਠ ਵਿੱਦਿਅਕ ਪ੍ਰਬੰਧ ਦੇ ਸਾਰੇ ਪੱਖ ਆਉਂਦੇ ਹਨ।
6.ਸਮਾਜਕ ਪ੍ਰਬੰਧ ਵਿੱਚ ਖੁਰਾਕ, ਸਮਾਜਕ ਸੁਰੱਖਿਆ ਅਤੇ ਰੋਜ਼ਗਾਰ ਵਿਭਾਗ ਦੇ ਕਾਰਜ ਸ਼ਾਮਿਲ ਹਨ।
7.ਆਰਥਿਕ ਪ੍ਰਬੰਧ ਵਿੱਚ ਆਰਥਿਕ ਖੇਤਰ ਨਾਲ ਸੰਬੰਧਿਤ ਕਾਰਵਾਈਆਂ ਭਾਵ ਉਦਯੋਗ, ਖੇਤੀਬਾੜੀ, ਵਿਦੇਸ਼ੀ ਵਪਾਰ ਅਤੇ ਵਣਜ ਆਦਿ ਸ਼ਾਮਿਲ ਹਨ।
8.ਵਿਦੇਸ਼ੀ ਪ੍ਰਬੰਧ-ਵਿਦੇਸ਼ੀ ਮਾਮਲਿਆਂ, ਅੰਤਰੀ-ਰਾਸ਼ਟਰੀ ਰਾਜਨੀਤੀ ਤੇ ਸਹਿਕਾਰਤਾ ਅਤੇ ਵੱਖ-ਵੱਖ ਕਿਸਮਾਂ ਦੀਆਂ ਅੰਤਰ-ਰਾਸ਼ਟਰੀ ਏਜੰਸੀਆਂ ਦੇ ਪ੍ਰਬੰਧ ਨਾਲ ਸੰਬੰਧਿਤ ਹੈ।
9.ਅੰਤਰਰਾਜੀ ਪ੍ਰਸ਼ਾਸਨ ਵਿੱਚ ਸ਼ਾਮਿਲ ਹਨ-ਇੱਕ ਰਾਸ਼ਟਰ ਦੇ ਦੂਜੇ ਰਾਸ਼ਟਰ ਉੱਤੇ ਸਾਮਰਾਜੀ ਅਧਿਕਾਰ ਦੇ ਢੰਗ ਤੇ ਸਮੱਸਿਆਵਾਂ।
10.ਸਥਾਨਕ ਪ੍ਰਬੰਧ-ਸਥਾਨ ਸੰਸਥਾਵਾਂ ਦੀਆਂ ਕਾਰਵਾਈਆਂ ਨਾਲ ਸੰਬੰਧਿਤ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਉਪਰੋਕਤ ਸਕੀਮ ਮੁਕੰਮਲ ਨਹੀਂ ਹੈ। ਪ੍ਰਬੰਧ ਦੀਆਂ ਆਰਥਿਕ, ਸਮਾਜਿਕ ਅਤੇ ਦੂਜੀਆਂ ਸ਼ਾਖਾਵਾਂ ਪਰਸਪਰ ਸੰਬੰਧਿਤ ਹਨ ਪਰ ਇਹ ਗੱਲ ਸਪੱਸ਼ਟ ਹੈ ਕਿ ਇਹ ਵਿਹਾਰਕ ਪ੍ਰਬੰਧ ਦੇ ਮੁੱਖ ਪੱਖਾਂ ਤੇ ਰੌਸ਼ਨੀ ਪਾਉਂਦਾ ਹੈ। ਲੋਕ ਪ੍ਰਸ਼ਾਸਨ ਦੇ ਖੇਤਰ ਬਾਰੇ ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਲੋਕ ਪ੍ਰਸ਼ਾਸਨ ਵਿੱਚ ਕੰਮ ਕਰ ਰਹੀ ਸਰਕਾਰ ਅਤੇ ਉਸ ਦੀ ਸਾਰੀ ਕਾਰਵਾਈ ਸ਼ਾਮਿਲ ਹੈ। ਸਰਕਾਰੀ ਸ਼ਾਖਾਵਾਂ ਜਾਂ ਕਾਰਵਾਈਆਂ ਦੁਆਰਾ ਇਸ ਦੇ ਖੇਤਰ ਨੂੰ ਸੀਮਿਤ ਕਰਨ ਲਈ ਕੀਤੀ ਗਈ ਕੋਈ ਵੀ ਕੋਸ਼ਿਸ਼ ਇਸ ਦੇ ਅਸਲੀ ਰੂਪ ਦੀ ਗਲਤ ਬਿਆਨੀ ਹੋਵੇਗੀ ਅਤੇ ਇਹ ਇਸ ਦੇ ਅਧਿਐਨ ਨੂੰ ਸੌੜਾ ਤੇ ਸੀਮਿਤ ਬਣਾ ਦੇਵੇਗੀ। ਸੰਖੇਪ ਵਿੱਚ ਲੋਕ ਪ੍ਰਸ਼ਾਸਨ ਦਾ ਖੇਤਰ ਸਾਰੇ ਰਾਜਾਂ ਵਿੱਚ ਇੱਕੋ ਜਿਹਾ ਨਹੀਂ ਹੁੰਦਾ। ਸਮਾਜਵਾਦੀ ਰਾਜ ਜਿੰ ਕਿ ਸੋਵੀਅਤ ਸੰਘ ਰੂਸ ਵਿੱਚ ਲੋਕ ਪ੍ਰਸ਼ਾਸਨ ਦਾ ਖੇਤਰ ਬਹੁਤ ਵਿਸ਼ਾਲ ਹੈ ਕਿਉਂਕਿ ਪ੍ਰਸ਼ਾਸਨ ਨੂੰ ਹਰ ਪਹਿਲੂ ਵੱਲ ਧਿਆਨ ਦੇਣਾ ਪੈਂਦਾ ਫ਼ਹੈ। ਪ੍ਰੰਤੂ ਦੂਜੇ ਪਾਸੇ ਸਰਮਾਏਦਾਰੀ ਸਮਾਜ ਵਿੱਚ ਜਿਵੇਂ ਅਮਰੀਕਾ ਵਿੱਚ ਲੋਕ ਪ੍ਰਸ਼ਾਸਨ ਦਾ ਖੇਤਰ ਸੀਮਿਤ ਹੁੰਦਾ ਹੈ ਕਿਉਂਕਿ ਨਿੱਜੀ ਪ੍ਰਸ਼ਾਸਨ ਦਾ ਵਿਸ਼ੇਸ਼ ਸਥਾਨ ਹੁੰਦਾ ਹੈ।

### 1.1.6 ਲੋਕ ਪ੍ਰਸ਼ਾਸਨ—ਇੱਕ ਵਿਗਿਆਨ ਅਤੇ ਕਲਾ

### 1.1.6.1 ਲੋਕ ਪ੍ਰਸ਼ਾਸਨ—ਇੱਕ ਵਿਗਿਆਨ

ਕਿਸੇ ਵੀ ਵਿਸ਼ੇ ਨੂੰ ਵਿਗਿਆਨ ਦਾ ਦਰਜਾ ਦੇਣ ਤੋਂ ਪਹਿਲਾਂ ਵਿਗਿਆਨ ਸੰਬੰਧੀ ਵਿਸ਼ੇਸ਼ਤਾਈਆਂ ਦੀ ਜਾਣਕਾਰੀ ਹੋਣੀ ਆਵੱਸ਼ਕ ਹੈ। ਨਿਯਮਿਤ, ਸਿਲਸਿਲੇਵਾਰ ਅਤੇ ਵਿਧਿਵਤ ਗਿਆਨ, ਸੁਸਪਸ਼ਟਤਾ, ਸੁਨਿਸ਼ਚਿਤਤਾ, ਸਰਵ-ਲੌਕਿਕਤਾ, ਯਥਾਰਥਤਾ, ਸਰਵ-ਵਿਆਪਕਤਾ ਅਤੇ ਸਹੀ ਭਵਿੱਖਬਾਣੀ ਆਦਿ ਮੁੱਖ ਵਿਸ਼ੇਸ਼ਤਾਵਾਂ ਜਿਹੜੇ ਵੀ ਵਿਸ਼ੇ ਵਿੱਚ ਪਾਈਆਂ ਜਾਣ, ਉਸ ਨੂੰ ਵਿਗਿਆਨ ਦੀ ਮਾਨਤਾ ਪ੍ਰਾਪਤ ਹੈ ਜਿਵੇ ਗਣਿਤ, ਭੌਤਿਕ ਵਿਗਿਆਨ, ਰਸਾਇਣਕ ਵਿਗਿਆਨ ਆਦਿ। ਉਪਰੋਕਤ ਦਰਸਾਏ ਗੁਣਾਂ ਵਿੱਚੋਂ ਕੁਝ ਕੁ ਗੁਣ ਲੋਕ ਪ੍ਰਸ਼ਾਸਨ ਵਿੱਚ ਵੀ ਪਾਏ ਜਾਂਦੇ ਹਨ ਜਿਵੇਂ ਚਾਰਲਸਵਰਥ ਅਨੁਸਾਰ ਲੋਕ ਪ੍ਰਸ਼ਾਸਨ ਇੱਕ ਵਿਗਿਆਨ ਹੈ ਕਿਉਂਕਿ ਇਸ ਲਈ ਅਨੁਮਾਨਾਤਮਕ ਵਿਸ਼ਲੇਸ਼ਣ, ਵਿਵਸਥਿਤ ਸੰਗਠਨ, ਉਚਿਤ ਨਿਯੋਜਨ ਅਤੇ ਲੋਕ ਪ੍ਰਸ਼ਾਸਨ ਦੇ ਸਿਧਾਂਤ ਇਸ ਨੂੰ ਸੁਨਿਸ਼ਚਿਤਤਾ ਅਤੇ ਨਿਯਮਤਤਾ ਪ੍ਰਦਾਨ ਕਰਦੇ ਹਨ। ਇਸ ਦੇ ਸਿਧਾਂਤ ਵਿਸ਼ੇ ਦੇ ਨਿਰੰਤਰ ਵਿਕਾਸ ਦਾ ਨਤੀਜਾ ਹਨ। ਚਾਰਲਸ ਬੀਅਰਡ ਅਨੁਸਾਰ ਲੋਕ ਪ੍ਰਸ਼ਾਸਨ ਨੇ ਅਜਿਹੇ ਨਿਯਮਾਂ ਦਾ ਵਿਕਾਸ ਕੀਤਾ ਹੈ, ਜਿਹਨਾਂ ਦੇ ਆਧਾਰ ਤੇ ਭਵਿੱਖ-ਬਾਣੀਆਂ ਕੀਤੀਆਂ ਜਾ ਸਕਦੀਆਂ ਹਨ ਜੋ ਕਿ ਵਿਗਿਆਨ ਦੀ ਇੱਕ ਵਿਸ਼ੇਸ਼ਤਾ ਹੈ। ਉਪਰੋਕਤ ਦੱਸੀਆਂ ਵਿਸ਼ੇਸ਼ਤਾਵਾਂ ਅਨੁਸਾਰ ਇਹ ਵਿਗਿਆਨ ਜਾਪਦਾ ਹੈ ਪਰ ਲੋਕ ਪ੍ਰਸ਼ਾਸਨ ਵਿੱਚ ਭੌਤਿਕ ਵਿਗਿਆਨ ਦੀ ਤਰ੍ਹਾਂ ਸੁਨਿਸ਼ਚਿਤ ਰੂਪ ਵਿੱਚ ਕੁਝ ਵੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਰਾਜਨੀਤੀ ਅਤੇ ਪ੍ਰਸ਼ਾਸਨ ਵਿੱਚ ਗ਼ੈਰ-ਯਕੀਨੀ, ਭਿੰਨਤਾ ਦੇ ਤੱਤ ਮੌਜੂਦ ਹਨ ਅਤੇ ਕ੍ਰਮਸ਼ੀਲਤਾ ਅਤੇ ਕ੍ਰਮਬੱਧਤਾ ਦੀ ਘਾਟ ਪਾਈ ਜਾਂਦੀ ਹੈ। ਲੋਕ ਪ੍ਰਸ਼ਾਸਨ ਦੇ ਨਿਯਮਾਂ ਵਿੱਚ ਕੁਦਰਤੀ ਵਿਗਿਆਨਾਂ ਦੇ ਨਿਯਮਾਂ ਦੀ ਤਰ੍ਹਾਂ ਇਕਰੂਪਤਾ ਨਹੀਂ ਹੁੰਦੀ ਅਤੇ ਬਾਹਰ-ਮੁਖੀ ਤਜ਼ਰਬਿਆਂ ਦੀ ਵੀ ਘਾਟ ਪਾਈ ਜਾਂਦੀ ਹੈ। ਇਸ ਸੰਬੰਧੀ ਨਿਸ਼ਚਿਤ ਭਵਿੱਖ-ਬਾਣੀ ਵੀ ਨਹੀਂ ਕੀਤੀ ਜਾ ਸਕਦੀ ਹੈ। ਇਸ ਸੰਬੰਧੀ ਸਰਵ-ਵਿਆਪੀ ਨਿਯਮ ਘੜਨੇ ਅਤਿ ਕਠਿਨ ਹਨ ਕਿਉਂਕਿ ਇਹ ਸਥਾਨ, ਲੋਕਾਂ ਹਾਲਤਾਂ ਅਨੁਸਾਰ ਇਕਸਾਰ ਨਹੀਂ ਹੋ ਸਕਦੇ ਹਨ। ਜਿਵੇਂ ਵਿਕਾਸਸ਼ੀਲ ਅਤੇ ਵਿਕਸਿਤ ਦੇਸ਼ਾਂ ਦੀ ਸਥਿਤੀ, ਜ਼ਰੂਰਤਾਂ ਆਦਿ ਵਿੱਚ ਬਹੁਤ ਅੰਤਰ ਹੈ। ਇਸੇ ਕਾਰਨ ਹਰੇਕ ਦੇਸ਼ ਵਿੱਚ ਲੋਕ ਪ੍ਰਸ਼ਾਸਨ ਦਾ ਢਾਂਚਾ ਉਸਦੀ ਮੰਗ ਦੇ ਅਨੁਕੂਲ ਹੀ ਹੋਣਾ ਚਾਹੀਦਾ ਹੈ।

ਉਪਰੋਕਤ ਵੇਰਵੇ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਲੋਕ ਪ੍ਰਸ਼ਾਸਨ ਦੀ ਥਿਊਰੀ ਜਾਂ ਸਿਧਾਂਤਾਂ ਨੂੰ ਵੇਖਦੇ ਹੋਏ ਆਪਾਂ ਕਹਿ ਸਕਦੇ

ਹਾਂ ਕਿ ਇਹ ਇੱਕ ਵਿਗਿਆਨ ਹਾਂ ਪਰ ਕਿਉਂਕਿ ਇਹ ਮਨੁੱਖਾਂ ਦੁਆਰਾ ਬਣਾਏ ਗਏ ਹਨ ਅਤੇ ਮਨੁੱਖਾਂ ਉਪਰ ਹੀ ਲਾਗੂ ਕੀਤੇ ਜਾਂਦੇ ਹਨ ਨਾ ਕਿ ਪਦਾਰਥਾਂ ਉਪਰ, ਇਸ ਕਾਰਨ ਇਹ ਪੂਰਨ ਵਿਗਿਆਨ ਨਾ ਹੋ ਕੇ ਇੱਕ ਸਮਾਜਿਕ ਵਿਗਿਆਨ ਹੈ। ਮਨੁੱਖ ਦਾ ਵਿਹਾਰ ਸਮੇ ਅਤੇ ਜਗ੍ਹਾ ਉੱਤੇ ਵੱਖ-ਵੱਖ ਹੋਣ ਕਰਕੇ ਲੋਕ ਪ੍ਰਸ਼ਾਸਨ ਦੇ ਸਿਧਾਂਤਾਂ ਵਿੱਚ ਸਥਿਰਤਾ ਅਤੇ ਸਰਬ-ਵਿਆਪਕਤਾ ਨਹੀਂ ਪਾਈ ਜਾਂਦੀ ਹੈ। ਮਨੁੱਖ ਦੀ ਪ੍ਰਕ੍ਰਿਤੀ ਹੀ ਨਹੀਂ ਬਲਕਿ ਉਸ ਦੀਆਂ ਆਕਾਸ਼ਾਵਾਂ, ਪ੍ਰਾਪਤੀਆਂ ਅਤੇ ਮਨੋਵਿਰਤੀ ਵੀ ਇੱਕ-ਦੂਜੇ ਨਾਲੋਂ ਵੱਖਰੀ ਹੈ। ਇਸ ਵੱਖਰੇਪਨ ਕਰਕੇ ਲੋਕ-ਪ੍ਰਸ਼ਾਸਨ ਦੇ ਸਿਧਾਂਤਾਂ ਵਿੱਚ ਇਕਰੂਪਤਾ ਨਹੀ ਪਾਈ ਜਾਂਦੀ ਹੈ। ਇਸ ਨੂੰ ਪੰਡਿਤ ਨਹਿਰੂ ਦੇ ਸ਼ਬਦਾਂ ਵਿੱਚ ਇੰਞ ਕਿਹਾ ਜਾ ਸਕਦਾ ਹੈ ਕਿ "Administration like most of the things, is in the final analysis a human problem to deal with the human beings and not with statistical data" ਪ੍ਰਸ਼ਾਸਨ ਹੋਰ ਬੁੱਤ ਸਾਰੇ ਤੱਤਾਂ ਦੀ ਤਰ੍ਹਾਂ ਆਪਣੇ ਵਿਸ਼ਲੇਸ਼ਣ ਵਿੱਚ ਸੰਖਿਅਕੀ ਅੰਕੜਿਆਂ ਨਾਲ ਨਹੀਂ ਬਲਕਿ ਮਨੁੱਖੀ ਤੱਤ ਨਾਲ ਨਜਿੱਠਣ ਵਾਲੀ ਇੱਕ ਮਨੁੱਖੀ ਸਮੱਸਿਆ ਹੈ।

### 1.1.1.6.2 ਲੋਕ ਪ੍ਰਸ਼ਾਸਨ—ਇੱਕ ਕਲਾ :

ਕੁਝ ਵਿਦਵਾਨ ਜਿਵੇਂ ਕੌਟਲਿਆ, ਮੈਕਆਵਲੀ, ਅਬਦਲ ਫ਼ੈਜ਼ਲ ਅਤੇ ਅਜੋਕੇ ਵਿਦਵਾਨ ਜਿਵੇਂ ਓਰਵਿਕ, ਚਾਰਲਸਵਰਥ ਆਦਿ ਲੋਕ ਪ੍ਰਸ਼ਾਸਨ ਨੂੰ ਇੱਕ ਉੱਚ ਦਰਜੇ ਦੀ ਕਲਾ ਮੰਨਦੇ ਹਨ। ਚਾਰਲਸਵਰਥ ਅਨੁਸਾਰ ਪ੍ਰਸ਼ਾਸਨ ਇੱਕ ਕਲਾ ਹੈ। ("Administration is an art because it requires fitness, leadership, zeal and lofty conviction."— Charlersworth) ਕਿਸੇ ਵੀ ਵਿਸ਼ੇ ਦਾ ਵਿਧਿਵਤ ਅਧਿਐਨ ਉਸਦੇ ਵਿਗਿਆਨਕ ਪੱਖ ਨੂੰ ਦਰਸਾਉਂਦਾ ਹੈ। ਇਸ ਗਿਆਨ ਦੀ ਵਿਹਾਰਕ ਰੂਪ ਵਿੱਚ ਵਰਤੋਂ ਕਲਾ ਹੈ। ਕਲਾ ਅਜਿਹੀ ਮਨੁੱਖੀ ਯੋਗਤਾ ਹੈ ਜੋ ਗਿਆਨ ਅਰਜਿਤ ਕਰਨ ਲਈ ਕਹਿੰਦੀ ਹੈ ਪਰ ਸਿਧਾਂਤ ਦੀ ਬਜਾਏ ਅਭਿਆਸ ਉੱਤੇ ਵਧੇਰੇ ਜ਼ੋਰ ਦਿੰਦੀ ਹੈ।

ਸੋ, ਆਪਾਂ ਕਹਿ ਸਕਦੇ ਹਾਂ ਕਿ ਲੋਕ ਪ੍ਰਸ਼ਾਸਨ ਅਧਿਐਨ ਦੀ ਦ੍ਰਿਸ਼ਟੀ ਤੋਂ ਵਿਗਿਆਨ ਹੈ ਅਤੇ ਜੀਵਨ ਵਿੱਚ ਵਰਤੋਂ ਕਾਰਨ ਕਲਾ ਹੈ। ਕਿਸੇ ਵੀ ਪ੍ਰਸ਼ਾਸਕ ਲਈ ਇਹ ਅਤਿ ਜ਼ਰੂਰੀ ਹੈ ਕਿ ਉਸਨੂੰ ਪ੍ਰਸ਼ਾਸਨ ਦੇ ਸਿਧਾਂਤ, ਨੀਤੀਆਂ, ਨਿਯਮਾਂ ਆਦਿ ਦਾ ਗਿਆਨ ਹੋਵੇ ਅਤੇ ਜਦੋਂ ਇਸ ਗਿਆਨ ਦੀ ਵਰਤੋਂ ਵਿਹਾਰ ਵਿੱਚ ਕਰਦਾ ਹੈ ਤਾਂ ਇਹ ਕਲਾ ਕਹਿਲਾਉਂਦੀ ਹੈ। ਇਸ ਕਾਰਨ ਲੋਕ ਪ੍ਰਸ਼ਾਸਨ ਵਿਗਿਆਨ ਅਤੇ ਕਲਾ ਦੋਵੇਂ ਹੀ ਹੈ।

## 1.1.7 ਲੋਕ ਪ੍ਰਸ਼ਾਸਨ ਦਾ ਮਹੱਤਵ (Significance of Public Administration) :

ਆਧੁਨਿਕ ਯੁੱਗ ਵਿੱਚ ਪ੍ਰਸ਼ਾਸਨ ਦਾ ਅਤਿ ਮਹੱਤਤਾ ਹੈ। ਇਸ ਦੀ ਮਹੱਤਤਾ ਸਿਰਫ ਇੱਕ ਪ੍ਰਬੰਧਕੀ ਯੰਤਰ ਹੋਣ ਕਰਕੇ ਹੀ ਨਹੀਂ ਬਲਕਿ ਸਮਾਜ ਦੀ ਸਭਿਆਚਾਰਕ ਤਰੱਕੀ ਅਤੇ ਸੁਰੱਖਿਆ ਲਈ ਇਕ ਜ਼ਰੂਰੀ ਢੰਗ ਹੋਣ ਕਰਕੇ ਵੀ ਹੈ। ਰਾਜ ਦੇ ਉਦੇਸ਼ ਭਾਵੇਂ ਕਿੰਨੇ ਹੀ ਉੱਚੇ ਹੋਣ, ਉਨ੍ਹਾਂ ਨੂੰ ਹਾਸਲ ਕਰਨ ਦੀ ਇੱਛਾ ਅਤੇ ਕਾਰਜ-ਕ੍ਰਮ ਭਾਵੇਂ ਕਿੰਨਾ ਹੀ ਜ਼ੋਰਦਾਰ ਹੋਵੇ, ਪਰ ਜਦੋਂ ਤੱਕ ਉਨ੍ਹਾਂ ਨੂੰ ਅਮਲ ਵਿੱਚ ਨਹੀਂ ਲਿਆਇਆ ਜਾਂਦਾ ਉਨ੍ਹਾਂ ਦਾ ਕੋਈ ਮਹੱਤਵ ਨਹੀਂ। ਜਿਥੇ ਲੋਕ ਪ੍ਰਸ਼ਾਸਨ ਸਰਕਾਰੀ ਉਦੇਸ਼ਾਂ ਨੂੰ ਅਮਲ ਵਿੱਚ ਲਿਆਉਣ ਲਈ ਜ਼ਿੰਮੇਵਾਰ ਹੈ, ਉਥੇ ਲੋਕ ਪ੍ਰਸ਼ਾਸਨ ਇੱਕ ਅਤਿ ਜ਼ਰੂਰੀ ਸਮਾਜਿਕ ਕ੍ਰਮ ਹੈ ਜਿਸ ਨੂੰ ਬਹੁਤ ਜ਼ਿੰਮੇਵਾਰੀਆਂ ਪੂਰੀਆਂ ਕਰਨ ਨੂੰ ਸੌਂਪੀਆਂ ਗਈਆਂ ਹਨ। ਇਹ ਰਾਸ਼ਟਰ ਦੀ ਸਮਾਜਿਕ, ਸਭਿਆਚਾਰਕ ਅਤੇ ਆਰਥਿਕ ਜ਼ਿੰਦਗੀ ਦਾ ਜ਼ਰੂਰੀ ਅੰਗ ਹੈ ਅਤੇ ਉਸ ਦੇ ਜੀਵਨ ਅੰਦਰ ਇੱਕ ਸਥਾਈ ਸ਼ਕਤੀ ਹੈ। ਪ੍ਰੋ. ਵਾਲਡੋ (Waldo) ਦੇ ਅਨੁਸਾਰ, "ਲੋਕ ਪ੍ਰਸ਼ਾਸਨ ਸਭਿਆਚਾਰ ਦੇ ਤਾਣੇ-ਬਾਣੇ ਦਾ ਇੱਕ ਅੰਗ ਹੈ। ਇਸ ਉਪਰ ਨਾ ਕੇਵਲ ਅਮਲ ਹੁੰਦਾ ਹੈ, ਬਲਕਿ ਇਹ ਖੁਦ ਅਮਲ ਕਰਦਾ ਹੈ।" ਅਸਲ ਵਿੱਚ ਪ੍ਰਸ਼ਾਸਨ ਲੋਕਾਂ ਦੀ ਪ੍ਰਤਿਭਾ ਦਾ ਚਿੰਨ੍ਹ ਹੈ ਤੇ ਉਨ੍ਹਾਂ ਦੀਆਂ ਇੱਛਾਵਾਂ ਅਤੇ ਗੁਣਾਂ ਨੂੰ ਸਾਕਾਰ ਰੂਪ ਦਿੰਦਾ ਹੈ। ਇਹ ਸਮਾਜਿਕ ਤਬਦੀਲੀ ਅਤੇ ਪ੍ਰਚੱਲਿਤ ਸਮਾਜ ਦੀ ਸੁਰੱਖਿਆ ਦਾ ਅਮਲ ਹੈ।

ਕਲਿਆਣਕਾਰੀ ਰਾਜ (Welfare State) ਦੀ ਧਾਰਨਾ ਦੇ ਜਨਮ ਲੈਣ ਤੇ ਲੋਕ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੋਰ ਵੀ ਵੱਧ ਗਈ ਹੈ। ਇਸ ਤੋਂ ਪਹਿਲਾਂ ਜਦੋਂ ਰਾਜ ਦਾ ਕਾਰਜ ਅਮਨ-ਅਮਾਨ ਕਾਇਮ ਰੱਖਣਾ, ਸੁਰੱਖਿਆ ਕਰਨੀ ਆਦਿ ਸੀ ਉਦੋਂ ਲੋਕ ਪ੍ਰਸ਼ਾਸਨ ਦੀ ਕਿਸੇ ਵਿਅਕਤੀ ਦੀ ਜ਼ਿੰਦਗੀ ਵਿੱਚ ਕੋਈ ਬਹੁਤ ਅਹਿਮ ਥਾਂ ਨਹੀਂ ਸੀ, ਪਰ ਹੁਣ ਜਦੋਂ ਰਾਜ ਉਦਯੋਗਿਕ, ਆਰਥਿਕ, ਵਿੱਤੀ ਅਤੇ ਸਮਾਜਿਕ ਖੇਤਰਾਂ ਵਿੱਚ ਹਿੱਸਾ ਲੈ ਰਿਹਾ ਹੈ, ਲੋਕ ਪ੍ਰਸ਼ਾਸਨ ਆਪਣੇ ਨਾਗਰਿਕਾਂ ਲਈ ਸਿਰਫ਼ ਅੰਦਰੂਨੀ ਅਤੇ ਬਾਹਰਲੇ ਖ਼ਤਰਿਆਂ ਤੋਂ ਸਾਡਾ ਰਾਖਾ ਹੀ ਨਹੀਂ, ਸਗੋਂ ਵਿੱਦਿਆ ਦੇਣ ਵਾਲਾ ਦੋਸਤ ਅਤੇ ਪਥ-ਪ੍ਰਦਰਸ਼ਕ ਬਣ ਗਿਆ ਹੈ। ਸਾਡੀ ਤਰੱਕੀ ਅਤੇ ਭਲਾਈ ਪ੍ਰਸ਼ਾਸਨ ਦੀ ਸਫ਼ਲਤਾ ਤੇ ਨਿਰਭਰ ਕਰਦੀ ਹੈ। ਜੇ ਲੋਕ ਪ੍ਰਸ਼ਾਸਨ ਅਸਫ਼ਲ ਹੋ ਜਾਵੇ ਤਾਂ ਇਹ ਸਭਯ ਸਮਾਜ ਦਾ ਸਾਰਾ ਢਾਂਚਾ ਚੂਰ-ਚੂਰ ਹੋ ਜਾਵੇਗਾ। W.V. Donhem ਦੇ ਸ਼ਬਦਾਂ ਵਿੱਚ, "ਜੇ ਸਾਡੀ ਸਭਿਅਤਾ ਫੇਲ੍ਹ ਹੁੰਦੀ ਹੈ ਤਾਂ ਇਸ ਦਾ ਮੁੱਖ ਕਾਰਨ ਪ੍ਰਸ਼ਾਸਨ ਦੀ

ਅਸਫ਼ਲਤਾ ਹੋਵੇਗੀ।"

ਵਿਅਕਤੀਗਤ ਤੌਰ ਤੇ ਵੀ ਜ਼ਿੰਦਗੀ ਦੇ ਹਰ ਮੋੜ ਤੇ ਮਨੁੱਖ ਲੋਕ ਪ੍ਰਸ਼ਾਸਨ ਤੇ ਨਿਰਭਰ ਕਰਦਾ ਹੈ। ਆਧੁਨਿਕ ਰਾਜ ਵਿੱਚ ਸਰਕਾਰ ਮਨੁੱਖ ਦੇ ਜਨਮ ਲੈਣ ਤੋਂ ਪਹਿਲਾਂ ਉਸਦਾ ਖਿਆਲ ਰੱਖਣਾ ਸ਼ੁਰੂ ਕਰ ਦਿੰਦੀ ਹੈ। ਰਾਜ ਦੁਆਰਾ ਬੱਚੇ ਨੂੰ ਜਨਮ ਦੇਣ ਵਾਲੀ ਔਰਤ ਨੂੰ ਜਨਮ ਤੋਂ ਪਹਿਲਾਂ ਜ਼ਰੂਰੀ ਸਹਾਇਤਾ ਦਿੱਤੀ ਜਾਂਦੀ ਹੈ। ਜਨਮ ਤੋਂ ਬਾਅਦ ਬੱਚੇ ਦਾ ਜਨਮ ਦਰਜ ਕਰ ਦਿੱਤਾ ਜਾਂਦਾ ਹੈ। ਬੱਚੇ ਅਤੇ ਮਾਂ ਦੋਹਾਂ ਨੂੰ ਹਸਪਤਾਲੀ ਅਤੇ ਡਾਕਟਰੀ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਕੁਝ ਦੇਰ ਬਾਅਦ ਜਦੋਂ ਬੱਚਾ ਵੱਡਾ ਹੁੰਦਾ ਹੈ ਤਾਂ ਰਾਜ ਉਸ ਦੇ ਪੜ੍ਹਨ ਲਈ ਸਕੂਲਾਂ ਦਾ ਪ੍ਰਬੰਧ ਕਰਦਾ ਹੈ। ਪੜ੍ਹਨ ਲਿਖਣ ਤੋਂ ਬਾਅਦ ਉਸ ਨੂੰ ਨੌਕਰੀ ਦਿਵਾਉਣਾ ਵੀ ਸਰਕਾਰ ਦਾ ਕੰਮ ਹੈ ਅਤੇ ਜੋ ਵਿਅਕਤੀ ਸਰਕਾਰੀ ਨੌਕਰੀ ਨਾ ਕਰਦਾ ਹੋਇਆ ਕਿਸੇ ਪ੍ਰਾਈਵੇਟ ਕੰਪਨੀ ਵਿੱਚ ਕੰਮ ਕਰਦਾ ਹੋਵੇ ਜਾਂ ਰਾਜ ਅਲਪਤਨ ਮਜ਼ਦੂਰੀ ਸੰਬੰਧੀ ਕਾਨੂੰਨ ਆਦਿ ਰਾਹੀਂ ਉਸਦੀ ਮਦਦ ਕਰਦਾ ਹੈ। ਇਥੇ ਹੀ ਬਸ ਨਹੀਂ ਸਗੋਂ ਉਸ ਨੂੰ ਰੋਜ਼ਾਨਾ ਜ਼ਿੰਦਗੀ ਦੀਆਂ ਸਾਰੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਅਤੇ ਪ੍ਰਸ਼ਾਸਨ ਉਸ ਦੀ ਜਾਨ ਅਤੇ ਮਾਲ, ਬਿਜਲੀ, ਸਿਹਤ ਅਤੇ ਅਜਿਹੀਆਂ ਸਮਾਜਿਕ ਜ਼ਰੂਰਤਾਂ ਲਈ ਜ਼ਿੰਮੇਵਾਰ ਹੈ। ਤਕਨੀਕੀ ਅਤੇ ਵਿਗਿਆਨਕ ਵਾਧੇ ਨੇ ਲੋਕਾਂ ਦੀ ਜ਼ਿੰਦਗੀ ਵਿੱਚ ਪ੍ਰਸ਼ਾਸਨ ਦੀ ਮਹੱਤਤਾ ਨੂੰ ਹੋਰ ਵੀ ਵਧਾ ਦਿੱਤਾ ਹੈ। ਵੱਡੇ ਪੈਮਾਨੇ ਤੇ ਵੱਧ ਰਹੇ ਉਦਯੋਗ, ਵੱਧ ਰਹੀ ਜਨਸੰਖਿਆ ਅਤੇ ਕੁਝ-ਕੁ ਹੱਥਾਂ ਵਿੱਚ ਇੱਕਠੀ ਹੋ ਰਹੀ ਆਰਥਿਕ ਸ਼ਕਤੀ ਨੇ ਕਾਫ਼ੀ ਹੱਦ ਤੱਕ ਲੋਕ ਪ੍ਰਸ਼ਾਸਨ ਦੀ ਮਹੱਤਤਾ ਦੇ ਘੇਰੇ ਨੂੰ ਹੋਰ ਵੱਡਾ ਕਰ ਦਿੱਤਾ ਹੈ। ਇਸ ਤਰ੍ਹਾਂ ਜ਼ਿੰਦਗੀ ਦੇ ਹਰ ਮੋੜ ਤੇ ਵਿਅਕਤੀਗਤ ਅਤੇ ਸਮਾਜੀ ਰੂਪ ਵਿੱਚ ਲੋਕ ਪ੍ਰਸ਼ਾਸਨ ਇੱਕ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ।

1.1.8 **ਸਾਰਾਂਸ਼** : ਲੋਕ ਪ੍ਰਸ਼ਾਸਨ ਦੀ ਮਹੱਤਤਾ ਹੋਣ ਕਰਕੇ ਨਾਗਰਿਕ ਅਤੇ ਸਰਕਾਰ ਇਸ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦੀ। ਇਹੀ ਕਾਰਨ ਹੈ ਕਿ ਲੋਕ ਪ੍ਰਸ਼ਾਸਨ ਇੱਕ ਜਿਊਂਦਾ-ਜਾਗਦਾ ਵਿਸ਼ਾ ਬਣ ਗਿਆ ਹੈ ਅਤੇ ਹਰ ਪੱਧਰ ਤੇ ਇਸ ਦੀ ਜਾਣਕਾਰੀ ਹਾਸਿਲ ਕਰਨ ਦੀ ਜ਼ਰੂਰਤ ਸਮਝੀ ਗਈ ਹੈ। ਇੱਕ ਪਾਸੇ ਤਾਂ ਇਹ ਦੇਸ਼ ਦੇ ਨੌਜਵਾਨਾਂ ਵਿੱਚ ਨਾਗਰਿਕ ਚੇਤੰਨਤਾ ਪੈਦਾ ਕਰੇਗਾ ਅਤੇ ਦੂਜੇ ਪਾਸੇ ਪ੍ਰਬੰਧਕਾਂ ਨੂੰ ਦੇਸ਼ ਦੀ ਸਮਾਜਿਕ ਤਰੱਕੀ ਦੇ ਮੰਤਵ ਦੀ ਪੂਰਤੀ ਲਈ ਅਮਲੀ ਹਿੱਸਾ ਲੈਣ ਵਿੱਚ ਸਹਾਈ ਹੋਵੇਗਾ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਆਧੁਨਿਕ ਯੁੱਗ ਵਿੱਚ ਲੋਕ ਪ੍ਰਸ਼ਾਸਨ ਅਜੋਕੇ ਸਮਾਜ ਦੇ ਵਿਕਾਸ ਅਤੇ ਤਰੱਕੀ ਲਈ ਇੱਕ ਹੁਨਰ ਦੇ ਤੌਰ ਤੇ ਨਹੀਂ ਸਗੋਂ, ਇੱਕ ਵਿਸ਼ੇ ਦੇ ਤੌਰ ਤੇ ਵੀ ਉੱਭਰ ਕੇ ਸਾਹਮਣੇ ਆਇਆ ਹੈ, ਜਿਸਦੀ ਦਿਨ ਪ੍ਰਤੀ ਦਿਨ ਲੋਕਪ੍ਰਿਯਤਾ ਵੱਧਦੀ ਜਾ ਰਹੀ ਹੈ। ਲੋਕ ਪ੍ਰਸ਼ਾਸਨ ਸੰਬੰਧੀ ਵੱਖ-ਵੱਖ ਪਰਿਭਾਸ਼ਾਵਾਂ ਤੁਹਾਨੂੰ ਇਸ ਦੇ ਅਰਥ, ਪ੍ਰਕ੍ਰਿਤੀ ਅਤੇ ਖੇਤਰ ਨੂੰ ਸਮਝਣ ਵਿੱਚ ਅਤਿ ਸਹਾਈ ਹੋਣਗੀਆਂ। ਇਸਦੀ ਮਹੱਤਤਾ ਬਾਰੇ ਜਾਣਕਾਰੀ ਹਾਸਿਲ ਕਰਨ ਉਪਰੰਤ ਇਸਦਾ ਹਰੇਕ ਮਨੁੱਖ ਦੇ ਜੀਵਨ ਵਿੱਚ ਭੂਮਿਕਾ ਸੰਬੰਧੀ ਕੋਈ ਸ਼ੰਕਾ ਨਹੀਂ ਰਹਿ ਜਾਂਦੀ ਹੈ।

**ਸਵੈ-ਪੱਖੀ ਪ੍ਰਸ਼ਨਾਵਲੀ-ਦੂਜੀ**

1. **ਲੋਕ ਪ੍ਰਸ਼ਾਸਨ ਦੀ ਪ੍ਰਕ੍ਰਿਤੀ ਸੰਬੰਧੀ ਕਿਤਨੇ ਮਤ ਹਨ ? ਉਹਨਾਂ ਦਾ ਵਿਸ਼ਲੇਸ਼ਣ ਕਰੋ।**

2. **ਕੀ ਲੋਕ ਪ੍ਰਸ਼ਾਸਨ ਇੱਕ ਕਲਾ ਹੈ ? ਹਾਂ/ਨਹੀ ਆਪਣੇ ਉੱਤਰ ਦੇ ਪੱਖ ਵਿੱਚ ਦਲੀਲਾਂ ਦਿਉ।**

3. **ਲੋਕ ਪ੍ਰਸ਼ਾਸਨ ਦੇ ਮਹੱਤਵ ਦਾ ਉਲੇਖ ਕਰੋ।**

### 1.1.9 ਸ਼ਬਦਾਵਲੀ

**ਪ੍ਰਸ਼ਾਸਨ**-'ਪ੍ਰਸ਼ਾਸਨ' ਸ਼ਬਦ ਅੰਗਰੇਜ਼ੀ ਸ਼ਬਦ 'ਐਡਮਿਨਿਸਟਰੇਸ਼ਨ' ਦਾ ਪੰਜਾਬੀ ਰੂਪਾਂਤਰ ਹੈ। ਐਡਮਿਨਿਸ਼ਟਰੇਸ਼ਨ ਸ਼ਬਦ ਦੇ ਲਾਤੀਨੀ ਸ਼ਬਦਾਂ 'ਐਡ' ਅਤੇ 'ਮਿਨਿਸਟੇਅਰ' ਨੂੰ ਮਿਲਾ ਕੇ ਬਣਿਆ ਹੈ ਜਿਸ ਤੋਂ ਭਾਵ 'ਟੂ ਸਰਵ' ਜਾਂ 'ਸੇਵਾ ਕਰਨਾ' ਹੈ।

**ਲੋਕ**-ਕਿਸੇ ਵੀ ਰਾਜ ਦੀ ਹੱਦ ਵਿੱਚ ਰਹਿਣ ਵਾਲੇ ਸਾਰੇ ਬਸ਼ਿੰਦੇ ਲੋਕ ਹੁੰਦੇ ਹਨ।

**ਕਾਰਜਪਾਲਿਕਾ**-ਸਰਕਾਰ ਦੀਆਂ ਤਿੰਨ ਮੁੱਖ ਸ਼ਾਖਾਵਾਂ ਵਿੱਚੋਂ ਇੱਕ ਸ਼ਾਖਾ/ਹੋਰ ਦੋ ਵਿਧਾਨ-ਪਾਲਿਕਾ ਅਤੇ ਨਿਆਂਪਾਲਿਕਾ ਹਨ। ਕਾਰਜ ਪਾਲਿਕਾ ਦਾ ਮੁੱਖ ਕਾਰਜ ਵਿਧਾਨ-ਪਾਲਿਕਾ ਦੁਆਰਾ ਬਣਾਈਆਂ ਗਈਆਂ ਨੀਤੀਆਂ ਨੂੰ ਲਾਗੂ ਕਰਨਾ ਹੈ।

### 1.1.10 ਸੰਬੰਧਿਤ ਪੁਸਤਕਾਂ ਦੀ ਸੂਚੀ :

1. ਸਾਹਿਬ ਸਿੰਘ, ਸਵਿੰਦਰ ਸਿੰਘ : ਲੋਕ ਪ੍ਰਸ਼ਾਸਨ-ਸਿਧਾਂਤ ਅਤੇ ਵਿਹਾਰ (ਪੰਜਾਬੀ)
2. ਅਵਸਥੀ ਅਤੇ ਮਹੇਸ਼ਵਰੀ : ਲੋਕ ਪ੍ਰਸ਼ਾਸਨ (ਅੰਗਰੇਜ਼ੀ)
3. ਹਰਬੀਰ ਸਿੰਘ : Public Administration (Pbi)
4. ਪੂਰੀ ਅਤੇ ਬਰਾਰਾ : ਲੋਕ ਪ੍ਰਸ਼ਾਸਨ
5. ਚੰਦਰ ਮੋਹਨ : ਲੋਕ ਪ੍ਰਸ਼ਾਸਨ (ਪੰਜਾਬੀ)
6. ਐਮ. ਪੀ. ਸ਼ਰਮਾ : ਪਬਲਿਕ ਐਡਮਿਨਿਸਟਰੇਸ਼ਨ ਇਨ ਥਿਊਰੀ ਐਂਡ ਪਰੈਕਟਿਸ (ਅੰਗਰੇਜ਼ੀ)

### 1.1.11 ਸਵੈ-ਪਰਖ ਲਈ ਦਿੱਤੇ ਪ੍ਰਸ਼ਨਾਂ ਦੇ ਉੱਤਰ :

**ਸਵੈ-ਪਰਖ ਪ੍ਰਸ਼ਨਾਵਲੀ—ਪਹਿਲੀ**

1.• ਐਲ. ਡੀ. ਵਾਈਟ—ਇਸ ਪਰਿਭਾਸ਼ਾ ਰਾਹੀਂ ਉਸਨੇ ਲੋਕ ਪ੍ਰਸ਼ਾਸਨ ਦੀ ਪ੍ਰਕ੍ਰਿਤੀ ਸੰਬੰਧੀ ਪੂਰਣ ਮਤ ਪ੍ਰਗਟਾਇਆ ਹੈ।

2.•ਤੁਹਾਡੇ ਉੱਤਰ ਵਿੱਚ ਨਿਮਨਲਿਖਿਤ ਨੁਕਤੇ ਸ਼ਾਮਿਲ ਹੋਣੇ ਚਾਹੀਦੇ ਹਨ

•ਲੋਕ ਪ੍ਰਸ਼ਾਸਨ ਸ਼ਬਦ ਜਿਹੜੇ ਦੋ ਸ਼ਬਦਾਂ ਨੂੰ ਮਿਲਾ ਕੇ ਬਣਿਆ ਹੈ, ਉਨ੍ਹਾਂ ਦਾ ਇਤਿਹਾਸਕ ਪਿਛੋਕੜ।

•ਸਭ ਪਰਿਭਾਸ਼ਾਵਾਂ ਦਾ ਉਚਿਤ ਅਧਿਐਨ ਕਰਨ ਉਪਰੰਤ ਉਸਦਾ ਨਿਚੋੜ ਆਪਣੇ ਸ਼ਬਦਾਂ ਵਿੱਚ ਦੇਵੋ।

**ਸਵੈ-ਪਰਖ ਪ੍ਰਸ਼ਨਾਵਲੀ—ਦੂਜੀ**

1.• ਦੋਨੋਂ ਮੱਤਾਂ ਦੇ ਨਾਮਾਂ ਦਾ ਉਲੇਖ ਕਰੋ। ਜਿਹੜੇ ਵਿਚਾਰਥ (ਘੱਟ ਤੋਂ ਘੱਟ ਦੋ ਨਾਮ) ਇਹਨਾਂ ਦੇ ਹਿਮਾਇਤੀ ਹਨ, ਉਨ੍ਹਾਂ ਦੇ ਨਾਮ ਦੱਸੋ।

• ਦੋਨੋਂ ਮੱਤਾਂ ਦੀ ਵਿਆਖਿਆ ਕਰੋ।

2.• ਕਲਾ ਦੀ ਪਰਿਭਾਸ਼ਾ ਦੇਵੋ।

• ਕਲਾ ਦੇ ਜਿਹੜੇ ਗੁਣ ਪ੍ਰਸ਼ਾਸਨ ਵਿੱਚ ਪਾਏ ਜਾਂਦੇ ਹਨ, ਉਹਨਾਂ ਦਾ ਉਲੇਖ ਕਰੋ।

• ਉਪਰੋਕਤ ਗੁਣਾਂ ਦੀ ਹੋਂਦ ਵਿੱਚ ਪ੍ਰਸ਼ਾਸਨ ਨੂੰ ਕਲਾ ਦਾ ਦਰਜਾ ਦੇਵੋ।

3.• ਨਿਮਨਲਿਖਿਤ ਆਧਾਰ ਉੱਤੇ ਉੱਤਰ ਲਿਖੋ :

• ਲੋਕ ਪ੍ਰਸ਼ਾਸਨ ਸਮਾਜ ਨੂੰ ਬਣਾਈ ਰੱਖਦਾ ਹੈ, ਭਾਵ ਚਲਦਾ ਰੱਖਦਾ ਹੈ।

• ਲੋਕ ਪ੍ਰਸ਼ਾਸਨ ਰਾਜ ਨੂੰ ਬਾਹਰੀ ਹਮਲੇ ਅਤੇ ਅੰਦਰੂਨੀ ਰੌਲੇ-ਗੌਲੇ ਤੋਂ ਬਚਾਉਂਦਾ ਹੈ।

**Updated On August, 2023 by Dr. Ravneet Kaur**

ਪਾਠ ਨੰਬਰ : 1.2 **Prepared By : Ravneet Kaur**

# ਲੋਕ ਪ੍ਰਸ਼ਾਸਨ ਅਤੇ ਨਿੱਜੀ ਪ੍ਰਸ਼ਾਸਨ

ਰੂਪ ਰੇਖਾ :

1.2.0 **ਉਦੇਸ਼**
1..2.1 **ਭੂਮਿਕਾ**
1.2.2 **ਅਰਥ**
1.2.3 **ਸਮਾਨਤਾਵਾਂ**
1.2.4 **ਅਸਮਾਨਤਾਵਾਂ**
1.2.5 **ਵਿਸ਼ਲੇਸ਼ਣ**
1.2.6 **ਸਾਰਾਂਸ਼**
1.2.8 **ਸ਼ਬਦਾਵਲੀ**
1.2.9 **ਸੰਬੰਧਿਤ ਪੁਸਤਕਾਂ ਦੀ ਸੂਚੀ**
1.2.10 **ਸਵੈ-ਪਰਖ ਲਈ ਦਿੱਤੇ ਪ੍ਰਸ਼ਨਾਂ ਦੇ ਉੱਤਰ**

1.2.0 **ਉਦੇਸ਼** : ਇਸ ਪਾਠ ਦਾ ਅਧਿਐਨ ਕਰਨ ਉਪਰੰਤ ਤੁਸੀਂ :

- ਦੋਹਾਂ ਦਾ ਅਰਥ ਅਤੇ ਉਹਨਾਂ ਵਿਚਕਾਰ ਸਮਾਨਤਾਵਾਂ ਦਾ ਵਰਣਨ ਕਰ ਸਕੋਗੇ;
- ਦੋਨਾਂ ਵਿਚਕਾਰ ਅਸਮਾਨਤਾਵਾਂ ਦਾ ਮੁਲਾਂਕਣ ਕਰਨ ਯੋਗ ਹੋਵੋਗੇ;
- ਆਧੁਨਿਕ ਲੋਕ ਪ੍ਰਸ਼ਾਸਨ ਦਾ ਅਰਥ ਅਤੇ ਉਸਦੀ ਵਿਸ਼ੇਸ਼ਤਾਵਾਂ ਦਾ ਉਲੇਖ ਕਰਨ ਯੋਗ ਹੋਵੇਗੇ।

1.2.1 **ਭੂਮਿਕਾ** : ਇਹ ਪਹਿਲੇ ਯੂਨਿਟ ਅਤੇ ਤੁਹਾਡੇ ਪਾਠ-ਕ੍ਰਮ ਅਨੁਸਾਰ ਪਰਚਾ ਪਹਿਲਾ ਦਾ ਪਾਠ ਨੰਬਰ ਦੂਜਾ ਹੈ। ਇਸ ਪਾਠ ਵਿੱਚ ਲੋਕ ਪ੍ਰਸ਼ਾਸਨ ਅਤੇ ਨਿੱਜੀ ਪ੍ਰਸ਼ਾਸਨ ਦਾ ਅਰਥ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਲੋਕ ਪ੍ਰਸ਼ਾਸਨ ਅਤੇ ਨਿੱਜੀ ਪ੍ਰਸ਼ਾਸਨ ਦਾ ਆਪਸੀ ਸੰਬੰਧ ਸਪੱਸ਼ਟ ਬਿਆਨ ਕੀਤੀ ਗਿਆ ਹੈ ਅਤੇ ਇਸ ਤਰ੍ਹਾਂ ਇਸ ਦਾ ਅਰਥ ਹੋਰ ਵਧੇਰੇ ਸਪੱਸ਼ਟ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

1.2.2 **ਅਰਥ** : ਲੋਕ ਪ੍ਰਸ਼ਾਸਨ ਦੀ ਪਰਿਭਾਸ਼ਾ ਦਿੰਦੇ ਹੋਏ ਅਸੀਂ ਪਹਿਲਾਂ ਹੀ ਦਸ ਚੁੱਕੇ ਹਾਂ ਕਿ ਜਦੋਂ ਸਰਕਾਰ ਕੇਂਦਰ, ਪ੍ਰਾਂਤਕ ਜਾਂ ਸਥਾਨਿਕ ਪੱਧਰ ਤੇ ਕੋਈ ਪ੍ਰਬੰਧਕ ਕੰਮ ਕਰੇ ਅਤੇ ਜਾਂ ਜਦੋਂ ਕਾਰਜਾਂ ਦਾ ਪ੍ਰਬੰਧ ਸਰਕਾਰ ਦੀ ਆਪਣੀ ਚਲਾਈ ਗਈ ਕਿਸੇ ਏਜੰਸੀ ਦੁਆਰਾ ਕੀਤਾ ਜਾਵੇ ਤਾਂ ਉਸ ਨੂੰ ਲੋਕ ਪ੍ਰਸ਼ਾਸਨ ਆਖਦੇ ਹਨ, ਪ੍ਰੰਤੂ ਇੱਕ ਵਿਅਕਤੀ ਦੇ ਆਪਣੀ ਤਾਕਤ ਮੁਤਾਬਿਕ ਕੀਤੇ ਗਏ ਕੰਮਾਂ ਨੂੰ ਨਿੱਜੀ ਪ੍ਰਸ਼ਾਸਨ ਕਿਹਾ ਜਾਂਦਾ ਹੈ। ਇਸ ਦੇ ਅਨੁਸਾਰ ਡਾਕ ਤੇ ਤਾਰ ਵਿਭਾਗ, ਰਾਜ ਬਿਜਲੀ ਬੋਰਡ ਅਤੇ ਸਰਕਾਰੀ ਵਿਦਿਅਕ ਵਿਭਾਗ ਆਦਿ ਲੋਕ ਪ੍ਰਸ਼ਾਸਨ ਦੀਆਂ ਕੁਝ ਉਦਾਹਰਣਾਂ ਹਨ ਜਦੋਂਕਿ ਪ੍ਰਾਈਵੇਟ ਕੰਪਨੀਆਂ ਜਿਵੇਂ ਕਿ D.C.M., O.C.M., ਆਦਿ ਜਿਨ੍ਹਾਂ ਦੀ ਮਲਕੀਅਤ ਪ੍ਰਾਈਵੇ ਟ ਹੱਥਾਂ ਵਿੱਚ ਹੈ, 'ਨਿੱਜੀ ਪ੍ਰਬੰਧ' ਜਾਂ 'ਨਿਜੀ ਪ੍ਰਸ਼ਾਸਨ' ਹਨ। ਲੋਕ ਪ੍ਰਸ਼ਾਸਨ ਦੇ ਪ੍ਰਭਾਵ ਨੂੰ ਸਪੱਸ਼ਟ ਤੌਰ ਤੇ ਸਮਝਣ ਲਈ ਲੋਕ ਪ੍ਰਸ਼ਾਸਨ ਤੇ ਨਿੱਜੀ ਪ੍ਰਸ਼ਾਸਨ ਦਾ ਭੇਦ ਜਾਣਨਾ ਜ਼ਰੂਰੀ ਹੈ।

1.2.3 **ਸਮਾਨਤਾਵਾਂ** :

ਲੋਕ ਤੇ ਨਿੱਜੀ ਪ੍ਰਸ਼ਾਸਨ ਦੇ ਸੰਬੰਧ ਵਿੱਚ ਵੀ ਦੋ ਵਿਚਾਰ ਹਨ। ਇੱਕ ਸਕੂਲ ਜਿਸ ਦੇ ਸਮਰਥਕ ਉਰਵਿਕ (Urwick), ਮੈਰੀ ਪਾਰਕਰ

ਫੌਲੇਟ (Mary Parker Follet) ਤੇ ਹੈਨਰੀ ਫੈਓਲ (Henry Fayol) ਆਦਿ ਹਨ ਦੇ ਵਿਚਾਰ ਅਨੁਸਾਰ ਇਨ੍ਹਾਂ ਵਿਚਾਲੇ

ਵਿੱਚ ਕੋਈ ਫ਼ਰਕ ਨਹੀਂ ਹੈ ਅਤੇ ਦੋਹਾਂ ਵਿੱਚ ਪ੍ਰਬੰਧ ਵੀ ਇੱਕੋ ਜਿਹਾ ਹੀ ਹੈ। ਹੈਨਰੀ ਫਿਓਲ (Henry Fayol) ਦਾ ਕਹਿਣਾ ਹੈ, "ਹੁਣ ਸਾਡੇ ਸਾਹਮਣੇ ਇੱਕ ਤੋਂ ਬਿਨਾਂ ਹੋਰ ਪ੍ਰਬੰਧਕੀ ਵਿਗਿਆਨ ਨਹੀਂ ਜੋ ਦੋਵੇਂ ਜਨਤਕ ਤੇ ਨਿੱਜੀ ਮਾਮਲਿਆਂ ਤੇ ਲਾਗੂ ਕੀਤਾ ਜਾ ਸਕੇ।" ਲੂਥਰ ਗੁਲਿਕ (Luther Gulick) ਵੀ ਇਸ ਵਿਚਾਰ ਨਾਲ ਸਹਿਮਤੀ ਰੱਖਦਾ ਹੋਇਆ ਲਿਖਦਾ ਹੈ, "ਬੈਂਕ ਵਾਲਿਆਂ ਦਾ ਜੀਵ ਰਸਾਇਣ ਵਿਗਿਆਨ, ਅਧਿਆਪਕਾਂ ਦਾ ਸਰੀਰਕ ਵਿਗਿਆਨ ਅਤੇ ਰਾਜਨੀਤਿਕ ਦਾ ਮਨੋ-ਵਿਗਿਆਨ ਵੱਖ-ਵੱਖ ਨਹੀਂ ਹੁੰਦਾ। ਉਸੇ ਤਰ੍ਹਾਂ ਖਾਸ ਕਿਸਮ ਦੇ ਮੰਤਵ ਅਨੁਸਾਰ ਪ੍ਰਸ਼ਾਸਨ ਜਾਂ ਪ੍ਰਬੰਧ ਦੇ ਅਧਿਐਨ ਦੀ ਉਪ-ਵੰਡ ਦੀ ਕੋਸ਼ਿਸ਼ਾਂ ਕਰਨਾ ਕਈ ਵਿਚਾਰਕਾਂ ਨੂੰ ਉਨ੍ਹਾਂ ਹੀ ਔਖਾ ਲੱਗਦਾ ਹੈ।" ਉਨ੍ਹਾਂ ਦਾ ਵਿਚਾਰ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਦੋਹਾਂ (ਲੋਕਾਂ ਅਤੇ ਨਿੱਜੀ ਪ੍ਰਸ਼ਾਸਨ) ਵਿੱਚ ਸਮਾਨਤਾਵਾਂ ਹਨ।

(1)ਦੋਹਾਂ ਲਈ ਜ਼ਰੂਰੀ ਕਈ ਲਿਖਤੀ ਹਿਸਾਬ ਵਾਲੀਆਂ, ਅੰਕੜਿਆਂ ਦੀਆਂ ਅਤੇ ਪ੍ਰਬੰਧਕੀ ਯੋਗਤਾਵਾਂ ਸਾਂਝੀਆਂ ਹਨ। ਇਹੋ ਕਾਰਨ ਹੈ ਕਿ ਦੋਹਾਂ ਦੇ ਕਰਮਚਾਰੀ ਆਪਸ ਵਿੱਚ ਅਕਸਰ ਬਦਲਦੇ ਰਹਿੰਦੇ ਹਨ। ਇਹ ਆਮ ਵੇਖਿਆ ਜਾਂਦਾ ਹੈ ਕਿ ਕਈ ਰਿਟਾਇਰ ਹੋਏ ਸਰਕਾਰੀ ਮੁਲਾਜ਼ਮਾਂ ਨੂੰ ਅਕਸਰ ਵਪਾਰਿਕ ਅਤੇ ਨਿੱਜੀ ਉਦਯੋਗ ਵਾਲੇ ਲੈ ਲੈਂਦੇ ਹਨ। ਸਰਕਾਰ ਵੀ ਗ਼ੈਰ-ਸਰਕਾਰੀ ਖੇਤਰ ਵਿੱਚ ਤਜ਼ਰਬੇ ਵਾਲਿਆਂ ਨੂੰ ਸਰਕਾਰੀ ਖੇਤਰ ਵਿੱਚ ਨਿਯੁਕਤ ਕਰ ਲੈਂਦੀ ਹੈ। ਉਦਾਹਰਣ ਦੇ ਤੌਰ ਤੇ ਬੈਂਕਾਂ ਦੇ ਰਾਸ਼ਟਰੀਕਰਨ ਤੋਂ ਬਾਅਦ ਰਾਸ਼ਟਰੀਕਰਨ ਹੋਏ ਬੈਂਕਾਂ ਦੇ ਤਕਰੀਬਨ ਸਾਰੇ ਕਰਮਚਾਰੀ ਰੱਖ ਲਏ ਗਏ ਹਨ। ਜੇ ਜਨਤਕ ਅਤੇ ਪ੍ਰਾਈਵੇਟ ਬੈਂਕਾਂ ਵਿੱਚ ਫ਼ਰਕ ਹੁੰਦਾ ਤਾਂ ਅਜਿਹਾ ਸੰਭਵ ਨਹੀਂ ਸੀ ਹੋ ਸਕਦਾ।

(2)ਨਿੱਜੀ ਵਪਾਰ ਘਰਾਂ ਵਿੱਚ ਅਪਣਾਏ ਗਏ ਢੰਗ ਅਤੇ ਗਿਆਨ ਦੁਆਰਾ ਲੋਕ ਪ੍ਰਸ਼ਾਸਨ ਨੂੰ ਸੁਚੱਜੇ ਬਣਾਉਣ ਦੇ ਢੰਗਾਂ ਵਿੱਚ ਵਾਧਾ ਕੀਤਾ ਜਾ ਰਿਹਾ ਹੈ, ਖਾਸ ਕਰਕੇ ਦਫ਼ਤਰੀ ਪ੍ਰਬੰਧ ਅਤੇ ਆਰਥਿਕ ਤੇ ਉਦਯੋਗ ਖੇਤਰ ਵਿਚ ਲੋਕ ਨਿਗਰ ਦੀ ਸਾਰੀ ਧਾਰਨਾ ਸੰਗਠਨ ਤੇ ਵਪਾਰਿਕ ਪ੍ਰਬੰਧ ਦਾ ਸੁਮੇਲ ਹੈ। ਇਸ ਤਰ੍ਹਾਂ ਵੱਡੇ ਪੈਮਾਨੇ ਤੇ ਵਪਾਰਿਕ ਪ੍ਰਬੰਧਾਂ ਦੇ ਅਮਲੇ ਦਾ ਪ੍ਰਬੰਧ ਅਤੇ ਆਡਿਟ ਆਦਿ ਵਿੱਚ ਸਰਕਾਰੀ ਤਰੀਕਿਆਂ ਦਾ ਅਸਰ ਪਿਆ।

(3)ਮਿਸ ਫੌਲੈਟ (Follet) ਨੇ ਠੀਕ ਹੀ ਕਿਹਾ ਹੈ, "ਵਪਾਰ ਤੇ ਉਦਯੋਗ ਦੇ ਪ੍ਰਬੰਧ ਨੇ ਸਾਡੇ ਜ਼ਮਾਨੇ ਦੇ ਬਦਲਦੇ ਹਾਲਤਾਂ ਅਨੁਸਾਰ ਆਪਣੇ ਆਪ ਨੂੰ ਢਾਲਣ ਦੀਆਂ ਕੋਸ਼ਿਸ਼ਾਂ ਵਿੱਚ ਸ਼ਾਨਦਾਰ ਤਰੱਕੀ ਕੀਤੀ ਹੈ ਅਤੇ ਲੋਕ ਪ੍ਰਸ਼ਾਸਨ ਪ੍ਰਬੰਧ ਦੀਆਂ ਨਵੀਆਂ ਤਕਨੀਕਾਂ ਨਾਲ ਆਪਣੇ ਤਜ਼ਰਬੇ ਅਤੇ ਨਤੀਜਿਆਂ ਤੋਂ ਅਵੇਸਲਾ ਨਹੀਂ ਹੋ ਸਕਦਾ।

### 1.2.4 ਲੋਕ ਪ੍ਰਸ਼ਾਸਨ ਤੇ ਨਿੱਜੀ ਪ੍ਰਸ਼ਾਸਨ ਵਿੱਚ ਅਸਮਾਨਤਾਵਾਂ (Differences between Public and Private Administration) :

ਲੋਕ ਅਤੇ ਨਿੱਜੀ ਪ੍ਰਸ਼ਾਸਨ ਵਿੱਚ ਕਈ ਸਮਾਨਤਾਵਾਂ ਹੋਣ ਦੇ ਬਾਵਜੂਦ ਇਨ੍ਹਾਂ ਵਿੱਚ ਅੰਤਰ ਵੀ ਹਨ। ਸਾਈਮਨ (Simon) ਦੇ ਅਨੁਸਾਰ ਲੋਕ ਪ੍ਰਸ਼ਾਸਨ ਦਫ਼ਤਰਸ਼ਾਹੀ ਅਤੇ ਰਾਜਨੀਤਿਕ ਹੈ, ਨਿੱਜੀ ਪ੍ਰਸ਼ਾਸਨ ਗ਼ੈਰ-ਰਾਜਨੀਤਿਕ। ਲੋਕ ਪ੍ਰਸ਼ਾਸਨ ਦੀ ਮੁੱਖ ਵਿਸ਼ੇਸ਼ਤਾ ਲਾਲ ਫੀਤਾਸ਼ਾਹੀ ਹੈ ਅਤੇ ਨਿੱਜੀ ਪ੍ਰਸ਼ਾਸਨ ਵਿੱਚ ਅਜਿਹਾ ਨਹੀਂ ਹੈ।

**(1) ਰਾਜਨੀਤਿਕ ਨਿਰਦੇਸ਼ਨ (Political Direction) :**

ਲੋਕ ਅਤੇ ਨਿੱਜੀ ਪ੍ਰਸ਼ਾਸਨ ਵਿੱਚ ਸਭ ਤੋਂ ਵੱਡਾ ਫ਼ਰਕ ਇਹ ਹੈ ਕਿ ਲੋਕ ਪ੍ਰੋਸ਼ਾਸ਼ਨ ਨੂੰ ਰਾਜਨੀਤਿਕ ਨਿਰਦੇਸ਼ਨ ਦੇ ਅਧੀਨ ਰਹਿਣਾ ਹੁੰਦਾ ਹੈ। ਉੱਥੇ ਨਿੱਜੀ ਪ੍ਰਸ਼ਾਸਨ ਤੇ ਅਜਿਹੀ ਕੋਈ ਪਾਬੰਦੀ ਨਹੀਂ ਹੈ। ਲੋਕ ਪ੍ਰਸ਼ਾਸਨ ਦੇ ਅਧੀਨ ਪ੍ਰਸ਼ਾਸਨ ਨੂੰ ਰਾਜਨੀਤਿਕ ਕਾਰਜ-ਪਾਲਿਕਾ ਵੱਲੋਂ ਮਿਲੀਆਂ ਆਗਿਆਵਾਂ ਦਾ ਪਾਲਣ ਕਰਨਾ ਹੁੰਦਾ ਹੈ। ਉਸ ਦੀ ਨਿੱਜੀ ਮਰਜੀ ਲਈ ਕੋਈ ਸਥਾਨ ਨਹੀਂ ਹੁੰਦਾ। ਉਸ ਨੂੰ ਪਾਰਲੀਮੈਂਟ ਵੱਲੋਂ ਪਾਸ ਕੀਤੇ ਗਏ ਰਾਜਨੀਤਿਕ ਨਿਰਣਿਆਂ ਤੇ ਨਿਰਭਰ ਕਰਨਾ ਪੈਂਦਾ ਹੈ। ਦੂਜੇ ਪਾਸੇ ਨਿੱਜੀ ਪ੍ਰਸ਼ਾਸਨ ਆਪਣੇ ਉਦੇਸ਼ ਆਪ ਨਿਰਧਾਰਿਤ ਕਰਦਾ ਹੈ, ਇਹ ਰਾਜਨੀਤਿਕ ਨਿਰਣਿਆਂ ਤੇ ਨਿਰਭਰ ਨਹੀਂ ਹੁੰਦੇ। ਭਾਵੇਂ ਹਾਲਤ ਅਨੁਸਾਰ ਸਰਕਾਰ ਇਨ੍ਹਾਂ ਮਾਮਲਿਆਂ ਨੂੰ ਵਿਨਿਯਮਿਤ ਕਰਨ ਲਈ ਕਾਨੂੰਨ ਬਣਾ ਸਕਦੀ ਹੈ। ਫਿਰ ਵੀ ਉਸਦੇ ਕਾਰਜ ਖੇਤਰ ਵਿੱਚ ਦਖ਼ਲ-ਅੰਦਾਜ਼ੀ ਨਹੀਂ ਕਰਦੀ।

**(2) ਲੋਕ ਮੰਤਵ (Profit Motive) :**

ਲੋਕ ਪ੍ਰਸ਼ਾਸਨ ਸੇਵਾ ਭਾਵ ਤੋਂ ਪ੍ਰੇਰਿਤ ਹੁੰਦਾ ਹੈ, ਜਦੋਂ ਕਿ ਨਿੱਜੀ ਪ੍ਰਸ਼ਾਸਨ ਦਾ ਮੰਤਵ ਲਾਭ ਕਮਾਉਣਾ ਹੈ। ਨਿੱਜੀ ਪ੍ਰਸ਼ਾਸਨ ਆਪਣੇ ਹੱਥ ਵਿੱਚ ਕੇਵਲ ਅਜਿਹਾ ਕੰਮ ਹੀ ਲਵੇਗਾ ਜਿਸ ਤੋਂ ਜ਼ਿਆਦਾ ਲਾਭ ਹੁੰਦਾ ਹੋਵੇ। ਪੂੰਜੀਪਤੀ ਕੱਪੜੇ ਦਾ ਕਾਰਖ਼ਾਨਾ ਤਾਂ ਹੀ ਲਾਵੇਗਾ, ਜੇ

ਉਸ ਨੂੰ ਇਸ ਤੋਂ ਲਾਭ ਹੋਵੇ, ਨਹੀਂ ਤਾਂ ਉਹ ਹੋਰ ਵਪਾਰ ਕਰ ਲਵੇਗਾ, ਭਾਵੇਂ ਦੇਸ਼ ਨੂੰ ਕੱਪੜੇ ਦੀ ਜ਼ਰੂਰਤ ਕਿੰਨੀ ਹੀ ਜ਼ਿਆਦਾ ਕਿਉਂ ਨਾ ਹੋਵੇ। ਪਰ ਲੋਕ ਪ੍ਰਸ਼ਾਸਨ ਇੰਜ ਨਹੀਂ ਕਰਦਾ। ਲੋਕ ਪ੍ਰਸ਼ਾਸਨ ਵਿੱਦਿਆ ਅਤੇ ਸਿਹਤ ਵਿਭਾਗ ਕਦੇ ਬੰਦ ਨਹੀਂ ਕਰ ਸਕਦਾ, ਭਾਵੇ ਉਸ ਨੂੰ ਕਿੰਨਾਂ ਹੀ ਘਾਟਾ ਕਿਉਂ ਨਾ ਸਹਿਣਾ ਪਵੇ। ਅਸਲ ਵਿੱਚ ਸਰਕਾਰ ਲੋਕਾਂ ਦੀਆਂ ਲੋੜਾਂ ਅਤੇ ਮੰਗਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸੇਵਾ ਦੀ ਭਾਵਨਾ ਨਾਲ ਕੰਮ ਕਰਦੀ ਹੈ। ਜਦੋਂ ਕਿ ਨਿਜੀ ਪ੍ਰਸ਼ਾਸਨ ਅਜਿਹਾ ਨਹੀਂ ਕਰਦਾ। ਲੋਕ ਪ੍ਰਸ਼ਾਸਨ ਅੰਦਰ ਰਾਜ ਨੂੰ ਕੁਝ ਅਜਿਹੇ ਕੰਮ ਵੀ ਕਰਨੇ ਪੈਂਦੇ ਹਨ, ਜਿਹੜੇ ਪੈਸਾ ਨਿੱਜੀ ਪ੍ਰਸ਼ਾਸਨ ਅਜਿਹਾ ਨਹੀਂ ਕਰਦਾ। ਲੋਕ ਪ੍ਰਸ਼ਾਸਨ ਅੰਦਰ ਰਾਜ ਨੂੰ ਕੁਝ ਅਜਿਹੇ ਕੰਮ ਵੀ ਕਰਨੇ ਪੈਂਦੇ ਹਨ, ਜਿਹੜੇ ਪੈਸਾ ਖਰਚ ਕਰਵਾਉਂਦੇ ਹਨ, ਜਿਵੇਂ ਕਿ ਸਰਕਾਰੀ ਸਕੂਲਾਂ ਨੂੰ ਚਲਾਉਣਾ, ਹਸਪਤਾਲ ਖੋਲ੍ਹਣੇ ਆਦਿ। ਇਨ੍ਹਾਂ ਦਾ ਮਕਸਦ ਸਿਰਫ਼ ਜਨਤਾ ਦੀ ਸੇਵਾ ਕਰਨਾ ਹੈ।

### (3) ਸੇਵਾ ਅਤੇ ਲਾਗਤ **(Service and Cost)** :

ਲੋਕ ਪ੍ਰਸ਼ਾਸਨ ਵਿੱਚ ਕੇਵਲ ਉਸ ਹੱਦ ਤੱਕ ਕਰ (Tax) ਦੇ ਰੂਪ ਵਿੱਚ ਪੈਸਾ ਇਕੱਠਾ ਕੀਤਾ ਜਾਂਦਾ ਹੈ, ਜਿਸ ਹੱਦ ਤੱਕ ਸੇਵਾ ਕਾਰਜ ਲਈ ਜ਼ਰੂਰੀ ਹੁੰਦਾ ਹੈ ਅਤੇ ਇਹ ਜ਼ਰੂਰਤ ਤੋਂ ਜ਼ਿਆਦਾ ਕਰ ਨਹੀਂ ਲੈਂਦਾ। ਇਸ ਦਾ ਭਾਵ ਇਹ ਕਿ ਲੋਕ ਪ੍ਰਸ਼ਾਸਨ ਦੁਆਰਾ ਦਿੱਤੀ ਗਈ ਸੇਵਾ ਅਤੇ ਲਾਗਤ ਰੂਪ ਵਿੱਚ ਜਨਤਾ ਕੋਲੋਂ ਵਸੂਲ ਕੀਤੇ ਧਨ ਵਿੱਚ ਇੱਕ ਡੂੰਘਾ ਸੰਬੰਧ ਰਹਿੰਦਾ ਹੈ। ਇਹੀ ਕਾਰਨ ਹੈ ਕਿ ਆਮ ਕਰਕੇ ਸਰਕਾਰ ਦੇ ਬਜਟ ਘਾਟੇ ਵਾਲੇ ਹੁੰਦੇ ਹਨ ਯਾਨੀ ਆਮਦਨ ਘੱਟ ਤੇ ਖ਼ਰਚ ਜ਼ਿਆਦਾ, ਜਦੋਂ ਕਿ ਨਿਜੀ ਪ੍ਰਸ਼ਾਸਨ ਵਿੱਚ ਲਾਭ ਦਾ ਮੰਤਵ ਹੋਣ ਕਰਕੇ ਹਮੇਸ਼ਾਂ ਆਮਦਨੀ ਖ਼ਰਚ ਨਾਲੋਂ ਵੱਧ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

### (4) ਕੰਮ ਦਾ ਸਰੂਪ **(Nature of Functions)** :

ਲੋਕ ਪ੍ਰਸ਼ਾਸਨ ਦਾ ਖੇਤਰ ਅਤਿ ਵਿਸ਼ਾਲ ਹੈ। ਇਹ ਲੋਕਾਂ ਦੀਆਂ ਕਈ ਤਰ੍ਹਾਂ ਦੀਆਂ ਜ਼ਰੂਰਤਾਂ ਨਾਲ ਸੰਬੰਧਿਤ ਹੈ ਕਿਉਂਕਿ ਇਸ ਦਾ ਮੰਤਵ ਵੱਧ ਤੋਂ ਵੱਧ ਲੋਕ ਸੇਵਾ ਕਰਨਾ ਹੈ। ਉਦਾਹਰਣ ਦੇ ਲਈ ਇਹ ਮਾਲ ਤੇ ਯਾਤਰੀਆਂ ਦੀ ਆਵਾਜਾਈ ਨੂੰ ਆਸਾਨ ਬਣਾਉਣ ਲਈ ਰੇਲ ਚਲਾਉਂਦਾ ਹੈ, ਸੰਚਾਰ ਦੀ ਸੋਖ ਲਈ ਇਹ ਡਾਕ ਅਤੇ ਤਾਰ ਦਾ ਪ੍ਰਬੰਧ ਕਰਦਾ ਹੈ। ਜਨ ਸਿਹਤ ਦੀ ਰੱਖਿਆ ਲਈ ਦਵਾਖਾਨੇ ਤੇ ਹਸਪਤਾਲ ਖੋਲ੍ਹਦਾ ਹੈ। ਕਲਿਆਣਕਾਰੀ ਰਾਜ ਅੰਦਰ ਰਾਜ ਦਾ ਕਾਰਜ ਖੇਤਰ ਵੀ ਵੱਡਾ ਹੋ ਜਾਂਦਾ ਹੈ ਕਿਉਂਕਿ ਇਸ ਦਾ ਉਦੇਸ਼ ਵੱਧ ਤੋਂ ਵੱਧ ਲੋਕਾਂ ਨੂੰ ਵੱਧ ਤੋਂ ਵੱਧ ਸੁੱਖ ਦੇਣਾ ਹੈ। ਨਿੱਜੀ ਪ੍ਰਸ਼ਾਸਨ ਵਿਚ ਅਜਿਹਾ ਨਹੀਂ ਹੁੰਦਾ। ਨਿੱਜੀ ਪ੍ਰਸ਼ਾਸਨ ਦਾ ਆਮ ਤੌਰ ਤੇ ਜ਼ਿੰਦਗੀ ਦੀਆਂ ਆਰਥਿਕ ਜ਼ਰੂਰਤਾਂ ਨਾਲ ਸੰਬੰਧ ਹੈ। ਇਸ ਦਾ ਮਨੁੱਖਾਂ ਦੇ ਸਮਾਜਿਕ ਪੱਖ ਨਾਲ ਬਹੁਤ ਸੰਬੰਧ ਨਹੀਂ ਹੁੰਦਾ। ਲੋਕ ਪ੍ਰਸ਼ਾਸਨ ਉਨ੍ਹਾਂ ਸਾਰੇ ਕੰਮਾਂ ਨੂੰ ਹੱਥ ਵਿੱਚ ਲੈਂਦਾ ਹੈ, ਜੋ ਲੋਕਾਂ ਦੇ ਚੰਗੇ ਜੀਵਨ ਲਈ ਜ਼ਰੂਰੀ ਹਨ। ਉਦਾਹਰਣ ਵਜੋਂ ਦੇਸ਼ ਦੀ ਸੁਰੱਖਿਆ ਤੇ ਕਾਨੂੰਨ ਅਤੇ ਵਿਵਸਥਾ ਦੀ ਸਥਾਪਨਾ ਆਦਿ। ਇਹ ਲੋਕਾਂ ਨੂੰ ਵਿੱਦਿਆ, ਸਿਹਤ ਅਤੇ ਹੋਰ ਤਰ੍ਹਾਂ ਦੀਆਂ ਅਜਿਹੀਆਂ ਸਹੂਲਤਾਂ ਦਿੰਦਾ ਹੈ, ਜਿਨ੍ਹਾਂ ਤੋਂ ਬਗ਼ੈਰ ਮਨੁੱਖਾਂ ਦਾ ਜੀਉਣਾ ਮੁਸ਼ਕਿਲ ਹੈ। ਦੂਜੇ ਪਾਸੇ ਨਿੱਜੀ ਪ੍ਰਸ਼ਾਸਨ ਵੀ ਕਾਫ਼ੀ ਮਹੱਤਵਪੂਰਨ ਕੰਮਾਂ ਨਾਲ ਸੰਬੰਧ ਰੱਖਦਾ ਹੈ ਜਿਵੇਂ ਕੱਪੜਾ ਤਿਆਰ ਕਰਨਾ, ਖੰਡ ਦੀ ਸਪਲਾਈ ਆਦਿ। ਇਸ ਤੋਂ ਇਲਾਵਾ ਕੁਝ ਕੁ ਸੇਵਾਵਾਂ ਉੱਪਰ ਲੋਕ ਪ੍ਰਸ਼ਾਸਨ ਏਕਾਧਿਕਾਰ ਰੱਖਦਾ ਹੈ ਜਿਵੇਂ ਕਿ ਰੇਲਾਂ ਨੂੰ ਆਪ ਹੀ ਚਲਾਉਂਦਾ ਹੈ। ਡਾਕ ਅਤੇ ਤਾਰ ਦਾ ਪ੍ਰਬੰਧ ਇਸ ਇਕੱਲੇ ਦੇ ਹੱਥ ਵਿੱਚ ਹੀ ਹੈ। ਨਿੱਜੀ ਪ੍ਰਸ਼ਾਸਨ ਇਨ੍ਹਾਂ ਕੰਮਾਂ ਨੂੰ ਨਹੀਂ ਚਲਾ ਸਕਦਾ। ਨਿੱਜੀ ਪ੍ਰਸ਼ਾਸਨ ਅਧੀਨ ਹੀ ਕੰਮ ਨੂੰ ਇੱਕ ਤੋਂ ਵੱਧ ਸੰਗਠਨ ਆਪਣੇ ਹੱਥ ਵਿੱਚ ਲੈਂਦੇ ਹਨ ਅਤੇ ਦੂਜੀ ਕੋਈ ਨਿੱਜੀ ਸੰਸਥਾ ਕਿਸੇ ਖਾਸ ਚੀਜ਼ ਦੀ ਤਿਆਰੀ ਵਿੱਚ ਏਕਾਧਿਕਾਰ ਪ੍ਰਾਪਤ ਕਰਨਾ ਚਾਹੁੰਦੀ ਹੈ ਤਾਂ ਉਸ ਨੂੰ ਅਜਿਹਾ ਨਹੀਂ ਕਰਨ ਦਿੱਤਾ ਜਾਂਦਾ ਕਿਉਂਕਿ ਇਸ ਨਾਲ ਰਾਸ਼ਟਰ ਦੀ ਆਰਥਿਕਤਾ ਤੇ ਅਸਰ ਪੈਂਦਾ ਹੈ।

### (5) ਲੋਕਾਂ ਪ੍ਰਤੀ ਜ਼ਿੰਮੇਵਾਰੀ **(Public Responsibility)** :

ਲੋਕ ਪ੍ਰਸ਼ਾਸਨ ਲੋਕਾਂ ਪ੍ਰਤੀ ਜ਼ਿੰਮੇਵਾਰ ਹੈ। ਜਨਤਕ ਕਰਮਚਾਰੀ ਆਪਣੇ ਵਿਭਾਗ ਦੇ ਰਾਜਨੀਤਿਕ ਮੁਖੀ ਭਾਵੇਂ ਮੰਤਰੀ ਪ੍ਰਤੀ ਜ਼ਿੰਮੇਵਾਰ ਹਨ ਅਤੇ ਮੰਤਰੀ ਵਿਧਾਨ ਪਾਲਿਕਾ ਪ੍ਰਤੀ ਜ਼ਿੰਮੇਵਾਰੀ ਹੈ। ਕੋਈ ਵੀ ਕਰਮਚਾਰੀ ਪਾਰਲੀਮੈਂਟ ਦੁਆਰਾ ਸਵੀਕਾਰ ਕੀਤੀ ਸਰਕਾਰੀ ਨੀਤੀ ਦੇ ਉਲਟ ਕੰਮ ਨਹੀਂ ਕਰ ਸਕਦਾ। ਪਰ ਨਿੱਜੀ ਪ੍ਰਸ਼ਾਸਨ ਵਿੱਚ ਅਜਿਹਾ ਨਹੀਂ ਹੁੰਦਾ। ਇਹ ਲੋਕਾਂ ਪ੍ਰਤੀ ਜ਼ਿੰਮੇਵਾਰ ਨਹੀਂ। ਬੇਸ਼ਕ ਲੋਕ ਪ੍ਰਸ਼ਾਸਨ ਦਾ ਦੂਜੇ ਹਰ ਪ੍ਰਕਾਰ ਦੇ ਪ੍ਰਸ਼ਾਸ਼ਕੀ ਕੰਮਾਂ ਨਾਲ ਸਭ ਤੋਂ ਵੱਡਾ ਭੇਦ ਉਸਦੇ ਲੋਕਵਾਦੀ ਸਰੂਪ ਕਰਕੇ ਤੇ ਉਸ ਦੇ ਤਰੀਕੇ ਕਰਕੇ ਹੈ, ਜਿਸਦੇ ਅਨੁਸਾਰ ਇਸ ਨੂੰ ਲੋਕਾਂ ਦੀ ਤਿੱਖੀ ਨਜ਼ਰ ਤੇ ਆਲੋਚਨਾ ਦੇ ਅਧੀਨ ਰਹਿਣਾ ਪੈਂਦਾ ਹੈ।

### (6) ਸਮਾਨ ਵਿਵਹਾਰ **(Uniform Treatment)** :

ਲੋਕ ਪ੍ਰਸ਼ਾਸਨ ਨੂੰ ਆਪਣੀ ਕਾਰਜਗੁਜ਼ਾਰੀ ਦੇ ਮਾਮਲੇ ਵਿੱਚ ਲੋਕਾਂ ਨਾਲ ਆਪਣੇ ਵਿਵਹਾਰ ਵਿੱਚ ਸਮਰੂਪ ਹੋਣ ਪੈਂਦਾ ਹੈ। ਸਰਕਾਰੀ

ਅਧਿਕਾਰੀ ਨੂੰ ਇੱਕ ਨਿਸ਼ਚਿਤ ਨੀਤੀ ਤੇ ਕੰਮ ਕਰਨਾ ਪੈਂਦਾ ਹੈ ਅਤੇ ਉਹ ਇਸ ਤੋਂ ਇੱਧਰ-ਉੱਧਰ ਨਹੀਂ ਹੋ ਸਕਦਾ। ਕਿਸੇ ਇੱਕ ਦਾ ਪੱਖ ਲੈਣ ਅਤੇ ਵਿਰੋਧ ਕਰਨ ਦੀ ਨੀਤੀ ਉਹ ਨਹੀਂ ਅਪਣਾ ਸਕਦਾ। ਸਰਕਾਰ ਅਜਿਹਾ ਫ਼ਰਕ ਨਹੀਂ ਪਾ ਸਕਦੀ। ਇਸ ਦਾ ਸਮਾਨ ਵਿਹਾਰ ਨੀਤੀ ਹੈ। ਪਰ ਨਿੱਜੀ ਪ੍ਰਸ਼ਾਸਨ ਨੂੰ ਇਸ ਤਰ੍ਹਾਂ ਦੇ ਸਾਮਾਨ ਵਿਹਾਰ ਦੀ ਫਿਕਰ ਵਿੱਚ ਘੁਲਣਾ ਨਹੀਂ ਪੈਂਦਾ। ਵਪਾਰੀ ਦੋਹਰਾ ਵਿਹਾਰ ਕਰ ਸਕਦਾ ਹੈ। ਉਹ ਆਪਣੀ ਮਰਜ਼ੀ ਅਨੁਸਾਰ ਜਿਸ ਨੂੰ ਚਾਹੇ ਫ਼ਾਇਦਾ ਦੇ ਸਕਦਾ ਹੈ। ਇੱਕ ਕੱਪੜਾ ਵੇਚਣ ਵਾਲੇ ਦੁਕਾਨਦਾਰ ਦੀ ਆਪਣੀ ਮਰਜ਼ੀ ਹੈ ਕਿ ਕਿਸੇ ਨੂੰ ਕੱਪੜਾ ਉਧਾਰ ਦੇਵੇ ਜਾਂ ਨਾ। ਇਸ ਮਾਮਲੇ ਵਿੱਚ ਉਹ ਕਿਸੇ ਅੱਗੇ ਜਵਾਬਦੇਹ ਨਹੀਂ। ਇਹ ਦੋਹਰਾ ਵਿਵਹਾਰ ਲੋਕ ਪ੍ਰਸ਼ਾਸਨ ਵਿੱਚ ਨਹੀਂ ਹੋ ਸਕਦਾ। ਮਸਲਨ ਡਾਕਖਾਨੇ ਦਾ ਕਲਰਕ ਹਰ ਰੋਜ਼ ਟਿਕਟਾਂ ਖਰੀਦਣ ਵਾਲੇ ਗਾਹਕਾਂ ਨੂੰ ਵੀ ਉਧਾਰ ਟਿਕਟਾਂ ਨਹੀਂ ਦੇ ਸਕਦਾ।

### (7) ਲੋਕ ਸੰਪਰਕ **(Public Relations)** :

ਲੋਕ ਸੰਪਰਕ ਦੇ ਮਾਮਲੇ ਤੇ ਵੀ ਲੋਕ ਪ੍ਰਸ਼ਾਸਨ ਤੇ ਨਿੱਜੀ ਪ੍ਰਸ਼ਾਸਨ ਵਿੱਚ ਫਰਕ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਲੋਕ ਪ੍ਰਸ਼ਾਸਨ ਨੇ ਇਹ ਸਿਧਾਂਤ ਵਿਉਪਾਰੀ ਦੁਨੀਆਂ ਤੋਂ ਲਿਆ ਜਿਥੇ ਪਹਿਲੇ ਇਸ ਨੂੰ ਗਾਹਕ ਫਸਾਉਣ ਦੇ ਢੰਗ ਦੇ ਤੌਰ ਤੇ ਅਜਮਾਇਆ ਗਿਆ। ਪਰ ਲੋਕ ਪ੍ਰਸ਼ਾਸਨ ਦੀ ਦੁਨੀਆਂ ਵਿੱਚ ਅੱਜ ਤਕ ਇਹ ਪੂਰੇ ਤੌਰ ਤੇ ਲਾਗੂ ਨਹੀਂ ਹੋ ਸਕਿਆ ਅਤੇ ਨਾ ਹੀ ਆਸ ਕੀਤੀ ਜਾਣੀ ਚਾਹੀਦੀ ਹੈ ਕਿ ਇਸ ਖੇਤਰ ਅੰਦਰ ਉਸ ਦਾ ਉਹ ਰੂਪ ਹੋਵੇਗਾ ਜਿਹੜਾ ਵਪਾਰੀ ਦੁਨੀਆਂ ਅੰਦਰ ਸੇਲਜ਼ਮੈਨ ਦਾ ਹੈ। ਮਿਸ਼ਾਲ ਵਜੋਂ ਇੱਕ ਵਪਾਰੀ ਗਾਹਕ ਖਿੱਚਣ ਲਈ ਸ਼ਾਨਦਾਰ ਤੇ ਦਿਲ ਲਭਾਉਣ ਵਾਲੀਆਂ ਕੋਸ਼ਿਸ਼ਾਂ ਕਰਦਾ ਹੈ, ਪਰ ਇੱਕ ਕੋ-ਆਪਰੇਟਿਵ ਸਟੋਰ ਦਾ ਸਾਮਾਨ ਵੇਚਣ ਵਾਲਾ ਗਾਹਕ ਦਾ ਧਿਆਨ ਖਿੱਚਣ ਦੀਆਂ ਕਦੇ ਵੀ ਕੋਸ਼ਿਸ਼ਾਂ ਨਹੀਂ ਕਰਦਾ। ਨਿੱਜੀ ਪ੍ਰਸ਼ਾਸਨ ਵਿੱਚ ਆਪਣੀ ਮਲਕੀਅਤ ਦੀ ਭਾਵਨਾ ਹੁੰਦੀ ਹੈ ਜੋ ਲੋਕ ਪ੍ਰਸ਼ਾਸਨ ਵਿੱਚ ਨਹੀਂ ਹੋ ਸਕਦਾ।

### (8) ਸੰਗਠਨ **(Organisation)** :

ਸੰਗਠਨ ਦਾ ਸਿਧਾਂਤ ਭਾਵੇਂ ਲੋਕ ਅਤੇ ਨਿੱਜੀ ਦੋਹਾਂ ਪ੍ਰਸ਼ਾਸਕਾਂ ਲਈ ਇਕੋ ਜਿਹੀ ਮਹੱਤਤਾ ਰੱਖਦਾ ਹੈ ਤਾਂ ਵੀ ਦੋਹਾਂ ਦੇ ਕੰਮ ਕਰਨ ਦੇ ਤਰੀਕੇ ਅਲੱਗ-ਅਲੱਗ ਹਨ। ਲੋਕ ਪ੍ਰਸ਼ਾਸਨ ਦੇ ਅੰਦਰ ਸੰਗਠਨ ਦੀ ਕੋਈ ਵੀ ਖਰਾਬੀ ਨਿੱਜੀ ਪ੍ਰਸ਼ਾਸਨ ਵਿੱਚ ਕੁਸੰਗਠਨ ਦੇ ਨੁਕਸਾਨ ਨਾਲੋਂ ਕਿਤੇ ਵੱਧ ਨੁਕਸਾਨ ਪਹੁੰਚਾ ਸਕਦੀ ਹੈ।

ਹਕਸਲੇ (Huxley) ਦਾ ਕਥਨ ਹੈ ਕਿ ਰਾਜ ਦਾ ਨਿਵਾਸ ਇੱਕ ਸ਼ੀਸ਼ੇ ਦੇ ਮਕਾਨ ਦੇ ਅੰਦਰ ਹੈ। ਇਸ ਦੇ ਸਾਰੇ ਕੰਮ ਇਸੇ ਤਰ੍ਹਾਂ ਦੇ ਹਨ ਅਤੇ ਇਸ ਤਰ੍ਹਾਂ ਦੀਆਂ ਅਸਫ਼ਲਤਾਵਾਂ ਦੀ ਚਾਹੇ ਉਹ ਜ਼ਿਆਦਾ ਹਨ ਜਾਂ ਘੱਟ, ਚੰਗੀ ਚਰਚਾ ਹੁੰਦੀ ਹੈ। ਇਸ ਦੇ ਉਲਟ ਪ੍ਰਾਈਵੇਟ ਸੰਸਥਾਵਾਂ ਪੱਥਰ ਦੀ ਚਾਰ ਦੀਵਾਰੀ ਦੇ ਅੰਦਰ ਰਹਿ ਕੇ ਆਪਣਾ ਕੰਮ ਕਰਦੀਆਂ ਹਨ ਜਿਸ ਅੰਦਰ ਕੋਈ ਝਾਤ ਨਹੀਂ ਪਾ ਸਕਦਾ।

### (9) ਨਿਪੁੰਨਤਾ **(Efficiency)** :

ਕੁਝ ਲੋਕਾਂ ਦਾ ਖਿਆਲ ਹੈ ਕਿ ਨਿੱਜੀ ਪ੍ਰਸ਼ਾਸਨ ਵਿੱਚ ਸੁਯੋਗਤਾ ਲੋਕ ਪ੍ਰਸ਼ਾਸਨ ਦੇ ਮੁਕਾਬਲੇ ਜ਼ਿਆਦਾ ਹੁੰਦਾ ਹੈ ਕਿਉਂਕਿ ਲੋਕ ਪ੍ਰਸ਼ਾਸਨ ਅੰਦਰ ਲਾਲ ਫੀਤਾ ਸ਼ਾਹੀ, ਫਜ਼ੂਲ ਖਰਚੀ, ਭ੍ਰਿਸ਼ਟਾਚਾਰ ਤੇ ਆਯੋਗਤਾ ਦਾ ਬੋਲਬਾਲਾ ਹੁੰਦਾ ਹੈ। ਨਿੱਜੀ ਪ੍ਰਸ਼ਾਸਨ ਵਧੇਰੇ ਲਾਭ ਜਾਂ ਲਾਲਚ ਨਾਲ ਆਪਣਾ ਕੰਮ ਪੂਰਾ ਕਰਨ ਦੀ ਪ੍ਰੇਰਨਾ ਦਿੰਦਾ ਹੈ ਪਰ ਲੋਕ ਪ੍ਰਸ਼ਾਸਨ ਵਿੱਚ ਅਜਿਹੇ ਲਾਲਚ ਦੀ ਹੋਂਦ ਨਹੀਂ ਹੈ। ਇਸ ਦਾ ਅਰਥ ਇਹ ਨਹੀਂ ਕਿ ਨਿੱਜੀ ਪ੍ਰਸ਼ਾਸਨ ਵਿੱਚ ਕਦੇ ਵੀ ਕਮੀਆਂ ਨਹੀਂ ਹੁੰਦੀਆਂ। ਅਜਿਹੀਆਂ ਮਿਸਾਲਾਂ ਵੀ ਦੇਖੀਆਂ ਗਈਆਂ ਹਨ ਜਿਥੇ ਵਪਾਰੀ ਸੁਸਤ ਤੇ ਬੇਵਕੂਫ ਹੋਣ ਕਰਕੇ ਆਪਣਾ ਧੰਦਾ ਠੀਕ ਤਰ੍ਹਾਂ ਨਹੀਂ ਚਲਾ ਸਕਦਾ ਅਤੇ ਇਸ ਦੇ ਉਲਟ ਇੱਕ ਸੁਯੋਗ ਅਤੇ ਇਮਾਨਦਾਰ ਸਰਕਾਰੀ ਕਰਮਚਾਰੀ ਦਿਲ ਲਾ ਕੇ ਕੰਮ ਕਰਦਾ ਹੈ ਅਤੇ ਲੋਕ ਪ੍ਰਸ਼ਾਸਨ ਨੂੰ ਨਿੱਜੀ ਪ੍ਰਸ਼ਾਸਨ ਨਾਲੋਂ ਜ਼ਿਆਦਾ ਕੁਸ਼ਲ ਬਣਾ ਦਿੰਦਾ ਹੈ। ਇਸ ਲਈ ਜੇ ਸਰਕਾਰੀ ਕਰਮਚਾਰੀਆਂ ਨੂੰ ਵੀ ਉਤਸ਼ਾਹ ਵਜੋਂ ਕੁਝ ਇਨਾਮ ਦਿੱਤੇ ਜਾਣ ਤਾਂ ਉਹ ਦਿਲੋਂ ਜਾਨ ਨਾਲ ਕੰਮ ਕਰਕੇ ਲੋਕ ਪ੍ਰਸ਼ਾਸਨ ਨੂੰ ਹੋਰ ਵੀ ਕੁਸ਼ਲ ਬਣਾ ਸਕਣਗੇ।

**(10) ਸਮਾਜਿਕ ਲੋੜ (Social Necessity)** :ਲੋਕ ਪ੍ਰਸ਼ਾਸਨ ਸਮਾਜਿਕ ਜ਼ਰੂਰਤ ਦਾ ਨਤੀਜਾ ਹੈ। ਇਸ ਤੋਂ ਬਿਨਾਂ ਇਨਸਾਨ ਦੀ ਜਾਨ ਤੇ ਮਾਲ ਦੀ ਰੱਖਿਆ ਨਹੀਂ ਹੋ ਸਕਦੀ ਹੈ। ਦੂਜੇ ਪਾਸੇ ਨਿੱਜੀ ਪ੍ਰਸ਼ਾਸਨ ਭਾਵੇਂ ਸਮਾਜ ਦੀਆਂ ਸਮਾਜਿਕ ਅਤੇ ਆਰਥਿਕ ਜ਼ਰੂਰਤਾਂ ਪੂਰੀਆਂ ਕਰਨ ਵਿੱਚ ਮਦਦ ਕਰਦਾ ਹੈ, ਪਰ ਇਸ ਦਾ ਅਸਲੀ ਮੰਤਵ ਲਾਭ ਪ੍ਰਾਪਤ ਕਰਨਾ ਹੈ ਜਿਸ ਦਾ ਸਮਾਜਿਕ ਕਲਿਆਣ, ਸਿਹਤ ਜਾਂ ਸੁਰੱਖਿਆ ਨਾਲ ਕੋਈ ਸੰਬੰਧ ਨਹੀਂ ਹੁੰਦਾ।

### (11) ਨਿਯੰਤਰਣ **(Control)** :

ਲੋਕ ਪ੍ਰਸ਼ਾਸਨ ਬਾਹਰੋਂ ਵਿੱਤੀ, ਅਦਾਲਤੀ ਤੇ ਕਾਨੂੰਨੀ ਨਿਯੰਤਰਣ ਦੇ ਸਿਧਾਂਤ ਅਧੀਨ ਹੈ, ਜਦੋਂ ਕਿ ਨਿੱਜੀ ਪ੍ਰਸ਼ਾਸਨ ਵਿੱਚ ਬਾਹਰਲਾ ਨਿਯੰਤਰਣ ਸੀਮਿਤ ਤੇ ਵਿਨਿਯਮਤ ਹੈ।

1.2.5 **ਵਿਸ਼ਲੇਸ਼ਣ** ਲੋਕ ਅਤੇ ਨਿੱਜੀ ਪ੍ਰਸ਼ਾਸਨ ਦੇ ਵਿਸ਼ਲੇਸ਼ਣਾਤਮਕ ਅਧਿਐਨ ਤੋਂ ਬਾਅਦ ਇੰਝ ਲੱਗਦਾ ਹੈ ਕਿ ਇਹ ਭੇਦ ਵਾਸਤਵ ਵਿੱਚ ਉਨ੍ਹਾਂ ਨਹੀਂ ਜਿੰਨਾ ਦਿਖਾਈ ਦਿੰਦਾ ਹੈ। ਦਿਨ-ਬ-ਦਿਨ ਦੋਨੋਂ ਪ੍ਰਸ਼ਾਸਨ ਇੱਕ ਦੂਜੇ ਦੇ ਨੇੜੇ ਆ ਰਹੇ ਹਨ ਅਤੇ ਇੱਕ ਦੂਜੇ ਦੀਆਂ ਵਿਸ਼ੇਸ਼ਤਾਵਾਂ ਅਪਣਾ ਰਹੇ ਹਨ। ਵਾਲਡੋ (Waldo) ਦੇ ਸ਼ਬਦਾਂ ਵਿੱਚ ਉਹ ਆਮ ਗੱਲਾਂ ਜਿਵੇਂਵਿਸ਼ੇਸ਼ ਧਿਆਨ, ਵਿਹਾਰ ਦੀ ਸਮਾਨਤਾ, ਕਾਨੂੰਨੀ ਅਧਿਕਾਰ ਅਤੇ ਕੰਮ ਕਰਨ ਦੀ ਜ਼ਿੰਮੇਵਾਰੀ, ਨਿਰਣਿਆਂ ਦਾ ਨਿਆਂ ਅਨੁਸਾਰ ਹੋਣਾ, ਰੁਪਏ ਪੈਸੇ ਵਿੱਚ ਦਿਆਨਤਦਾਰੀ ਅਤੇ ਸਾਵਧਾਨੀ ਅਨੇਕ ਹੋਰ ਗੱਲਾਂ ਜਿਹੜੀਆਂ ਲੋਕ ਪ੍ਰਸ਼ਾਸਨ ਨੂੰ ਨਿੱਜੀ ਪ੍ਰਸ਼ਾਸਨ ਤੋਂ ਨਿਖੇੜਦੀਆਂ ਹਨ, ਵਾਸਤਵ ਵਿੱਚ ਅਮਲ ਵਿੱਚ ਬਹੁਤ ਘੱਟ ਆਉਂਦੀਆਂ ਹਨ। ਅਸਲ ਵਿੱਚ ਲੋਕ ਅਤੇ ਨਿੱਜੀ ਪ੍ਰਸ਼ਾਸਨ ਇੱਕ ਹੀ ਸਿੱਕੇ ਦੇ ਦੋ ਪਾਸੇ ਹਨ। ਉਨ੍ਹਾਂ ਦਰਮਿਆਨ ਖੇਤਰ ਦਾ ਅੰਤਰ ਹੈ ਭਾਵ ਲੋਕ ਪ੍ਰਸ਼ਾਸਨ ਦਾ ਖੇਤਰ ਵਿਸ਼ਾਲ ਹੈ ਅਤੇ ਨਿਜੀ ਪ੍ਰਸ਼ਾਸਨ ਦਾ ਖੇਤਰ ਸੀਮਿਤ ਹੁੰਦਾ ਹੈ। ਜਿਹੜੀਆਂ ਉਨ੍ਹਾਂ ਨੂੰ ਇੱਕ ਦੂਜੇ ਤੋਂ ਨਿਖੜਵਾਂ ਰੂਪ ਪ੍ਰਦਾਨ ਕਰਦੀਆਂ ਹਨ।

**ਸਵੈ-ਪਰਖ ਪ੍ਰਸ਼ਨਾਵਲੀ-ਪਹਿਲੀ** :

1. **ਲੋਕ ਪ੍ਰਸ਼ਾਸਨ ਅਤੇ ਨਿੱਜੀ ਪ੍ਰਸ਼ਾਸਨ ਵਿਚ ਦੋਹਾਂ ਦੀਆਂ ਪਰਿਭਾਸ਼ਾ ਰਾਹੀਂ ਅੰਤਰ ਸਪਸ਼ਟ ਕਰੋ।**

____________________
____________________
____________________
____________________
____________________

2. **ਲੋਕ ਪ੍ਰਸ਼ਾਸਨ ਅਤੇ ਨਿੱਜੀ ਪ੍ਰਸ਼ਾਸਨ ਦੀਆਂ ਕੋਈ ਪੰਜ ਅਸਮਾਨਤਾਵਾਂ ਦਾ ਵਰਨਣ ਕਰੋ।**

____________________
____________________
____________________
____________________

1.2.6 **ਸਾਰਾਂਸ਼** :

ਤੁਸੀਂ ਇਸ ਪਾਠ ਵਿਚ ਨਿੱਜੀ ਪ੍ਰਸ਼ਾਸਨ ਅਤੇ ਲੋਕ ਪ੍ਰਸ਼ਾਸਨ ਵਿਚਕਾਰ ਅੰਤਰ ਬਾਰੇ ਜਾਣਕਾਰੀ ਹਾਸਿਲ ਕੀਤੀ। ਪਾਠ ਦੇ ਧਿਆਨ ਪੂਰਵਕ ਅਧਿਐਨ ਉਪਰੰਤ ਆਪਾਂ ਕਹਿ ਸਕਦੇ ਹਾਂ ਕਿ ਦੋਹਾਂ ਵਿਚ ਮੁੱਢਲੇ ਸਿਧਾਂਤ ਲਗਭਗ ਇਕੋ ਜਿਹੇ ਹਨ, ਅੰਤਰ ਕੇਵਲ ਉਹਨਾਂ ਦੇ ਕਾਰਜ ਵਿਚ ਅਤੇ ਇਹਨਾਂ ਕਾਰਜਾਂ ਨੂੰ ਕਰਨ ਦੇ ਤਰੀਕੇ, ਢੰਗ ਜਾਂ ਤਕਨੀਕਾਂ ਵਿਚ ਪਾਇਆ ਜਾਂਦਾ ਹੈ।

1.2.7 **ਸ਼ਬਦਾਵਲੀ** :

| | | |
|---|---|---|
| ਨਿੱਜੀ | - | ਵਿਅਕਤੀਗਤ |
| ਨਿੱਜੀ ਪ੍ਰਸ਼ਾਸਨ | - | ਭਾਵ ਕਿਸੇ ਇਕ ਵਿਅਕਤੀ ਜਾਂ ਕੁਝ ਕੁ ਵਿਅਕਤੀਆਂ ਦੇ ਸਮੂਹ ਨਾਲ ਸੰਬੰਧਿਤ ਕਾਰਜਾਂ ਦਾ ਪ੍ਰਬੰਧ। |
| ਰਾਸ਼ਟਰੀਕਰਣ | - | ਭਾਵ ਨਿੱਜੀ ਸੰਪਤੀ ਨੂੰ ਸਰਕਾਰੀ ਸੰਪਤੀ ਵਿਚ ਐਕਟ ਰਾਹੀਂ ਤਬਦੀਲ ਕਰਨਾ ਜਾਂ Take over ਕਰ ਲੈਣਾ। |

**1.2.8 ਸੁਝਾਈਆਂ ਗਈਆਂ ਪੁਸਤਕਾਂ ਦੀ ਸੂਚੀ :**

ਐਸ. ਮਹੇਸ਼ਵਰੀ : ਐਡਮਿਨਿਸਟਰੇਟਿਵ ਥਿਊਰੀ : ਐਨ ਇਨਟਰੋਡਕਸ਼ਨ (ਅੰਗਰੇਜ਼ੀ ਵਿਚ)

ਅਵਸਥੀ ਮਹੇਸ਼ਵਰੀ : ਪਬਲਿਕ ਐਡਮਿਨਿਸਟਰੇਸ਼ਨ

ਐਮ.ਪੀ. ਸ਼ਰਮਾ : ਪਬਲਿਕ ਐਡਮਿਨਿਸਟਰੇਸ਼ਨ ਇਨ ਥਿਊਰੀ ਐਂਡ ਪ੍ਰੈਕਟਿਸ

ਸਾਹਿਬ ਸਿੰਘ, ਸਵਿੰਦਰ ਸਿੰਘ : ਲੋਕ ਪ੍ਰਸ਼ਾਸਨ - ਸਿਧਾਂਤ ਅਤੇ ਵਿਵਹਾਰ

**1.2.9 ਸਵੈ-ਪਰਖ ਲਇਪ੍ਰਸ਼ਨਾਂ ਦੇ ਉੱਤਰ :**

**ਸਵੈ ਪਰਖ ਪ੍ਰਸ਼ਨਾਵਲੀ ਪਹਿਲੀ :**

1.ਪਹਿਲੇ ਪ੍ਰਸ਼ਨ ਦੇ ਉੱਤਰ ਲਈ ਪਾਠ ਵਿਚ ਦਿੱਤੀਆਂ ਗਈਆਂ ਕਈ ਪਰਿਭਾਸ਼ਾਵਾਂ ਵਿਚੋਂ ਦੋਹਾਂ ਸੰਬੰਧੀ ਇਕ-ਇਕ ਪਰਿਭਾਸ਼ਾ ਲਿਖੋ।

2.ਤੁਹਾਡੇ ਉੱਤਰ ਵਿਚ ਸਭ ਤੋਂ ਪਹਿਲਾਂ ਦੋਹਾਂ ਦੀ ਕਾਨੂੰਨੀ ਆਧਾਰ ਤੇ ਅਸਮਾਨਤਾ ਬਿਆਨ ਕੀਤੀ ਜਾਵੇ।ਫਿਰ ਦੋਹਾਂ ਦੇ ਮੰਤਵ ਵਿਚ ਪਾਏ ਜਾਣ ਵਾਲੇ ਵੱਖਰੇਪਣ ਨੂੰ ਦਸਿਆ ਜਾਵੇ।ਦੋਹਾਂ ਵਿਚ ਰਾਜਨੀਤਕ ਦਖ਼ਲਅੰਦਾਜ਼ੀ ਦੀ ਮਾਤਰਾ ਦੇ ਅੰਤਰ ਉਪਰ ਰੋਸ਼ਨੀ ਪਾਈ ਜਾਵੇ।ਸਮਾਨਤਾ ਦੇ ਸਿਧਾਂਤ ਅਤੇ ਜਨਤਾ ਪ੍ਰਤਿ ਉਤਰਦਾਇਕਤਾ ਦੇ ਸਿਧਾਂਤ ਪੱਖੋਂ ਦੋਹਾਂ ਵਿਚ ਅੰਤਰ ਦਰਸਾਇਆ ਜਾਵੇ।

**Updated On August, 2023 by Dr. Ravneet Kaur**

ਪਾਠ ਨੰਬਰ : 1.3 **Prepared By : Ravneet Kaur**

## ਲੋਕ ਪ੍ਰਸ਼ਾਸਨ ਦਾ ਰਾਜਨੀਤਿਕ ਵਿਗਿਆਨ, ਸਮਾਜ ਵਿਗਿਆਨ, ਅਰਥ ਵਿਗਿਆਨ ਅਤੇ ਇਤਿਹਾਸ ਨਾਲ ਸਬੰਧ

ਰੂਪ ਰੇਖਾ :

1.3.0 ਉਦੇਸ਼
1..3.1 ਭੂਮਿਕਾ
1.3.2 ਰਾਜਨੀਤਕ ਵਿਗਿਆਨ ਦਾ ਲੋਕ ਪ੍ਰਸ਼ਾਸਨ ਨਾਲ ਸੰਬੰਧ
1.3.2.1 ਦੋਹਾਂ ਵਿਸ਼ਿਆਂ ਵਿਚ ਸਾਂਝੇ ਖੇਤਰ
1.3.2.2 ਦੋਹਾਂ ਵਿਸ਼ਿਆਂ ਵਿਚ ਭਿੰਨਤਾ ਦੇ ਕਾਰਨ
1.3.3 ਸਮਾਜ ਵਿਗਿਆਨ ਅਤੇ ਲੋਕ ਪ੍ਰਸ਼ਾਸਨ
1.3.3.1 ਸਕਰਾਤਮਕ ਸੰਬੰਧ
1.3.3.2 ਦੋਹਾਂ ਵਿਸ਼ਿਆਂ ਵਿਚ ਭਿੰਨਤਾ ਦੇ ਕਾਰਨ
1..3.4 ਅਰਥ ਵਿਗਿਆਨ ਦਾ ਲੋਕ ਪ੍ਰਸ਼ਾਸਨ ਨਾਲ ਸੰਬੰਧ
1.3.4.1 ਦੋਹਾਂ ਵਿਸ਼ਿਆਂ ਦੀ ਆਪਸੀ ਨੇੜ੍ਹਤਾ ਦੇ ਕਾਰਨ
1..3.4.2 ਦੋਹਾਂ ਵਿਸ਼ਿਆਂ ਵਿਚ ਅੰਤਰ ਦੇ ਕਾਰਨਫ਼
1..3.5 ਇਤਿਹਾਸ ਅਤੇ ਲੋਕ ਪ੍ਰਸ਼ਾਸਨ
1.3.5.1 ਇਤਿਹਾਸ ਦੀ ਲੋਕ ਪ੍ਰਸ਼ਾਸਨ ਨੂੰ ਦੇਣ
1..3.5.2 ਦੋਹਾਂ ਵਿਚਕਾਰ ਅੰਤਰ ਦੇ ਕਾਰਨ
1.3.6 ਸਾਰਾਂਸ਼
1.3.7 ਸ਼ਬਦਾਵਲੀ
1.3.8 ਸੁਝਾਈਆਂ ਗਈਆਂ ਪੁਸਤਕਾਂ ਦੀ ਸੂਚੀ
1.3.9 ਸਵੈ-ਪਰਖ ਲਈ ਦਿੱਤੇ ਪ੍ਰਸ਼ਨਾਂ ਦੇ ਉੱਤਰ

1.3.0 **ਉਦੇਸ਼** :ਇਸ ਪਾਠ ਦਾ ਅਧਿਐਨ ਕਰਨ ਉਪਰੰਤ ਤੁਸੀਂ : ਵੱਖ ਵੱਖ ਸਮਾਜਿਕ ਵਿਗਿਆਨਾਂ ਦਾ ਲੋਕ ਪ੍ਰਸ਼ਾਸਨ ਨਾਲ ਸਕਰਾਤਮਕ ਸੰਬੰਧ ਅਤੇ ਇਹਨਾਂ ਵਿਚਕਾਰ ਭਿੰਨਤਾ ਦੇ ਕਾਰਨ ਵੀ ਜਾਣ ਸਕੋਗੇ।

1.3.1 **ਭੂਮਿਕਾ** : ਲੋਕ ਪ੍ਰਸ਼ਾਸਨ ਦੀ ਕ੍ਰਿਆ ਮਨੁੱਖ ਜਿੰਨੀ ਹੀ ਪੁਰਾਣੀ ਹੈ ਪ੍ਰੰਤੂ ਸਿੱਖਿਅਕ ਅਧਿਐਨ ਦੇ ਵਿਸ਼ੇ ਦੇ ਤੌਰ ਤੇ ਲੋਕ ਪ੍ਰਸ਼ਾਸਨ ਕੇਵਲ ਥੋੜ੍ਹੇ ਸਮੇਂ ਤੋਂ ਹੀ ਵਿਕਸਿਤ ਹੋਇਆ ਹੈ। ਭਾਰਤ ਵਿਚ ਲੋਕ ਪ੍ਰਸ਼ਾਸਨ ਦਾ ਅਧਿਐਨ ਅੱਜ ਤਕ ਆਪਣੇ ਮੁੱਢਲੇ ਪੜਾਵਾਂ ਤੇ ਖੜ੍ਹਾ ਹੈ ਅਤੇ ਹਾਲੀ ਵੀ ਰਾਜਨੀਤੀ ਵਿਗਿਆਨ ਦੀ ਇਕ ਸ਼ਾਖਾ ਦੇ ਤੌਰ ਤੇ ਅਧਿਐਨ ਕੀਤਾ ਜਾਂਦਾ ਹੈ। ਐਪਰ ਹੁਣ ਇਹ ਵਿਸ਼ਾ ਵਧੇਰੇ ਕਰਕੇ ਬਹੁਤ ਸਾਰੀਆਂ ਯੂਨੀਵਰਸਿਟੀਆਂ ਵਿਚ ਇਕ ਸਿੱਖਿਅਕ ਵਿਸ਼ੇ ਦੇ ਤੌਰ ਤੇ ਇਕ ਸੁਤੰਤਰ ਹੈਸੀਅਤ ਅਖ਼ਤਿਆਰ ਕਰਦਾ ਜਾ ਰਿਹਾ ਹੈ। ਲੋਕ ਪ੍ਰਸ਼ਾਸਨ ਇਕ ਸਮਾਜਿਕ ਵਿਗਿਆਨ ਹੈ ਅਤੇ ਦੂਜੇ ਸਮਾਜਿਕ ਵਿਗਿਆਨਾਂ ਵਾਂਗ ਇਹ ਹੀ ਮਨੁੱਖੀ ਵਤੀਰੇ ਦੇ ਇਕ ਪੱਖ ਭਾਵ ਪ੍ਰਸ਼ਾਸਕੀ ਪੱਖ ਦਾ ਅਧਿਐਨ ਕਰਦਾ ਹੈ। ਹਰ ਪ੍ਰਸ਼ਾਸਕੀ ਵਤੀਰੇ ਦਾ ਅਧਿਐਨ ਉਦੋਂ ਤੱਕ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਮਨੁੱਖੀ ਵਤੀਰੇ ਸੰਬੰਧੀ ਦੂਜੇ ਸਮਾਜਿਕ ਵਿਗਿਆਨਾਂ ਬਾਰੇ ਜਾਣਕਾਰੀ ਪ੍ਰਾਪਤ ਨਾ ਹੋਵੇ। ਲੋਕ ਪ੍ਰਸ਼ਾਸਨ ਦਾ ਵਿਦਿਆਰਥੀ ਇਹ ਮਹਿਸੂਸ ਕੀਤੇ ਬਿਨਾਂ ਨਹੀਂ ਰਹਿ ਸਕਦਾ ਕਿ ਪ੍ਰਸ਼ਾਸਕੀ ਪ੍ਰਕ੍ਰਿਆ ਦਾ ਸੰਚਾਲਨ ਇਕ ਵਿਸ਼ੇਸ਼ ਸਮਾਜਿਕ ਢਾਂਚੇ ਵਿਚ ਹੁੰਦਾ ਹੈ ਅਤੇ ਉਸ

ਨੂੰ ਕਿਸੇ ਵਿਸ਼ੇਸ਼ ਨਤੀਜੇ ਤੇ ਪੁੱਜਣ ਲਈ ਹੋਰ ਸਮਾਜਿਕ ਵਿਗਿਆਨਾਂ ਤੋਂ ਸਮੱਗਰੀ ਲੈਣੀ ਪੈਂਦੀ ਹੈ। ਕਿਉਂਕਿ ਸਾਰੇ ਹੀ ਸਮਾਜਿਕ ਵਿਗਿਆਨ ਮਨੁੱਖ ਦੀਆਂ ਸਰਗਰਮੀਆਂ ਨਾਲ ਸੰਬੰਧਿਤ ਹੁੰਦੇ ਹਨ। ਇਸ ਲਈ ਸਮਾਜ ਦੇ ਵਿਸ਼ੇਸ਼ਕ੍ਰਿਤ ਅਤੇ ਵੱਖ-ਵੱਖ ਪੱਖਾਂ ਦੇ ਅਧਿਐਨ ਕਰਨ ਵਾਲੇ ਵਿਸ਼ੇ ਇਕ ਦੂਜੇ ਨਾਲ ਕਾਫ਼ੀ ਜ਼ਿਆਦਾ ਮਿਲਦੇ ਜੁਲਦੇ ਹਨ। ਲੋਕ ਪ੍ਰਸ਼ਾਸਨ ਦੇ ਹੋਰ ਮੁੱਖ ਸਮਾਜਿਕ ਵਿਗਿਆਨਾਂ ਨਾਲ ਸੰਬੰਧਾਂ ਦਾ ਅਧਿਐਨ ਨਿਮਨ ਅਨੁਸਾਰ ਕੀਤਾ ਜਾ ਸਕਦਾ ਹੈ।

1.3.2 **ਲੋਕ ਪ੍ਰਸ਼ਾਸਨ ਅਤੇ ਰਾਜਨੀਤਕ ਵਿਗਿਆਨ (Public Administration and Political Science) :**ਸਭ ਤੋਂ ਪਹਿਲਾਂ ਅਸੀਂ ਲੋਕ ਪ੍ਰਸ਼ਾਸਨ ਦਾ ਰਾਜਨੀਤਿਕ ਵਿਗਿਆਨ ਨਾਲ ਸੰਬੰਧ ਤੇ ਵਿਚਾਰ ਕਰਾਂਗੇ। ਵਾਸਤਵ ਵਿਚ ਇਨ੍ਹਾਂ ਦਾ ਇਕ ਦੂਜੇ ਨਾਲ ਨੇੜ੍ਹਤਾ ਦਾ ਸੰਬੰਧ ਹੈ। ਕਿਉਂਕਿ ਇਹ ਆਮ ਵਿਸ਼ਵਾਸ਼ ਹੈ ਕਿ ਲੋਕ ਪ੍ਰਸ਼ਾਸਨ ਦਾ ਜਨਮ ਰਾਜਨੀਤਿਕ ਵਿਗਿਆਨ ਤੋ ਹੋਇਆ। ਬਹੁਤ ਸਾਰੀਆਂ ਯੂਨੀਵਰਸਿਟੀਆਂ ਵਿਚ ਹਾਲੀ ਵੀ ਇਸ ਨੂੰ ਰਾਜਨੀਤਿਕ ਵਿਗਿਆਨ ਦੀ ਵਿਸ਼ੇਸ਼ਕ੍ਰਿਤ ਸ਼ਾਖਾ ਖਿਆਲ ਕੀਤਾ ਜਾਂਦਾ ਹੈ। ਐਪਰ ਕਈ ਲੇਖਕਾਂ ਦੀ ਰਾਇ ਇਹ ਹੈ ਕਿ ਇਹ ਇਕ ਵੱਖਰਾ ਅਤੇ ਸੁਤੰਤਰ ਵਿਸ਼ਾ ਹੈ। ਪਰੰਤੂ ਇਸ ਤੋਂ ਕੋਈ ਵੀ ਮੁਕਰ ਨਹੀਂ ਸਕਦਾ ਕਿ ਲੋਕ ਪ੍ਰਸ਼ਾਸਨ ਇਕ ਸਮਾਜਿਕ ਵਿਗਿਆਨ ਹੈ ਅਤੇ ਨਾ ਹੀ ਕੋਈ ਇਸ ਦੀ ਰਾਜਨੀਤਿਕ ਵਿਗਿਆਨ ਨਾਲ ਨੇੜ੍ਹਤਾ ਤੋਂ ਇਨਕਾਰ ਕਰਦਾ ਹੈ। ਕਿਉਂਕਿ ਸਮਾਜਿਕ ਵਿਗਿਆਨਾਂ ਵਿਚੋਂ ਲੋਕ ਪ੍ਰਸ਼ਾਸਨ ਦਾ ਰਾਜਨੀਤਿਕ ਸ਼ਾਸ਼ਤਰ ਨਾਲ ਵਧੇਰੇ ਗੂੜਾ ਸੰਬੰਧ ਹੈ।

1.3.2.1 **ਦੋਹਾਂ ਵਿਸ਼ਿਆਂ ਵਿਚ ਸਾਂਝੇ ਖੇਤਰ** : ਰਾਜਨੀਤਿਕ ਵਿਗਿਆਨ ਮੁੱਖ ਤੌਰ ਤੇ ਰਾਜ ਸਰਕਾਰ ਦਾ ਅਧਿਐਨ ਕਰਦਾ ਹੈ, ਜਦੋਂ ਕਿ ਲੋਕ ਪ੍ਰਸ਼ਾਸਨ ਕਾਰਜ ਵਿਚ ਜੁੱਟੀ ਸਰਕਾਰ ਦਾ ਅਧਿਐਨ ਹੈ ਕਿਉਂਕਿ ਸਰਕਾਰ ਦਾ ਅਧਿਐਨ ਦੋਹਾਂ ਦਾ ਸਾਂਝਾ ਹੈ ਅਤੇ ਇਸ ਦੇ ਦੋਹਾਂ ਵਿਚਕਾਰ ਸਪਸ਼ਟ ਕੋਈ ਹੱਦਬੰਦੀ ਸੰਭਵ ਨਹੀਂ। ਪ੍ਰੋ. ਵੁਡਰੋ ਵਿਲਸਨ ਲੇਖਕਾਂ ਨੇ ਲੋਕ ਪ੍ਰਸ਼ਾਸਨ ਦੇ ਵਿਕਾਸ ਦੇ ਮੁੱਢਲੇ ਪੜਾਵਾਂ ਵਿਚ ਇਸ ਦੇ ਅਧਿਐਨ ਨੂੰ ਰਾਜਨੀਤੀ ਵਿਗਿਆਨ ਤੋਂ ਬਹੁਤ ਵੱਖਰਾ ਕਰਨ ਦਾ ਯਤਨ ਕੀਤਾ ਸੀ। ਸਰਕਾਰ ਇਕ ਲਗਾਤਾਰ ਪ੍ਰਕ੍ਰਿਆ ਹੈ। ਸਰਕਾਰ ਨੂੰ ਰਾਜਨੀਤੀ ਵਿਗਿਆਨ ਤੋਂ ਬਹੁਤ ਵੱਖਰਾ ਕਰਨ ਦਾ ਯਤਨ ਕੀਤਾ ਸੀ। ਸਰਕਾਰ ਇਕ ਲਗਾਤਾਰ ਪ੍ਰਕ੍ਰਿਆ ਹੈ। ਸਰਕਾਰ ਦੀ ਰਾਜਨੀਤਿਕ ਕਾਰਜਕਾਰੀ ਦੀ ਬਣਤਰ, ਕਾਰਜਾਂ ਅਤੇ ਰੋਲ ਦਾ ਵਿਸ਼ਲੇਸ਼ਣ ਰਾਜਨੀਤਿਕ ਵਿਗਿਆਨ ਕਰਦਾ ਹੈ ਜਦੋਂ ਕਿ ਸਥਾਈ ਕਾਰਜਕਾਰਨੀ ਦੀ ਉਹੀ ਪ੍ਰਕ੍ਰਿਆ ਲੋਕ ਪ੍ਰਸ਼ਾਸਨ ਦਾ ਭਾਗ ਹੈ। ਸਰਕਾਰ ਦੀ ਲਗਾਤਾਰ ਪ੍ਰਕ੍ਰਿਆ ਵਿਚ ਰਾਜਨੀਤਿਕ ਅਤੇ ਸਥਾਈ ਕਾਰਜਕਾਰਨੀ ਦੋਹਾਂ ਨੂੰ ਮਿਲ ਕੇ ਕੰਮ ਕਰਨਾ ਪੈਂਦਾ ਹੈ। ਸਰਕਾਰੀ ਮਾਮਲਿਆਂ ਵਿਚ ਫੈਸਲਾ ਲੈਣ ਦੀ ਜ਼ਿੰਮੇਵਾਰੀ ਵਧੇਰੇ ਕਰਕੇ ਰਾਜਨੀਤਿਕ ਕਾਰਜਕਾਰੀ ਦੀ ਹੁੰਦੀ ਹੈ ਪਰ ਇਸ ਪ੍ਰਕ੍ਰਿਆ ਵਿਚ ਸਿਵਲ ਸੇਵਾ ਅਤੇ ਵਿਸ਼ੇਸ਼ ਕਰਕੇ ਉੱਚ ਅਧਿਕਾਰੀਆਂ ਨੂੰ ਮੰਤਰੀਆਂ ਨੂੰ ਸਲਾਹ ਦੇਣ ਦੇ ਮਾਮਲੇ ਵਿਚ ਇਕ ਵਿਸ਼ੇਸ਼ ਰੋਲ ਅਦਾ ਕਰਨਾ ਪੈਂਦਾ ਹੈ। ਇਸ ਤਰ੍ਹਾਂ ਲੋਕ ਪ੍ਰਸ਼ਾਸਨ ਲੋਕ ਨੀਤੀ ਦੇ ਨਿਰਮਾਣ ਵਿਚ ਭਾਗ ਲੈਂਦਾ ਹੈ। ਮੰਤਰੀਆਂ ਨੂੰ ਤਕਨੀਕੀ ਸਲਾਹ ਦਿੰਦਾ ਹੈ। ਵਿਧਾਨ ਮੰਡਲ ਦੇ ਵਿਚਾਰ ਲਈ ਬਿਲਾਂ ਦੇ ਖਰੜੇ ਤਿਆਰ ਕਰਦਾ ਹੈ ਅਤੇ ਸੰਸਦ ਵਿਚ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਆਦਿ ਦੇ ਉੱਤਰ ਦਿੰਦਾ ਹੈ। ਇਸ ਲਈ ਇਹ ਸਹਿਜ ਹੀ ਕਿਹਾ ਜਾ ਸਕਦਾ ਹੈ ਕਿ ਰਾਜਨੀਤੀ ਵਿਗਿਆਨ ਦਾ ਸੰਬੰਧ ਮੁੱਖ ਤੌਰ ਤੇ ਸਰਕਾਰ ਦੀਆਂ ਰਾਜਨੀਤਿਕ ਪ੍ਰਕ੍ਰਿਆਵਾਂ ਨਾਲ ਹੁੰਦਾ ਹੈ ਜਿਹੜੀਆਂ ਮੁੱਖ ਤੌਰ ਤੇ ਨੀਤੀ ਨੂੰ ਅਮਲ ਵਿਚ ਲਿਆਉਂਦੀਆਂ ਹਨ।

ਅਧਿਐਨ ਦੇ ਹਰ ਸਾਂਝੇ ਖੇਤਰ ਜਿਹੜੇ ਕਿ ਦੋਹਾਂ ਵਿਸ਼ਿਆਂ ਵਿਚਕਾਰ ਡੂੰਘੀ ਨੇੜ੍ਹਤਾ ਸਥਾਪਿਤ ਕਰਦੇ ਹਨ ਉਹ ਸੰਵਿਧਾਨਕ ਕਾਨੂੰਨ, ਸਥਾਨਕ ਸਰਕਾਰਾਂ, ਅੰਤਰਰਾਸ਼ਟਰੀ ਸੰਬੰਧਾਂ ਅਤੇ ਰਾਜਨੀਤਿਕ ਵਿਚਾਰਾਂ ਦੇ ਖੇਤਰ ਹਨ। ਇਨ੍ਹਾਂ ਵਿੱਚ ਇਤਨਾ ਡੂੰਘਾ ਸੰਬੰਧ ਹੈ ਕਿ ਆਮ ਆਦਮੀ ਲਈ ਤਾਂ ਉਨ੍ਹਾਂ ਵਿਚਕਾਰ ਨਿਖੇੜ ਕਰਨਾ ਅਸੰਭਵ ਹੈ। ਬਹੁਤ ਵਾਰ ਜਿਵੇਂ ਕਿ ਸਾਡੇ ਆਪਣੇ ਸੰਵਿਧਾਨ ਵਿਚ ਸੰਵਿਧਾਨਕ ਅਤੇ ਪ੍ਰਸ਼ਾਸਕੀ ਸਿਧਾਂਤ ਇਕ ਦੂਜੇ ਵਿਚ ਘੁਲ ਮਿਲ ਜਾਂਦੇ ਹਨ। ਸੰਵਿਧਾਨ ਦੀ ਪ੍ਰਕ੍ਰਿਆ ਅਤੇ ਸਮੱਗਰੀ ਦਾ ਕਿਸੇ ਦੇਸ਼ ਦੀ ਪ੍ਰਸ਼ਾਸਕੀ ਪ੍ਰਣਾਲੀ ਨਾਲ ਡੂੰਘਾ ਸੰਬੰਧ ਹੈ। ਸਥਾਨਕ ਸਰਕਾਰ ਦਾ ਅਧਿਐਨ ਵੀ ਦੋਹਾਂ ਵਿਚਕਾਰ ਇਕ ਸਾਂਝ ਪੈਦਾ ਕਰਦਾ ਹੈ। ਇਹੀ ਕਾਰਨ ਹੈ ਕਿ ਵਧੇ ਰੇ ਯੂਨੀਵਰਸਿਟੀਆਂ ਵਿਚ ਰਾਜਨੀਤਿਕ ਵਿਗਿਆਨ ਅਤੇ ਲੋਕ ਪ੍ਰਸ਼ਾਸਨ ਦੇ ਵਿਸ਼ਿਆਂ ਵਿਚ ਸਥਾਨਿਕ ਸਰਕਾਰ ਸੰਬੰਧੀ ਇਕ ਵਿਸ਼ੇਸ਼ ਪਰਚੇ ਨੂੰ ਸ਼ਾਮਿਲ ਕਰ ਲਿਆ ਹੈ। ਸੰਯੁਕਤ ਰਾਸ਼ਟਰ ਅਤੇ ਉਸ ਦੀਆਂ ਵਿਸ਼ੇਸ਼ਕ੍ਰਿਤ ਏਜੰਸੀਆਂ ਦੇ ਵਿਕਾਸ ਨਾਲ ਅੰਤਰ-ਰਾਸ਼ਟਰੀ ਸੰਬੰਧਾਂ ਵਿਚ ਨਵਾਂ ਖੇਤਰ ਪੈਦਾ ਹੋ ਗਿਆ ਹੈ। ਇਸ ਨੇ ਲੋਕ ਪ੍ਰਸ਼ਾਸਨ ਦੇ ਅਧਿਐਨ ਨੂੰ ਹੋਰ ਵੀ ਉੱਨਤ ਕੀਤਾ ਹੈ ਕਿਉਂਕਿ ਸੰਯੁਕਤ ਰਾਸ਼ਟਰ ਨੇ ਆਪਣੀਆਂ ਨੀਤੀਆਂ ਨੂੰ ਲਾਗੂ ਕਰਨ ਲਈ ਇਕ ਨਵੀਂ ਸੇਵਾ ਭਾਵ ਅੰਤਰ-ਰਾਸ਼ਟਰੀ ਸਿਵਲ ਸੇਵਾ ਵਿਕਸਿਤ ਕਰ ਲਈ ਹੈ ਅਤੇ ਇਸ ਨਾਲ ਲੋਕ ਪ੍ਰਸ਼ਾਸਨ ਦਾ ਇਕ ਨਵਾਂ ਖੇਤਰ, ਜਿਸ ਨੂੰ ਅੰਤਰ-ਰਾਸ਼ਟਰੀ ਪ੍ਰਸ਼ਾਸਨ ਕਿਹਾ ਜਾਂਦਾ ਹੈ, ਵਿਕਸਿਤ ਹੋ ਗਿਆ ਹੈ।

1.3.2.2 **ਦੋਹਾਂ ਵਿਸ਼ਿਆਂ ਵਿਚ ਭਿੰਨਤਾ ਦੇ ਕਾਰਨ** :

ਇਨ੍ਹਾਂ ਦੋਹਾਂ ਵਿਸ਼ਿਆਂ ਵਿਚਕਾਰ ਡੂੰਘੇ ਸੰਬੰਧਾਂ ਤੋਂ ਇਲਾਵਾ, ਇਹ ਕਈ ਪੱਖਾਂ ਤੋਂ ਦੂਜੇ ਨਾਲੋਂ ਵੱਖ ਵੀ ਹਨ ਕਿਉਂਕਿ ਰਾਜਨੀਤੀ ਵਿਗਿਆਨ ਦਾ ਸੰਬੰਧ ਰਾਜਨੀਤਿਕ ਕਾਰਜਕਾਰੀ ਨਾਲ ਹੈ ਅਤੇ ਲੋਕ ਪ੍ਰਸ਼ਾਸਨ ਸਥਾਈ ਕਾਰਜਕਾਰੀ ਨਾਲ ਸੰਬੰਧ ਰੱਖਦਾ ਹੈ। ਰਾਜਨੀਤਿਕ ਵਿਗਿਆਨ

ਅੰਤਰ-ਰਾਸ਼ਟਰੀ ਸੰਸਥਾਵਾਂ ਦਾ ਅਧਿਐਨ ਕਰਦਾ ਹੈ, ਜਦੋਂ ਕਿ ਲੋਕ ਪ੍ਰਸ਼ਾਸਨ ਅੰਤਰ-ਰਾਸ਼ਟਰੀ ਪ੍ਰਸ਼ਾਸਨ ਨਾਲ ਨਿਪਟਦਾ ਹੈ। ਰਾਜਨੀਤੀ ਵਿਗਿਆਨ ਦਾ ਸੰਬੰਧ ਸਥਾਨਿਕ ਸਰਕਾਰਾਂ ਨਾਲ ਸਰਕਾਰ ਦੀਆਂ ਇਕਾਈਆਂ ਆਦਿ ਦੇ ਤੌਰ ਤੇ ਲੋਕ ਪ੍ਰਸ਼ਾਸਨ ਇਨ੍ਹਾਂ ਦਾ ਅਧਿਐਨ ਪ੍ਰਸ਼ਾਸਨ ਦੀਆਂ ਇਕਾਈਆਂ ਆਦਿ ਦੇ ਤੌਰ ਤੇ ਕਰਦਾ ਹੈ। ਇਨ੍ਹਾਂ ਵਿਭਿੰਨ ਕਾਰਨਾਂ ਕਰਕੇ ਸਾਨੂੰ ਰਾਜਨੀਤੀ ਵਿਗਿਆਨ ਤੇ ਲੋਕ ਪ੍ਰਸ਼ਾਸਨ ਵਿਚ ਜੋ ਸਾਂਝੇ ਲੱਛਣ ਹਨ, ਉਨ੍ਹਾਂ ਤੋਂ ਅੱਖਾਂ ਨਹੀਂ ਮੀਟਣੀਆਂ ਚਾਹੀਦੀਆਂ। ਰਾਜਨੀਤੀ ਜੋ ਪ੍ਰਸ਼ਾਸਕੀ ਤੌਰ ਤੇ ਉਪਯੋਗੀ ਹੈ ਉਸ ਤੋਂ ਮੂੰਹ ਫੇਰ ਲੈਂਦੀ ਹੈ ਤਾਂ ਕੇਵਲ ਹਵਾ ਵਿਚ ਕਿਲ੍ਹੇ ਉਸਾਰ ਰਹੀ ਹੁੰਦੀ ਹੈ। ਇਸੇ ਤਰ੍ਹਾਂ ਦੀ ਲੋਕ ਪ੍ਰਸ਼ਾਸਨ ਜਦੋਂ ਰਾਜਨੀਤੀ ਤੇ ਅਪ੍ਰਸੰਗਤ ਹੋ ਜਾਂਦਾ ਹੈ ਤਾਂ ਮੂਲੋਂ ਨਗੂਣੀ ਵਸਤੂ ਬਣ ਕੇ ਰਹਿ ਜਾਂਦਾ ਹੈ।

ਉਪਰੋਕਤ ਵਿਸ਼ਲੇਸ਼ਣ ਤੋਂ ਇਹੀ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਦੋਹਾਂ ਵਿਸ਼ਿਆਂ ਵਿਚਕਾਰ ਸੰਬੰਧ ਸਥਾਨਿਕ ਪੱਧਰ ਤੋਂ ਲੈ ਕੇ ਅੰਤਰ-ਰਾਸ਼ਟਰੀ ਪੱਧਰ ਤੱਕ ਮਿਲਦੇ ਹਨ। ਦੋਹਾਂ ਵਿਸ਼ਿਆਂ ਵਿਚ ਪਰਸਪਰ ਲੈਣ ਦੇਣ ਮਿਲਦਾ ਹੈ ਅਤੇ ਇਸ ਲਈ ਉਹ ਇਕ ਦੂਜੇ ਦੇ ਪੂਰਕ ਹਨ। ਇਸ ਗੱਲ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ, ਜੇਕਰ ਅਸੀਂ ਨਤੀਜੇ ਵਜੋਂ ਇਹ ਕਹੀਏ ਕਿ ਰਾਜਨੀਤਿਕ ਵਿਗਿਆਨ ਅਤੇ ਲੋਕ ਪ੍ਰਸ਼ਾਸਨ ਇਕੋ ਜੀਨਸ ਦੀਆਂ ਦੋ ਕਿਸਮਾਂ ਹਨ।

### 1.3.3 ਲੋਕ ਪ੍ਰਸ਼ਾਸਨ ਅਤੇ ਸਮਾਜ ਵਿਗਿਆਨ (Public Administration and Sociology) :

ਮੌਜੂਦਾ ਯੁੱਗ ਵਿਚ ਸਮਾਜ ਵਿਗਿਆਨ ਨਾ ਕੇਵਲ ਭਾਰਤ ਲਈ ਸਗੋਂ ਸਮੁੱਚੀ ਦੁਨੀਆਂ ਲਈ ਬਹੁਤ ਜ਼ਿਆਦਾ ਮਹੱਤਵਪੂਰਨ ਅਤੇ ਲਾਭਦਾਇਕ ਵਿਗਿਆਨ ਸਿੱਧ ਹੋ ਰਿਹਾ ਹੈ। ਇਸ ਨੂੰ ਸਾਰੇ ਸਮਾਜਕ ਵਿਗਿਆਨਾਂ ਦੀ ਮਾਤਾ ਖਿਆਲ ਕੀਤਾ ਜਾਂਦਾ ਹੈ। ਇਹ ਸਮਾਜ ਦਾ ਵਿਗਿਆਨ ਹੈ ਅਤੇ ਇਸ ਲਈ ਕਾਮਤੇ (Comte) ਨਾਮੀ ਇਕ ਸਮਾਜ ਵਿਗਿਆਨੀ ਹੋਰ ਸਭ ਸਮਾਜ ਦੇ ਵਿਗਿਆਨਾਂ ਨੂੰ ਫਜ਼ੂਲ ਸਮਝਦਾ ਹੈ ਕਿਉਂਕਿ ਉਹਦੇ ਅਨੁਸਾਰ ਸਮਾਜ ਨੂੰ ਟੁਕੜਿਆਂ ਵਿਚ ਵੰਡ ਕੇ ਉਸ ਦਾ ਅਧਿਐਨ ਨਹੀਂ ਕੀਤਾ ਜਾ ਸਕਦਾ ਹੈ। ਕਾਮਤੇ ਦੀ ਰਾਏ ਵਿਚ ਸਮਾਜ ਸਮੁੱਚੀ ਚੀਜ ਹੈ ਅਤੇ ਇਸ ਦਾ ਅਧਿਐਨ ਸਮੁੱਚੇ ਰੂਪ ਵਿਚ ਹੀ ਕੀਤਾ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਕਾਮਤੇ ਅਨੁਸਾਰ ਸਮਾਜ ਵਿਗਿਆਨ ਇਕੋ ਸਮਾਜ ਵਿਗਿਆਨ ਹੈ ਪਰੰਤੂ ਅੱਜ ਦੇ ਸਮਾਜ ਵਿਗਿਆਨੀ ਕਾਮਤੇ ਦੇ ਸਿਧਾਂਤ ਨਾਲ ਸਹਿਮਤ ਨਹੀਂ ਹਨ। ਵਾਸਤਵ ਵਿਚ ਸਮਾਜ ਦਾ ਢਾਂਚਾ ਇਤਨਾ ਜ਼ਿਆਦਾ ਵਿਸ਼ਾਲ ਅਤੇ ਗੁੰਝਲਦਾਰ ਹੈ ਕਿ ਸਧਾਰਨ ਵਿਗਿਆਨ, ਜਿਹੜਾ ਇਸ ਦਾ ਸੰਪੂਰਨ ਅਧਿਐਨ ਕਰਦਾ ਹੈ, ਦੀ ਪੂਰਤੀ ਹੋਰਨਾਂ ਵਿਸ਼ੇਸ਼ ਵਿਗਿਆਨਾਂ ਨਾਲ ਕਰਨੀ ਪਵੇਗੀ, ਜਿਹੜੇ ਕਿ ਵੱਖ-ਵੱਖ ਭਾਗਾਂ ਦਾ ਅਧਿਐਨ ਕਰਦੇ ਹਨ। ਇਹਨਾਂ ਅਰਥਾਂ ਵਿਚ ਹੀ ਲੋਕ ਪ੍ਰਸ਼ਾਸਨ ਦੇ ਵਿਗਿਆਨ ਦਾ ਸਮਾਜ ਵਿਗਿਆਨ ਨਾਲ ਡੂੰਘਾ ਸੰਬੰਧ ਹੈ ਕਿਉਂਕਿ ਇਹ ਲੋਕ ਪ੍ਰਸ਼ਾਸਕੀ ਪੱਖ ਦਾ ਅਧਿਐਨ ਕਰਦਾ ਹੈ।

#### 1.3.3.1 ਸਕਰਾਤਮਕ ਸੰਬੰਧ :

ਸਮਾਜ ਵਿਗਿਆਨ ਸਮਾਜਕ ਵਾਤਾਵਰਣ ਦੇ ਸੰਬੰਧ ਵਿਚ ਮਨੁੱਖ ਦਾ ਅਧਿਐਨ ਕਰਦਾ ਹੈ। ਇਸ ਲਈ ਲੋਕ ਪ੍ਰਸ਼ਾਸਨ ਗਰੁੱਪਾਂ, ਸ਼ਕਤੀ, ਦਰਜੇ ਅਤੇ ਕਰਮਚਾਰੀਆਂ ਦੇ ਮੁੱਢਲੇ ਗੂੜ੍ਹੇ ਰਿਸ਼ਤਿਆਂ ਸੰਬੰਧੀ ਸਮਾਜ ਵਿਗਿਆਨ ਦੇ ਅਧਿਐਨ ਤੋਂ ਬਹੁਤ ਕੁਝ ਉਧਾਰ ਲੈਂਦਾ ਹੈ। ਇਹ ਅਧਿਐਨ ਲੋਕ ਪ੍ਰਸ਼ਾਸਨ ਦੇ ਵਿਦਿਆਰਥੀਆਂ ਦੀ ਸਹਾਇਤਾ ਲਈ ਕਿਸੇ ਵਿਸ਼ੇਸ਼ ਨਤੀਜਿਆਂ ਤੇ ਪਹੁੰਚਣ ਵਿਚ ਸਹਾਇਤਾ ਕਰਦਾ ਹੈ। ਜਰਮਨ ਸਮਾਜ ਵਿਗਿਆਨੀ ਮੈਕਸ ਵੈਬਰ (Max Waber) ਪਹਿਲਾ ਸਮਾਜ ਵਿਗਿਆਨੀ ਸੀ ਜਿਸ ਨੇ ਅਫ਼ਸਰਸ਼ਾਹੀ ਦਾ ਮੰਡਲ ਵਿਕਸਿਤ ਕਰਕੇ ਲੋਕ ਪ੍ਰਸ਼ਾਸਨ ਦੇ ਵਿਗਿਆਨ ਵਿੱਚ ਡੂੰਘਾ ਅਤੇ ਮਹੱਤਵਪੂਰਨ ਹਿੱਸਾ ਪਾਇਆ ਹੈ। ਉਸ ਦੀ ਪ੍ਰਸਿੱਧ ਪੁਸਤਕ 'ਐਸੇਜ਼ ਆਨ ਬਿਉਰੋਕ੍ਰੇਸੀ (Essays on Bureaucracy) ਹਾਲੇ ਵੀ ਢੁਕਦੀ ਹੈ ਅਤੇ ਇਹ ਲੋਕ ਪ੍ਰਸ਼ਾਸਨ ਦੇ ਵਿਦਿਆਰਥੀਆਂ ਨੂੰ ਅਫ਼ਸਰ ਸ਼ਾਹੀ ਦੇ ਅਧਿਐਨ ਲਈ ਆਧਾਰ ਮੁਹੱਈਆਂ ਕਰਦੀ ਹੈ। ਅਜਿਹੇ ਲੇਖਕ ਅਨੁਸਾਰ ਪ੍ਰਸ਼ਾਸਕੀ ਸਮੱਸਿਆਵਾਂ ਨੂੰ ਵਾਤਾਵਰਮਈ ਸੈਟਿੰਗ ਵਿਚ ਵੇਖਿਆ ਜਾਣਾ ਚਾਹੀਦਾ ਹੈ। ਭਾਰਤ ਵਿੱਚ ਅਫ਼ਸਰਸ਼ਾਹੀ ਦੇ ਵਿਸ਼ੇ ਤੇ ਜੀ.ਕੇ. ਪ੍ਰਸ਼ਾਦ ਦੁਆਰਾ ਕੀਤੇ ਗਏ ਤਾਜਾ ਅਧਿਐਨ ਨੇ (1974) ਜੋ ਇਕ ਸਮਾਜਿਕ ਵਿਗਿਆਨ ਅਧਿਐਨ, ਸਾਡੇ ਸਾਹਮਣੇ ਇਨ੍ਹਾਂ ਦੋਹਾਂ ਵਿਸ਼ਿਆਂ ਦੀ ਨੇੜ੍ਹਤਾ ਨੂੰ ਹੋਰ ਵੀ ਚੰਗੀ ਤਰ੍ਹਾਂ ਲਿਆਂਦਾ ਹੈ।

ਇਸ ਤਰ੍ਹਾਂ ਨਾਲ ਸਮਾਜ ਵਿਗਿਆਨ ਨੇ ਲੋਕ ਪ੍ਰਸ਼ਾਸਨ ਨੂੰ ਇਕ ਨਵਾਂ ਚੌਖਟਾ ਪ੍ਰਦਾਨ ਕੀਤਾ ਹੈ। ਇਕ ਪ੍ਰਸ਼ਾਸਨ ਆਪਣੇ ਕੰਮ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਅਤੇ ਸੁਯੋਗਤਾ ਨਾਲ ਕਰ ਸਕਦਾ ਹੈ ਜੇਕਰ ਉਸਨੂੰ ਸਥਾਨ ਦਾ ਅਤੇ ਉਸ ਦੇ ਥਾਂ ਦੇ ਲੋਕਾਂ ਦਾ ਜਿਥੇ ਉਸ ਨੇ ਜਾ ਕੇ ਕੰਮ ਕਰਨਾ ਹੈ, ਸਮਾਜ ਵਿਗਿਆਨ ਪਿਛੋਕੜ ਮੁਹੱਈਆਂ ਕਰ ਦੇਵੇ। ਸਮਾਜ ਵਿਗਿਆਨ ਦੀ ਇਹ ਜਾਣਕਾਰੀ ਯਕੀਨੀ ਤੌਰ ਤੇ ਇਕ ਵਧੇਰੇ ਸਫ਼ਲ ਪ੍ਰਸ਼ਾਸਕ ਬਣਨ ਵਿਚ ਉਸ ਦੀ ਸਹਾਇਤਾ ਕਰੇਗੀ।

#### 1.3.3.2 ਭਿੰਨਤਾ ਦੇ ਕਾਰਨ :

ਲੋਕ ਪ੍ਰਸ਼ਾਸਨ ਅਤੇ ਸਮਾਜ ਵਿਗਿਆਨ ਵਿਚ ਕੁਝ ਗੱਲਾਂ ਭਿੰਨ ਵੀ ਹਨ ਕਿਉਂਜੋ ਸਮਾਜ ਵਿਗਿਆਨ ਦਾ ਸੰਬੰਧ ਮੁੱਢਲੇ ਤੌਰ ਤੇ ਸਮਾਜ ਦੇ ਅਧਿਐਨ ਨਾਲ ਹੈ। ਲੋਕ ਪ੍ਰਸ਼ਾਸਨ ਦਾ ਸੰਬੰਧ ਮੁੱਢਲੇ ਤੌਰ ਤੇ ਸਮਾਜ ਦੇ ਅਧਿਐਨ ਨਾਲ ਹੈ। ਲੋਕ ਪ੍ਰਸ਼ਾਸਨ ਦਾ ਸੰਬੰਧ ਕੇਵਲ ਸਰਕਾਰ ਦੀ, ਜਿਹੜੀ ਕਿ ਸਮਾਜ ਦਾ ਹੀ ਇਕ ਭਾਗ ਹੈ, ਪ੍ਰਸ਼ਾਸਕੀ ਪ੍ਰਕ੍ਰਿਆ ਨਾਲ ਹੈ। ਲੋਕ ਪ੍ਰਸ਼ਾਸਨ ਦਾ ਸੰਬੰਧ ਕੇਵਲ ਸਰਕਾਰ ਦੀ ਪ੍ਰਸ਼ਾਸਕੀ ਸੰਸਥਾਵਾਂ ਨਾਲ ਹੈ। ਇਸ ਤੋਂ ਇਲਾਵਾ ਸਮਾਜ ਵਿਗਿਆਨ ਦਾ ਸੰਬੰਧ ਪ੍ਰਕ੍ਰਿਆਵਾਂ ਜਿਵੇਂ ਕਿ ਦਰਜਾ, ਸ਼ਕਤੀ, ਰੋਲ, ਸਮਾਜਿਕ ਨਿਯੰਤਰਣ ਸੰਗਠਨ ਅਤੇ ਸਮਾਜਿਕ ਵਿਘਟਨ ਮੁੱਢਲੇ ਅਤੇ ਗੁਣਾਂ ਸਮੂਹਾਂ ਆਦਿ ਨਾਲ ਹੈ ਜਦੋਂ ਕਿ ਲੋਕ ਪ੍ਰਸ਼ਾਸਨ ਦਾ ਸੰਬੰਧ ਕੇਵਲ ਇਸ ਗੱਲ ਨਾਲ ਹੈ ਕਿ ਇਨ੍ਹਾਂ ਕਾਰਜਾਂ ਦਾ ਸਰਕਾਰ ਦੇ ਪ੍ਰਸ਼ਾਸਨ ਉੱਪਰ ਕੀ ਪ੍ਰਭਾਵ ਹੈ।

ਉਪਰੋਕਤ ਵਿਚਾਰ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਸ ਤਰ੍ਹਾਂ ਇਹ ਦੋਵੇਂ ਗਿਆਨ ਦੀ ਪ੍ਰਾਪਤੀ ਦੇ ਸੰਬੰਧ ਵਿਚ ਪਰਸਪਰ ਪ੍ਰਦਾਨ ਵਿਚ ਲੱਗੇ ਹੋਏ ਹਨ। ਇਸ ਲਈ ਦੋਵੇਂ ਇਕ ਦੂਜੇ ਦੇ ਅਨੁਪੂਰਕ ਹਨ ਅਤੇ ਇਨ੍ਹਾਂ ਦਾ ਇਕ ਦੂਜੇ ਨਾਲ ਡੂੰਘਾ ਸੰਬੰਧ ਹੈ।

**1.3.4 ਲੋਕ ਪ੍ਰਸ਼ਾਸਨ ਅਤੇ ਅਰਥ ਵਿਗਿਆਨ (Public Administration and Economics)** :

ਬਹੁਤ ਸਾਰੇ ਹੋਰ ਸਮਾਜਕ ਵਿਗਿਆਨਾਂ ਵਾਂਗ ਅਰਥ ਸ਼ਾਸ਼ਤਰ ਵੀ ਮਨੁੱਖ ਦੇ ਸਮਾਜਿਕ ਅਤੇ ਉਦਯੋਗਿਕ ਵਾਤਾਵਰਣ ਦੇ ਵਿਸ਼ੇਸ਼ ਪੱਖਾਂ ਦੀ ਵਿਆਖਿਆ ਕਰਨ ਦੀ ਲੋੜ ਤੋਂ ਵਿਕਸਿਤ ਹੋਇਆ ਹੈ। ਅਰਥ ਵਿਗਿਆਨ ਵੀ ਇਕ ਸਮਾਜ ਵਿਗਿਆਨ ਹੈ ਅਤੇ ਇਸ ਲਈ ਇਸ ਦਾ ਸਮਾਜਿਕ ਵਿਗਿਆਨਾਂ ਨਾਲ ਡੂੰਘਾ ਸੰਬੰਧ ਹੈ, ਜਿਹੜੇ ਕਿ ਮਨੁੱਖੀ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਸਹਾਈ ਹੁੰਦੇ ਹਨ। ਅਰਥ ਵਿਗਿਆਨ ਤੇ ਲੋਕ ਪ੍ਰਸ਼ਾਸਨ ਵਿਚਕਾਰ ਬਹੁਤ ਡੂੰਘਾ ਸੰਬੰਧ ਹੈ। ਜਿਵੇਂ ਕਿ ਸਾਨੂੰ ਪਤਾ ਹੈ ਕਿ ਲੋਕ ਪ੍ਰਸ਼ਾਸਨ ਦਾ ਜਨਮ ਰਾਜਨੀਤੀ ਵਿਗਿਆਨ ਵਿਚੋਂ ਹੋਇਆ। ਇਸ ਤਰ੍ਹਾਂ ਨਾਲ ਪੁਰਾਤਨ ਸਮੇਂ ਵਿਚ ਅਰਥ ਵਿਗਿਆਨ ਨੂੰ ਵੀ ਰਾਜਨੀਤੀ ਵਿਗਿਆਨ ਦਾ ਇਕ ਭਾਗ ਸਮਝਿਆ ਜਾਂਦਾ ਸੀ ਅਤੇ ਇਸ ਨੂੰ ਰਾਜਨੀਤੀ ਦਾ ਨਾਂ ਦਿੱਤਾ ਸੀ। ਇਸ ਲਈ ਉਨ੍ਹਾਂ ਦੇ ਡੂੰਘੇ ਸੰਬੰਧਾਂ ਬਾਰੇ ਪਹਿਲਾਂ ਨੁਕਤਾ ਇਹ ਹੈ ਕਿ ਦੋਹਾਂ ਦਾ ਜਨਮ ਰਾਜਨੀਤੀ ਵਿਗਿਆਨ ਵਿਚੋਂ ਹੋਇਆ ਹੈ।

**1.3.4.1 ਆਪਸੀ ਨੇੜ੍ਹਤਾ ਦੇ ਕਾਰਨ** :

ਅਰਥ ਵਿਗਿਆਨ ਮਨੁੱਖ ਦਾ ਅਧਿਐਨ ਧਨ ਦੇ ਸੰਬੰਧ ਵਿਚ ਕਰਦਾ ਹੈ ਜਦੋਂ ਕਿ ਲੋਕ ਪ੍ਰਸ਼ਾਸਨ ਕਾਰਜਕਾਰੀ ਦਾ ਅਧਿਐਨ ਕਰਦਾ ਹੈ। ਬਹੁਤ ਸਾਰੀਆਂ ਸਮੱਸਿਆਵਾਂ ਜਿਨ੍ਹਾਂ ਦਾ ਸਾਹਮਣਾ ਕਾਰਜਕਾਰੀ ਨੂੰ ਕਰਨਾ ਪੈਂਦਾ ਹੈ ਆਰਥਿਕ ਹੁੰਦੀਆਂ ਹਨ। ਇਸ ਲਈ ਆਧੁਨਿਕ ਲੋਕ ਪ੍ਰਸ਼ਾਸਨ ਨੂੰ ਕਲਿਆਣਕਾਰੀ ਰਾਜ ਵਿਚ ਬਹੁਤ ਜ਼ਿਆਦਾ ਗੁੰਝਲਦਾਰ ਆਰਥਿਕ ਸਮੱਸਿਆਵਾਂ ਦਾ ਸਾਹਮਣਾ ਵਧੇਰੇ ਕਰਨਾ ਪੈਂਦਾ ਹੈ। ਇਸ ਦਾ ਨਤੀਜਾ ਇਹ ਹੈ ਕਿ ਦੋਵੇਂ ਵਿਗਿਆਨ ਇਕ ਦੂਜੇ ਦੇ ਵਧੇਰੇ ਨੇੜੇ ਆ ਗਏ ਹਨ। ਲੋਕ, ਵਿੱਤ, ਬਜਟ, ਵਿੱਤੀ ਪ੍ਰਸ਼ਾਸਨ ਅਤੇ ਅਰਥ ਵਿਗਿਆਨ ਦੋਹਾਂ ਲਈ ਸਾਂਝੇ ਤੌਰ ਤੇ ਦਿਲਚਸਪੀ ਵਾਲੇ ਹਨ। ਉਦਯੋਗਿਕ ਇਨਕਲਾਬ ਆਉਣ ਦੇ ਨਾਲ ਨਾਲ ਅਤੇ ਸਾਡੇ ਸਮਾਜਿਕ ਜੀਵਨ ਉਪਰ ਤਕਨੀਕੀ ਕਾਢਾਂ ਦਾ ਪ੍ਰਭਾਵ ਪੈਣ ਨਾਲ ਲੋਕ ਪ੍ਰਸ਼ਾਸਨ ਦਾ ਇਕ ਨਵਾਂ ਵਿਸ਼ੇਸ਼ਕ੍ਰਿਤ ਖੇਤਰ ਆਰਥਕ ਪ੍ਰਸ਼ਾਸਨ ਦੇ ਨਾਂ ਨਾਲ ਤੇਜ਼ੀ ਨਾਲ ਉਭਰ ਰਿਹਜਾ ਹੈ। ਜਨਤਕ ਕਾਰਪੋਰੇਸ਼ਨ (ਅਦਾਰੇ) ਅਦੁੱਤੀ ਸੰਸਥਾਵਾਂ ਹਨ, ਜਿਨ੍ਹਾਂ ਦਾ ਸੰਬੰਧ ਆਰਥਿਕ ਸਰਗਰਮੀਆਂ ਨਾਲ ਹੈ, ਜਿਹੜੀਆਂ ਕਿ ਲੋਕ ਪ੍ਰਸ਼ਾਸਨ ਦੇ ਨਿਯੰਤ੍ਰਣ ਅਧੀਨ ਦਿੱਤੀਆਂ ਗਈਆਂ ਹਨ। ਵਧੇਰੇ ਆਰਥਿਕ ਸਰੂਪ, ਸਿਧਾਂਤ, ਕਰਮਚਾਰੀਆਂ ਵਰਗ ਪ੍ਰਬੰਧ, ਪ੍ਰਬੰਧਕੀ ਪ੍ਰਥਾਵਾਂ ਅਤੇ ਦਫ਼ਤਰੀ ਪ੍ਰਬੰਧ ਅਧੀਨ ਵਿਧੀਆਂ ਪੂਰਨ ਤੌਰ ਤੇ ਲੋਕ ਪ੍ਰਸ਼ਾਸਨ ਦੁਆਰਾ ਆਰਥਿਕ ਅਤੇ ਵਪਾਰਕ ਪ੍ਰਸ਼ਾਸਨ ਤੋਂ ਉਧਾਰ ਲਈਆਂ ਗਈਆਂ ਹਨ।

ਹੁਣ ਪਿਛੇ ਜਿਹੇ ਸਮਾਜਵਾਦ ਅਤੇ ਯੋਜਨਾਬੰਦੀ ਨੇ ਲੋਕ ਪ੍ਰਸ਼ਾਸਨ ਦੇ ਖੇਤਰ ਨੂੰ ਅਰਥ ਵਿਗਿਆਨ ਦੇ ਖੇਤਰ ਦੇ ਵਧੇਰੇ ਨੇੜੇ ਲੈ ਆਂਦਾ ਹੈ। 'ਖੁੱਲਾ-ਬਜ਼ਾਰ' ਅਧੀਨ ਜਿਸ ਤਰ੍ਹਾਂ ਦੇ ਵਿਸ਼ੇ ਨਾਲ ਅਰਥ ਵਿਗਿਆਨ ਨਿਪਟਦਾ ਹੈ, ਉਹੀ ਵਿਸ਼ਾ ਯੋਜਨਾ-ਬੱਧ ਆਰਥਿਕਤਾ ਵਿਚ ਲੋਕ ਪ੍ਰਸ਼ਾਸਨ ਦਾ ਮੂਲ ਬਣ ਜਾਂਦਾ ਹੈ।

**1.3.4.2 ਅੰਤਰ ਦੇ ਕਾਰਨ** ਅਰਥ ਸ਼ਾਸ਼ਤਰ ਅਤੇ ਲੋਕ ਪ੍ਰਸ਼ਾਸਨ ਵਿਚਕਾਰ ਕਈ ਅੰਤਰ ਹਨ ਕਿਉਂਕਿ ਅਰਥ-ਸ਼ਾਸ਼ਤਰ ਦਾ ਸੰਬੰਧ ਕੇਵਲ ਮਨੁੱਖ ਦੀਆਂ ਆਰਥਿਕ ਸਰਗਰਮੀਆਂ ਨਾਲ ਹੈ ਪਰ ਲੋਕ ਪ੍ਰਸ਼ਾਸਨ ਨੂੰ ਉਨ੍ਹਾਂ ਸਾਰੀਆਂ ਸਰਗਰਮੀਆਂ ਦਾ ਨਿਪਟਾਰਾ ਕਰਨਾ ਪੈਂਦਾ ਹੈ ਜਿਹੜੀਆਂ ਪ੍ਰਸ਼ਾਸਨ ਦੇ ਘੇਰੇ ਵਿਚ ਆਉਂਦੀਆਂ ਹਨ। ਅਰਥ ਵਿਗਿਆਨ, ਅੰਤਰ-ਰਾਸ਼ਟਰੀ ਵਪਾਰ, ਯੋਜਨਾਬੰਦੀ ਦਾ ਨਿਪਟਾਰਾ ਕਰਦਾ ਹੈ ਅਤੇ ਸਾਰੇ ਉਪਾਵਾਂ ਦੇ ਸੰਬੰਧ ਵਿਚ ਕੀਤੇ ਜਾਣ ਵਾਲੇ ਫੈਸਲੇ ਲੋਕ ਪ੍ਰਸ਼ਾਸਕਾਂ ਦੁਆਰਾ ਕੀਤੇ ਜਾਂਦੇ ਹਨ।

ਉਪਰੋਕਤ ਵਿਵਰਣ ਤੋਂ ਸਾਨੂੰ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਇਨ੍ਹਾਂ ਦੋਹਾਂ ਵਿਸ਼ਿਆਂ ਦਾ ਰਿਸ਼ਤਾ ਕੇਵਲ ਕਿਸੇ ਵਿਸ਼ੇਸ਼ ਸੰਸਥਾਤਮਕ ਵਿਕਾਸ ਨਾਲ ਪ੍ਰਸੰਗਕ ਰੂਪ ਦਾ ਨਹੀਂ ਸਗੋਂ ਇਸ ਦੀ ਤਹਿ ਵਿਚ ਕੁਝ ਬੁਨਿਆਦੀ ਸਿਧਾਂਤ ਹਨ ਜਿਸ ਸਿਧਾਂਤ ਨੂੰ ਲੋਕ ਪ੍ਰਸ਼ਾਸਨ ਦੇ ਖੇਤਰ ਵਿਚ 'ਸੁਯੋਗਤਾ ਦਾ ਸਿਧਾਂਤ' ਕਿਹਾ ਜਾਂਦਾ ਹੈ। ਅਰਥ ਵਿਗਿਆਨ ਦੇ ਖੇਤਰ ਵਿਚ ਉਸ ਨੂੰ 'ਸੰਜਮ ਦਾ ਸਿਧਾਂਤ' ਕਿਹਾ ਜਾਂਦਾ

ਹੈ।

**ਸਵੈ-ਪਰਖ ਪ੍ਰਸ਼ਨਾਵਲੀ-ਪਹਿਲੀ :**

1.ਰਾਜਨੀਤੀ ਅਤੇ ਲੋਕ ਪ੍ਰਸ਼ਾਸਨ ਵੱਖ ਨਹੀਂ ਭਾਵ ਇਕੋ ਜੀਨਸ ਦੀਆਂ ਦੋ ਕਿਸਮਾਂ ਹਨ। ਇਸ ਕਥਨ ਤੇ ਆਪਣੀ ਟਿੱਪਣੀ ਦਿਓ

2.ਲੋਕ ਪ੍ਰਸ਼ਾਸਨ ਦਾ ਜਨਮ ਦਾਤਾ ਵੁਡਰੋ ਵਿਲਸਨ ਹੈ।ਹਾਂ/ਨਹੀਂ

3.ਲੋਕ ਪ੍ਰਸ਼ਾਸਨ ਸਮੁੱਚੇ ਸਮਾਜ ਦਾ ਅਧਿਐਨ ਕਰਦਾ ਹੈ ਅਤੇ ਸਮਾਜਿਕ ਵਿਗਿਆਨ ਸਮਾਜ ਦੇ ਕੇਵਲ ਪ੍ਰਸ਼ਾਸਕੀ ਪੱਖ ਦਾ ਹੀ ਅਧਿਐਨ ਕਰਦਾ ਹੈ।ਹਾਂ/ਨਹੀਂ

4.ਅਰਥ ਵਿਗਿਆਨ ਅਤੇ ਲੋਕ ਪ੍ਰਸ਼ਾਸਨ ਦੀ ਨੇੜ੍ਹਤਾ ਨੂੰ ਕੁਝ ਸਤਰਾਂ ਵਿਚ ਉਲੀਕੋ

### 1.3.5 ਲੋਕ ਪ੍ਰਸ਼ਾਸਨ ਅਤੇ ਇਤਿਹਾਸ :

#### 1.3.5.1 ਇਤਿਹਾਸ ਦੀ ਪ੍ਰਸ਼ਾਸਨ ਨੂੰ ਦੇਣ :

ਇਤਿਹਾਸ ਬੀਤੀਆਂ ਘਟਨਾਵਾਂ ਦਾ ਅਧਿਐਨ ਹੈ। ਇਹ ਮਨੁੱਖੀ ਸਮਾਜ ਦੇ ਜੀਵਨ ਵਿਚ ਆਈਆਂ ਤਬਦੀਲੀਆਂ ਸਮਾਜ ਦੀਆਂ ਸਰਗਰਮੀਆਂ ਨੂੰ ਨਿਸ਼ਚਿਤ ਕਰਨ ਵਾਲੇ ਵਿਚਾਰਾਂ ਅਤੇ ਉਨ੍ਹਾਂ ਹਾਲਤਾਂ ਦਾ ਰਿਕਾਰਡ ਹੈ, ਜਿਨ੍ਹਾਂ ਨੇ ਉਨ੍ਹਾਂ ਦੇ ਵਿਕਾਸ ਵਿਚ ਸਹਾਇਤਾ ਕੀਤੀ ਜਾਂ ਰੋਕ ਪਾਈ ਹੈ। ਸੰਖੇਪ ਵਿਚ ਇਹ ਮਨੁੱਖਤਾ ਦੇ ਪਿਛਲੇ ਤਜਰਬੇ ਦਾ ਖਜ਼ਾਨਾ ਹੈ। ਇਸ ਲਈ ਇਹ ਮਨੁੱਖੀ ਸਰਗਰਮੀਆਂ ਦੀਆਂ ਸਾਰੀਆਂ ਸ਼ਾਖਾਵਾਂ ਨੂੰ ਸਬਕ ਦਿੰਦਾ ਹੈ ਜਿਨ੍ਹਾਂ ਵਿਚ ਲੋਕ ਪ੍ਰਸ਼ਾਸਨ ਵੀ ਸ਼ਾਮਲ ਹੈ। ਇਤਿਹਾਸ ਲੋਕ ਪ੍ਰਸ਼ਾਸਨ ਲਈ ਇਸ ਗੱਲ ਦੀ ਜਾਣਕਾਰੀ ਦਿੰਦਾ ਹੈ ਕਿ ਕਿਸ ਤਰ੍ਹਾਂ ਭੂਤਕਾਲ ਵਿਚ ਪ੍ਰਸ਼ਾਸਕੀ ਸਮੱਸਿਆਵਾਂ ਹੱਲ ਕੀਤੀਆਂ ਜਾਂਦੀਆਂ ਸਨ ਅਤੇ ਕਿਸ ਤਰ੍ਹਾਂ ਉਨ੍ਹਾਂ ਗਲਤੀਆਂ ਤੋਂ ਬਚਿਆ ਜਾ ਸਕਦਾ ਹੈ, ਜੋ ਭੂਤਕਾਲ ਵਿਚ ਪ੍ਰਸ਼ਾਸਕਾਂ ਨੇ ਕੀਤੀਆਂ ਸਨ। ਇਤਿਹਾਸ ਵਰਤਮਾਨ ਲਈ ਲੋੜੀਂਦੀ ਸਮਝ ਦਿੰਦਾ ਹੈ ਅਤੇ ਭਵਿੱਖ ਲਈ ਅਗਵਾਈ ਕਰਦਾ ਹੈ। ਲੋਕ ਪ੍ਰਸ਼ਾਸਨ ਦੇ ਵਿਦਿਆਰਥੀ ਪ੍ਰਸ਼ਾਸਕੀ ਪ੍ਰਣਾਲੀ ਦੇ ਵਿਕਾਸ ਨੂੰ ਲੋਕ ਪ੍ਰਸ਼ਾਸਨ ਬਾਰੇ ਝੁਕਾਵਾਂ ਨੂੰ ਸਮਝਣ ਲਈ ਇਤਿਹਾਸ ਅਤੇ ਜੀਵਨ ਸੰਬੰਧੀ ਸਮੱਗਰੀ ਵੱਲ ਉਚਿਤ ਰੂਪ ਵਿਚ ਧਿਆਨ ਦੇ ਰਹੇ ਹਨ। ਇਸ ਤਰ੍ਹਾਂ ਦੀਆਂ ਪੁਸਤਕਾਂ ਜਿਵੇਂ ਕੀ ਐਲ.ਡੀ. ਵਾਈਟ ਜੈਕਸੋਨੀਅਨਜ਼ (The Jacksonians) ਤੇ 'ਦੀ ਜੈਫਰਸੈਨੀਅਨਜ਼' (The Juffersonians) ਸੰਯੁਕਤ ਰਾਜ ਅਮਰੀਕਾ ਦੇ ਪ੍ਰਸ਼ਾਸਕੀ ਇਤਿਹਾਸ ਦੇ ਖੇਤਰ ਵਿਚ ਬਹੁਮੁੱਲੇ ਅੰਸ਼ਦਾਨ ਹਨ। ਐਸ.ਬੀ. ਕਰਾਈਮ (S.B. Crime) ਦੀ ਪੁਸਤਕ 'ਇੰਟਰੋਡਕਸ਼ਨ ਟੂ ਦੀ ਐਡਮਿਨਿਸਟਰੇਟਿਵ ਹਿਸਟਰੀ ਆਫ਼ ਮੈਡਾਇਵਲ ਇੰਗਲੈਂਡ' (Introduction to the Administrative History of Medieval England) ਇਕ ਹੋਰ ਪ੍ਰਸਿੱਧ ਪੁਸਤਕ ਹੈ। ਅਬੁਲ ਫ਼ਜਲ ਦੀ ਪੁਸਤਕ 'ਆਇਨੇ ਅਕਬਰੀ' ਵਰਗੀਆਂ ਪੁਸਤਕਾਂ ਵਿਚ ਲੋਕ ਪ੍ਰਸ਼ਾਸਨ ਸੰਬੰਧੀ ਬਹੁਮੁੱਲੀ ਜਾਣਕਾਰੀ ਮਿਲਦੀ ਹੈ। ਭਾਰਤ ਵਿਚ ਕੌਟਲਯ ਦਾ 'ਅਰਥ ਸ਼ਾਸ਼ਤਰ', ਪ੍ਰੋ. ਮੁਕਰਜੀ ਦੀ ਪੁਸਤਕ 'ਲੋਕਲ ਗਵਰਨਮੈਂਟ ਇਨ ਐਨਸ਼ੈਨਟ ਇੰਡੀਆ' (Local Government in Ancient India) ਅਤੇ ਬੀ.ਐਨ. ਸਰਕਾਰ ਦੀ 'ਮੁਗਲ ਐਡਮਿਨਿਸਟਰੇਟਿਵ ਹਿਸਟਰੀ' ਪ੍ਰਸ਼ਾਸ਼ਕੀ ਇਤਿਹਾਸ ਉੱਪਰ ਲਿਖੇ ਸਾਹਿਤ ਦੀਆਂ ਕਲਾਸਕੀ ਉਦਾਹਰਣਾਂ ਹਨ। ਹੁਣ ਜਿਵੇਂ ਡਾ. ਅਵਸਥੀ ਦੀ ਪੁਸਤਕ 'ਐਡਮਿਨਿਸਟਰੇਟਿਵ ਹਿਸਟਰੀ ਆਫ਼ ਇੰਡੀਆ' (Administrative History of India) ਡਾ. ਮਹੇਸ਼ਵਰੀ ਦੀ ਪੁਸਤਕ 'ਐਡਮਿਨਿਸਟਰੇ

ਸ਼ਨ ਇਨ ਐਨਸੈਨਟ ਇੰਡੀਆ' (Public Administration in Ancient India) ਲੋਕ ਪ੍ਰਸ਼ਾਸਨ ਦੇ ਖੇਤਰ ਵਿਚ ਵਿਸ਼ੇਸ਼ ਤਾਜਾ ਯੋਗਦਾਨ ਹਨ।

1.3.5.2 **ਅੰਤਰ ਦੇ ਕਾਰਨ** : ਇਤਿਹਾਸ ਅਤੇ ਲੋਕ ਪ੍ਰਸ਼ਾਸਨ ਦਾ ਅੰਤਰ ਇਸ ਗੱਲ ਵਿਚ ਹੈ ਕਿ ਇਤਿਹਾਸ ਦਾ ਸੰਬੰਧ ਕੇਵਲ ਪਿਛਲੀਆਂ ਘਟਨਾਵਾਂ ਨਾਲ ਹੈ ਜਦੋਂ ਕਿ ਪ੍ਰਸ਼ਾਸਨ ਦਾ ਸੰਬੰਧ ਮੁੱਖ ਤੌਰ ਤੇ ਸਰਕਾਰ ਵੀ ਮੌਜੂਦਾ ਨੀਤੀਆਂ ਨੂੰ ਲਾਗੂ ਕਰਨ ਨਾਲ ਹੈ। ਦੂਜੇ ਇਤਿਹਾਸ ਦਾ ਸੰਬੰਧ ਹਰ ਪ੍ਰਕਾਰ ਦੀਆਂ ਘਟਨਾਵਾਂ ਨਾਲ ਹੈ। ਫਿਰ ਵੀ ਇਤਿਹਾਸ ਲੋਕ ਪ੍ਰਸ਼ਾਸਨ ਲਈ ਉਦਾਹਰਣ ਦਾ ਕੰਮ ਕੀ ਦਿੰਦਾ ਹੈ ਅਤੇ ਤਾੜਨਾ ਦਾ ਵੀ।

1.3.6 **ਸਾਰਾਂਸ਼** :ਸੰਖੇਪ ਵਿਚ ਇਸ ਗੱਲ ਵੱਲ ਸੰਕੇਤ ਕੀਤਾ ਜਾ ਸਕਦਾ ਹੈ ਕਿ ਸਭਿਅਤਾ ਦੀ ਉੱਨਤੀ ਅਤੇ ਭਲਾਈ, ਰਾਜ ਦਾ ਸਮਾਜਵਾਦ ਦੇ ਸਿਧਾਂਤਾਂ ਨੂੰ ਅਪਨਾਉਣ ਨਾਲ ਲੋਕ ਪ੍ਰਸ਼ਾਸਨ ਦਾ ਖੇਤਰ ਵੱਧਦਾ ਜਾ ਰਿਹਾ ਹੈ। ਇਹ ਸਮਾਜਿਕ ਵਿਗਿਆਨ ਦੇ ਵਿਸ਼ਿਆਂ ਵਿਚ ਇਕ ਸੁਤੰਤਰ ਹੈਸੀਅਤ ਪ੍ਰਾਪਤ ਕਰ ਰਿਹਾ ਹੈ ਕਿਉਂਕਿ ਸਾਰੇ ਸਮਾਜਿਕ ਵਿਗਿਆਨ ਜਿਵੇਂ ਕਿ ਸਮਾਜ ਵਿਗਿਆਨ, ਅਰਥ ਵਿਗਿਆਨ, ਮਨੋਵਿਗਿਆਨ ਆਦਿ ਮਨੁੱਖ ਦੇ ਕਿਸੇ ਨਾ ਕਿਸੇ ਪੱਖ ਦਾ ਅਧਿਐਨ ਕਰਦੇ ਹਨ, ਇਸ ਲਈ ਕੁਦਰਤੀ ਤੌਰ ਤੇ ਮਨੁੱਖ ਇਸ ਅਧਿਐਨ ਦੀ ਸਾਂਝੀ ਕੜੀ ਦੇ ਕਾਰਨ, ਉਨ੍ਹਾਂ ਦੇ ਕਿਸੇ ਢੰਗ ਰਾਹੀਂ ਇਕ ਦੂਜੇ ਨਾਲ ਸੰਬੰਧਤ ਹੈ। ਇਸ ਤਰ੍ਹਾਂ ਲੋਕ ਪ੍ਰਸ਼ਾਸਨ ਦਾ ਸਾਰੇ ਸਮਾਜਿਕ ਵਿਗਿਆਨਾਂ ਨਾਲ ਸੰਬੰਧ ਹੈ।

**ਸਵੈ-ਪਰਖ ਪ੍ਰਸ਼ਨਾਵਲੀ-ਦੂਜੀ** :

1. **ਇਤਿਹਾਸ ਦੀ ਲੋਕ ਪ੍ਰਸ਼ਾਸਨ ਨੂੰ ਕੀ ਦੇਣ ਹੈ**

___

___

___

2.**ਮਨੋਵਿਗਿਆਨ ਦੀ ਜਾਣਕਾਰੀ ਆਮ ਪ੍ਰਸ਼ਾਸਨ ਨੂੰ ਚੰਗਾ ਪ੍ਰਸ਼ਾਸਨ ਬਣਾਉਣ ਵਿਚ ਕਿੰਝ ਸਹਾਇਕ ਹੁੰਦੀ ਹੈ**

___

___

___

1.1.3.7 **ਸ਼ਬਦਾਵਲੀ** :

**ਰਾਜਨੀਤੀ ਵਿਗਿਆਨ** - ਇਹ ਰਾਜਨੀਤੀ ਅਤੇ ਰਾਜਨੀਤਿਕ ਰਵੱਈਏ ਦਾ ਅਧਿਐਨ ਹੈ। ਇਸ ਵਿਸ਼ੇ ਦਾ ਅਧਿਐਨ ਬਹੁਤ ਪੁਰਾਣੇ ਸਮੇਂ ਤੋਂ ਕੀਤਾ ਜਾ ਰਿਹਾ ਹੈ। ਅਰਸਤੂ ਇਸ ਨੂੰ 'ਸਾਰੇ ਸਮਾਜਿਕ ਵਿਗਿਆਨਾਂ ਦੀ ਰਾਣੀ' ਦਾ ਦਰਜ਼ਾ ਦਿੰਦਾ ਹੈ। ਇਹ ਆਮ ਤੌਰ ਤੇ ਸ਼ਕਤੀ ਦੀ ਵੱਖ-ਵੱਖ ਪਧਰ ਤੇ ਵੰਡ, ਪ੍ਰਕ੍ਰਿਤੀ ਅਤੇ ਬਦਲਾਓ ਦਾ ਅਧਿਐਨ ਕਰਦਾ ਹੈ।

**ਸਮਾਜਿਕ ਵਿਗਿਆਨ** - ਇਹ ਸਮਾਜ ਦਾ ਸਿਲਸਿਲੇਵਾਰ ਅਧਿਐਨ ਕਰਦਾ ਹੈ। ਇਹ ਮੁੱਖ ਤੌਰ ਤੇ ਸਮਾਜ ਦੀਆਂ ਵੱਖ-ਵੱਖ ਸ਼੍ਰੇਣੀਆਂ, ਸਮਾਜਿਕ ਬਦਲਾਓ, ਸਮਾਜਿਕ ਝਗੜੇ ਅਤੇ ਸਮੱਸਿਆਵਾਂ ਦਾ ਅਧਿਐਨ ਕਰਦਾ ਹੈ।

**ਅਰਥ ਵਿਗਿਆਨ** - ਇਹ ਇਕ ਸਮਾਜਿਕ ਵਿਗਿਆਨ ਹੈ ਜੋ ਧੰਨ ਦੇ ਉਤਪਾਦਨ, ਵਿਤਰਣ ਅਤੇ ਖਪਤ ਦਾ ਅਧਿਐਨ ਕਰਦਾ ਹੈ।

**ਮਨੋਵਿਗਿਆਨ** - ਇਹ ਮਨੁੱਖ ਅਤੇ ਜਾਨਵਰਾਂ ਦੇ ਰਵੱਈਏ ਦਾ ਸਿਲਸਿਲੇਵਾਰ ਅਧਿਐਨ ਕਰਦਾ ਹੈ।

**ਇਤਿਹਾਸ** - ਤੋਂ ਭਾਵ ਮਨੁੱਖੀ ਸਮਾਜਾਂ ਨਾਲ ਜੁੜੀਆਂ ਘਟਨਾਵਾਂ ਦਾ ਲਿਖਤੀ ਹਾਲ ਹੈ।

1.3.8 **ਸੁਝਾਈਆਂ ਗਈਆਂ ਪੁਸਤਕਾਂ ਦੀ ਸੂਚੀ** :

ਅਵਸਥੀ ਮਹੇਸ਼ਵਰੀ : ਪਬਲਿਕ ਐਡਮਿਨਿਸਟਰੇਸ਼ਨ

ਸੀ.ਪੀ ਭਾਂਬਰੀ : ਪਬਲਿਕ ਐਡਮਿਨਿਸਟਰੇਸ਼ਨ

ਪੂਰੀ ਅਤੇ ਬਰਾਰਾ : ਏਲੀਮੈਂਟਸ ਆਫ਼ ਪਬਲਿਕ ਐਡਮਿਨਿਸਟਰੇਸ਼ਨ

ਸਚਦੇਵਾ : ਪਬਲਿਕ ਐਡਮਿਨਿਸਟਰੇਸ਼ਨ

ਸੰਸਾਰ ਸਿੰਘ : ਲੋਕ ਪ੍ਰਸ਼ਾਸਨ ਦੇ ਪ੍ਰਸ਼ਾਸਕੀ ਸਿਧਾਂਤ

ਸਾਹਿਬ ਸਿੰਘ, ਸਵਿੰਤਰ ਸਿੰਘ : ਲੋਕ ਪ੍ਰਸ਼ਾਸਨ-ਸਿਧਾਂਤ ਤੇ ਵਿਵਹਾਰ

**1.3.9 ਸਵੈ-ਪਰਖ ਲਈ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ :**

**ਸਵੈ-ਪਰਖ ਪ੍ਰਸ਼ਨਾਵਲੀ-ਪਹਿਲੀ**

1.•ਰਾਜਨੀਤੀ ਵਿਗਿਆਨ ਅਤੇ ਲੋਕ ਪ੍ਰਸ਼ਾਸਨ ਦਾ ਪਿਛੋਕੜ ਦੱਸਣ ਉਪਰੰਤ ਦੋਹਾਂ ਦੀ ਪਰਿਭਾਸ਼ਾ ਦਿੱਤੀ ਜਾਵੇ।

•ਦੋਹਾਂ ਦੇ ਸਾਂਝੇ ਖੇਤਰਾਂ ਉਪਰ ਰੋਸ਼ਨੀ ਪਾਈ ਜਾਵੇ।

•ਇਹ ਸਾਂਝੇ ਖੇਤਰ ਕਿਸ ਤਰ੍ਹਾਂ ਸਾਂਝੇ ਹਨ, ਇਸ ਦਾ ਖੁਲਾਸਾ ਕੀਤਾ ਜਾਵੇ।

2.ਜੀ ਹਾਂ ਲੋਕ ਪ੍ਰਸ਼ਾਸਨ ਦਾ ਜਨਮ ਦਾਤਾ ਵੁਡਰੋ ਵਿਲਸਨ ਹੈ ਜੋ ਰਾਜਨੀਤਿਕ ਵਿਗਿਆਨ ਦਾ ਪ੍ਰਸਿੱਧ ਲੇਖਕ ਅਤੇ ਪ੍ਰੋਫੈਸਰ ਸੀ।

3.ਪ੍ਰਸ਼ਨ ਵਿਚ ਜਾਣ ਬੁੱਝ ਕੇ ਉੱਤਰ ਉਲਟਾ ਦੇ ਦਿੱਤਾ ਗਿਆ ਹੈ। ਅਜਿਹੀਆਂ ਗੁੰਝਲਾਂ ਤੋਂ ਚੋਕਨੇ ਰਹਿਣ ਦੀ ਤਾਕੀਦ ਕੀਤੀ ਜਾਂਦੀਹੈ।

4.•ਸਭ ਤੋਂ ਪਹਿਲਾਂ ਦੋਹਾਂ ਦੀ ਪਰਿਭਾਸ਼ਾ ਦਿੱਤੀ ਜਾਵੇ।

•ਫਿਰ ਦੱਸਿਆ ਜਾਵੇ ਕਿ ਦੋਹਾਂ ਦੇ ਕਿਹੜੇ ਖੇਤਰਾਂ ਵਿਚ ਆਪਸੀ ਸਾਂਝ ਹੈ ਅਤੇ ਕਿਉਂ।

**ਸਵੈ-ਪਰਖ ਪ੍ਰਸ਼ਨਾਵਲੀ-ਦੂਜੀ**

1.•ਇਤਿਹਾਸ ਦੀ ਪਰਿਭਾਸ਼ਾ ਦੇ ਕੇ ਦਸੋ ਕਿ ਕਿਸ ਤਰ੍ਹਾਂ ਇਹ ਲੋਕ ਪ੍ਰਸ਼ਾਸਨ ਨੂੰ ਬੇਹਤਰ ਬਣਾਉਣ ਵਿਚ ਮਦਦ ਕਰਦਾ ਹੈ।

•ਵੱਖ-ਵੱਖ ਲਿਖਤਾਂ ਦਾ ਵੀ ਹਵਾਲਾ ਦਿੱਤਾ ਜਾਵੇ ਜਿਹੜੀਆਂ ਲੋਕ ਪ੍ਰਸ਼ਾਸਨ ਨੂੰ ਅੱਜ ਦੇ ਸਮੇਂ ਵਿਚ ਬੇਹਤਰ ਸਮਝਣ ਵਿਚ ਸਹਾਈ ਹੁੰਦੀਆਂ ਹਨ।

2.•ਮਨੋਵਿਗਿਆਨ ਮਨੁੱਖ ਵਿਵਹਾਰ ਨੂੰ ਸਮਝਣ ਵਿਚ ਸਹਾਇਤਾ ਕਰਦਾ ਹੈ ਅਤੇ ਮਨੁੱਖੀ ਵਿਵਹਾਰ ਪ੍ਰਸ਼ਾਸਨ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਆਪਣੇ ਮਿੱਥੇ ਟੀਚੇ ਪ੍ਰਾਪਤ ਕਰਨ ਵਿਚ ਅਤਿਅੰਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

**ਨੋਟ** : ਤੁਹਾਡੇ ਉੱਤਰ ਵਿਚ ਉਪਰੋਕਤ ਦਿੱਤੇ ਵੇਰਵੇ ਦਾ ਵਿਸਥਾਰਪੂਰਵਕ ਵਰਣਨ ਹੋਣਾ ਚਾਹੀਦਾ ਹੈ।

**Updated On August, 2023 by Dr. Ravneet Kaur**

# ਨਵਾਂ ਲੋਕ ਪ੍ਰਸ਼ਾਸਨ ਅਤੇ ਨਵਾਂ ਲੋਕ ਪ੍ਰਬੰਧ

**ਰੂਪ-ਰੇਖਾ :**

1.**4.1** **ਨਵਾਂ ਜਾਂ ਆਧੁਨਿਕ ਲੋਕ ਪ੍ਰਸ਼ਾਸਨ**
- 1.**4.1.1** **ਇਤਿਹਾਸ**
- 1.**4.1.2** **ਮੁੱਖ ਵਿਸ਼ੇਸ਼ਤਾਵਾਂ**
- 1.**4.1.3** **ਵਿਸ਼ਲੇਸ਼ਣ**

1.**4.2** **ਨਵਾਂ ਲੋਕ ਪ੍ਰਬੰਧ**
- 1.**4.2.1** **ਭੂਮਿਕਾ**
- 1.**4.2.2** **ਵਿਸ਼ੇਸ਼ਤਾਵਾਂ**

1.**4.3** **ਸਾਰਾਸ਼**

1.**4.4** **ਸੁਝਾਈਆਂ ਪੁਸਤਕਾਂ**

1.**4.5** **ਸਵੈ-ਅਭਿਆਸ ਲਈ ਪ੍ਰਸ਼ਨ ਅਤੇ ਉੱਤਰ ਲਿਖਣ ਸਬੰਧੀ ਹਦਾਇਤਾਂ**

## 1.4.1 ਆਧੁਨਿਕ ਲੋਕ ਪ੍ਰਸ਼ਾਸਨ

### 1.4.1.1 ਇਤਿਹਾਸ

ਲੋਕ ਪ੍ਰਸ਼ਾਸਨ ਇੱਕ ਕ੍ਰਿਆ ਦੇ ਰੂਪ ਵਿੱਚ ਉਨਾ ਹੀ ਪੁਰਾਣਾ ਹੈ ਜਿੰਨਾ ਪੁਰਾਣਾ ਮਨੁੱਖੀ ਸਮਾਜ ਹੈ ਪਰੰਤੂ ਅਧਿਐਨ ਦੇ ਇੱਕ ਖੇਤਰ ਦੇ ਰੂਪ ਵਿੱਚ ਇਹ ਜ਼ਿਆਦਾ ਪੁਰਾਣਾ ਨਹੀਂ ਹੈ। ਫਿਰ ਵੀ ਪੁਰਾਤਨ ਸਮੇਂ ਦੀਆਂ ਲਿਖਤਾਂ ਜਿਵੇਂ ਪਲੈਟੋ ਦੀ 'ਲਾਜ਼' (Laws), ਮੈਕਿਆਵਲੀ ਦੀ ਪ੍ਰਿੰਸ (Machiavili's Prince), ਅਰਸਤੂ ਦੀ 'ਪੋਲਟਿਕਸ' (Aristotle's Politics), ਕੋਟਲਿਆ ਦੀ 'ਅਰਥ-ਸ਼ਾਸਤਰ' (Arthshastra) ਅਤੇ ਕਨਫੀਉਸੀਅਸ ਦੀਆਂ ਰਚਨਾਵਾਂ ਵਿੱਚ ਪ੍ਰਸ਼ਾਸਨ ਸਬੰਧੀ ਬਹੁਤ ਜਾਣਕਾਰੀ ਮਿਲਦੀ ਹੈ, ਪਰੰਤੂ ਲੋਕ ਪ੍ਰਸ਼ਾਸਨ ਦਾ ਕ੍ਰਮ ਅਨੁਸਾਰ ਅਧਿਐਨ 19ਵੀਂ ਸ਼ਤਾਬਦੀ ਦੇ ਅੰਤ ਵਿੱਚ ਆਰੰਭ ਹੋਇਆ। ਇਸਦੇ ਵਿਕਾਸ ਵਿੱਚ ਕਈ ਤੱਥਾਂ ਨੇ ਯੋਗਦਾਨ ਦਿੱਤਾ ਜਿਵੇਂ ਆਧੁਨਿਕ ਸਰਕਾਰ ਦੇ ਵਧ ਰਹੇ ਚੁਣੌਤੀ-ਪੂਰਨ ਕਾਰਜ ਭਾਵ ਅਜੋਕੇ ਸਮੇਂ ਰਾਜ ਦੇ ਕਾਰਜ ਕਾਨੂੰਨ ਤੇ ਵਿਵਸਥਾ ਬਣਾਏ ਰੱਖਣ ਅਤੇ ਰਾਜਸਵ ਇਕੱਠਾ ਕਰਨ ਤੱਕ ਹੀ ਸੀਮਿਤ ਨਹੀਂ ਹਨ ਬਲਕਿ ਇਹ ਨਾਗਰਿਕਾਂ ਦੇ ਪ੍ਰਤੀ ਦਿਨ ਦੇ ਜੀਵਨ ਨਾਲ ਜਨਮ ਤੋਂ ਲੈਕੇ ਮੌਤ ਤੱਕ ਜੁੜਿਆ ਹੋਇਆ ਹੈ। ਇਸ ਕਾਰਨ ਅਜੋਕੇ ਰਾਜ ਨੂੰ ਕਲਿਆਣਕਾਰੀ ਰਾਜ ਦਾ ਦਰਜਾ ਦਿੱਤਾ ਗਿਆ ਹੈ ਅਤੇ ਇਸ ਤਰ੍ਹਾਂ ਇਸ ਦੇ ਕਾਰਜਾਂ ਦਾ ਖੇਤਰ ਅਸੀਮਿਤ ਹੋ ਗਿਆ ਹੈ। ਆਧੁਨਿਕ ਕਾਲ ਵਿੱਚ ਕੁਝ ਲੇਖਕਾਂ ਜਿਵੇਂ ਅਲੈਗਜੈਂਡਰ ਮਿਲਟਨ, ਥੋਮਸ ਜੈਫਰਸਨ, ਚਾਰਲਸ ਜੀਨ ਬਾਉਨਿਨ ਆਦਿ ਨੇ ਲੋਕ ਪ੍ਰਸ਼ਾਸਨ ਦੇ ਅਰਥ, ਖੇਤਰ, ਸਿਧਾਂਤ ਆਦਿ ਪ੍ਰਤੀ ਆਪਣੇ ਵਿਚਾਰ ਵਿਅਕਤ ਕੀਤੇ ਪਰੰਤੂ ਨੀਤੀ ਨਿਰਮਾਣ ਅਤੇ ਨੀਤੀ ਲਾਗੂ ਕਰਨ ਵਿੱਚ ਅੰਤਰ ਕਰਨ ਦੇ ਯਤਨਾਂ ਦਾ ਮੋਢੀ ਵੂਡਰੋ ਵਿਲਸਨ, ਜੋ ਬਾਅਦ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਬਣੇ, ਨੂੰ ਮੰਨਿਆ ਜਾਂਦਾ ਹੈ ਜਿਸ ਨੇ 1887 ਵਿੱਚ ਰਾਜਨੀਤੀ ਸ਼ਾਸਤਰ ਕਵਾਟਰਲੀ ਵਿੱਚ ਇੱਕ ਲੇਖ 'ਪ੍ਰਸ਼ਾਸਨ ਦਾ ਅਧਿਐਨ' ਪ੍ਰਕਾਸ਼ਿਤ ਕੀਤਾ। ਵਿਲਸਨ ਦਾ ਮੂਲ ਸਿਧਾਂਤ ਇਹ ਸੀ ਕਿ ਕਿਸੇ ਸੰਵਿਧਾਨ ਦੇ ਨਿਰਮਾਣ ਕਰਨ ਨਾਲੋਂ ਇਸ ਨੂੰ ਅਮਲ ਵਿੱਚ ਲਿਆਉਣਾ ਬਹੁਤ ਕਠਿਨ ਹੁੰਦਾ ਹੈ। ਵਿਲਸਨ ਦੇ ਲੇਖ ਨੇ ਲੋਕ ਪ੍ਰਸ਼ਾਸਨ ਨੂੰ ਰਾਜਨੀਤੀ ਸ਼ਾਸਤਰ ਨਾਲੋਂ ਵੱਖ ਵਿਸ਼ੇ ਦੇ ਰੂਪ ਵਿੱਚ ਮਾਨਤਾ ਦਿੱਤੀ, ਜਿਸ ਕਾਰਨ ਉਸ ਨੂੰ ਲੋਕ ਪ੍ਰਸ਼ਾਸਨ ਦਾ ਜਨਮਦਾਤਾ ਕਿਹਾ ਜਾਣ ਲੱਗਾ। ਵੀਹਵੀਂ ਸ਼ਤਾਬਦੀ ਵਿੱਚ ਅਮਰੀਕਾ ਵਿੱਚ ਸੁਧਾਰ ਅੰਦੋਲਨ ਦੇ ਪ੍ਰਭਾਵ ਅਧੀਨ ਲੋਕ

ਪ੍ਰਸ਼ਾਸਨ ਦੇ ਵਿਸ਼ੇ ਵੱਲ ਫ੍ਰੈਡਰਿਕ ਡਬਲਯੂ. ਟੇਲਰ ਦੀ ਵਿਗਿਆਨਕ ਪ੍ਰਬੰਧ ਪੱਧਤੀ ਦਾ ਪ੍ਰਯੋਗ ਉਦਯੋਗ ਵਿੱਚ ਮਨੁੱਖੀ ਸੰਗਠਨਾਂ ਦੇ ਕਾਰਜਾਂ ਨੂੰ ਕਰਨ ਲਈ ਕੀਤਾ। ਹੌਲੀ-ਹੌਲੀ ਵਿਗਿਆਨਕ ਪ੍ਰਬੰਧ ਪੱਧਤੀ ਦੀ ਵਰਤੋਂ ਸਰਕਾਰ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਕੀਤੀ ਜਾਣ ਲੱਗ ਪਈ ਜਿਸ ਨਾਲ ਪ੍ਰਸ਼ਾਸਨ ਦੇ ਵਿਸ਼ੇ ਨੂੰ ਇੱਕ ਨਵਾਂ ਰੂਪ ਮਿਲਿਆ। **1926** ਵਿੱਚ ਪ੍ਰੋ. ਐਲ.ਡੀ. ਵਾਈਟ ਦੀ ਪੁਸਤਕ 'Introduction to the Study of Public Administration' ਪ੍ਰਕਾਸ਼ਿਤ ਹੋਈ। ਲੋਕ ਪ੍ਰਸ਼ਾਸਨ ਸਬੰਧੀ ਇੱਕੀ ਪੁਸਤਕਾਂ ਲਿਖੀਆਂ ਗਈਆਂ ਜਿਨ੍ਹਾਂ ਵਿੱਚੋਂ ਵਿਲੋਬੀ, ਮੂਨੇ, ਮੈਰੀ ਪਾਰਕਰ ਫੋਲੈਟ, ਹੈਨਰੀ ਫੈਓਲ, ਲੁਥਰ ਗੁਲਿਕ ਅਤੇ ਉਰਵਕ ਆਦਿ ਦੁਆਰਾ ਲਿਖੀਆਂ ਗਈਆਂ ਪੁਸਤਕਾਂ ਮੁੱਖ ਸਨ। **1927-32** ਦੇ ਕਾਲ ਨੂੰ ਲੋਕ ਪ੍ਰਸ਼ਾਸਨ ਦੇ ਇਤਿਹਾਸ ਦੇ ਵਿਕਾਸ ਵਿੱਚ ਸੁਨਹਿਰੀ ਕਾਲ ਕਿਹਾ ਜਾਂਦਾ ਹੈ ਕਿਉਂ ਜੋ ਇਸ ਕਾਲ ਦੇ ਦੌਰਾਨ ਰਾਜਨੀਤੀ ਅਤੇ ਪ੍ਰਸ਼ਾਸਨ ਦੇ ਦੁਭਾਜਨ ਦੀ ਧਾਰਨਾ ਨੂੰ ਬਰਕਰਾਰ ਰੱਖਦੇ ਹੋਏ ਲੋਕ ਪ੍ਰਸ਼ਾਸਨ ਨੂੰ ਵਿਗਿਆਨ ਬਣਾਉਣ ਅਤੇ ਇਸਦੇ ਸਰਵ-ਵਿਆਪੀ ਸਿਧਾਂਤਾਂ ਦੀ ਖੋਜ ਕਰਨ ਵੱਲ ਧਿਆਨ ਦਿੱਤਾ ਗਿਆ। ਦੂਜੇ ਵਿਸ਼ਵ ਯੁੱਧ ਬਾਅਦ ਲੋਕ ਪ੍ਰਸ਼ਾਸਨ ਦੇ ਵਿਕਾਸ ਤੇ ਮਾਨਵੀ ਦ੍ਰਿਸ਼ਟੀਕੋਣ ਦਾ ਵਿਸ਼ੇਸ਼ ਪ੍ਰਭਾਵ ਪਿਆ ਅਤੇ ਸੰਗਠਨ ਵਿੱਚ ਮਨੁੱਖ ਨੂੰ ਵਧੇਰੇ ਮਹੱਤਵ ਦੇਣ ਦੀ ਧਾਰਨਾ 'ਤੇ ਬਲ ਦਿੱਤਾ ਜਾਣ ਲੱਗਾ। ਇਸ ਸਮੇਂ ਪ੍ਰਸ਼ਾਸਨ ਦੇ ਅਧਿਐਨ ਦੀਆਂ ਪੁਰਾਣੀਆਂ ਤੇ ਨਵੀਆਂ ਪਹੁੰਚਾਂ ਵਿਚਕਾਰ ਇੱਕ ਵੰਡ-ਰੇਖਾ ਸੀ। ਯੁੱਧ ਸਮੇਂ ਸੰਕਟਕਾਲੀਨ ਪ੍ਰਸ਼ਾਸਕੀ ਕ੍ਰਿਆਵਾਂ ਜਾਂ ਸੈਨਿਕ ਸੰਗਠਨ ਨਾਲ ਜੁੜੇ ਹੋਏ ਵਿਦਿਆਰਥੀ ਅਤੇ ਅਧਿਆਪਕਾਂ ਨੇ ਇਹ ਸਿੱਟਾ ਕੱਢਿਆ ਕਿ ਪ੍ਰਚਲਿਤ ਪਾਠ ਪੁਸਤਕਾਂ ਤੇ ਪ੍ਰਸ਼ਾਸਨ ਦੀ ਉਨ੍ਹਾਂ ਦੇ ਅਨੁਭਵਾਂ ਮੁਤਾਬਿਕ ਵਿਆਖਿਆ ਕਰਨ ਦੇ ਅਸਮਰੱਥ ਹਨ। **1939** ਵਿੱਚ ਸਥਾਪਿਤ ਅਮਰੀਕਨ ਸੁਸਾਇਟੀ ਵਾਰ ਪਬਲਿਕ ਐਡਮਨਿਸਟ੍ਰੇਸ਼ਨ (ASPA) ਨੇ ਲੋਕ ਪ੍ਰਸ਼ਾਸਨ ਨੂੰ ਇੱਕ ਨਵੇਂ ਖੇਤਰ ਦੇ ਤੌਰ 'ਤੇ ਮਾਨਤਾ ਦੇਣ ਵਿੱਚ ਹੋਰ ਵੀ ਯੋਗਦਾਨ ਦਿੱਤਾ। ਇਸਦਾ ਉਦੇਸ਼ ਲੋਕ ਪ੍ਰਸ਼ਾਸਨ ਦੀ ਕਲਾ, ਵਿਗਿਆਨ ਅਤੇ ਪ੍ਰਕਿਰਿਆਵਾਂ ਨੂੰ ਉਨਤ ਕਰਨਾ ਸੀ। ਸਰਕਾਰ ਦੇ ਸਾਰੇ ਪੱਧਰਾਂ ਵਿੱਚੋਂ ਸਰਕਾਰੀ ਕਰਮਚਾਰੀ, ਅਧਿਆਪਕ, ਸਲਾਹਕਾਰ, ਖੋਜੀ ਆਦਿ ਇਸਦੇ ਮੈਂਬਰ ਸਨ। **1947** ਤੋਂ ਬਾਅਦ, ਜੋ ਇਸਦੇ ਵਿਕਾਸ ਦਾ ਚੌਥਾ ਕਾਲ ਮੰਨਿਆ ਜਾਂਦਾ ਹੈ, ਲੋਕ ਪ੍ਰਸ਼ਾਸਨ ਨੂੰ ਇੱਕ ਵਿਸ਼ੇ ਵਜੋਂ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਜਿਨ੍ਹਾਂ ਨੇ ਇਸ ਨੂੰ ਸੰਕਟ, ਸੰਭਵ ਢਹਿ-ਢੇਰੀ ਤੇ ਖੇਰੂੰ-ਖੇਰੂੰ ਹੋਣ ਦੇ ਕਿਨਾਰੇ ਲੈ ਆਂਦਾ। **1947** ਵਿੱਚ ਡਾਹਲ (Dahl) ਨੇ ਲੋਕ ਪ੍ਰਸ਼ਾਸਨ ਦੇ ਸਿਧਾਂਤਾਂ ਨੂੰ ਸਰਵ-ਵਿਆਪੀ ਬਣਾਉਣ 'ਤੇ ਜ਼ੋਰ ਦਿੱਤਾ ਅਤੇ ਇਸ ਸਬੰਧੀ ਆਉਣ ਵਾਲੀਆਂ ਸਮੱਸਿਆਵਾਂ 'ਤੇ ਵੀ ਪ੍ਰਕਾਸ਼ ਪਾਇਆ। ਇੱਕ ਹੋਰ ਆਲੋਚਨਾਤਮਕ ਕ੍ਰਿਤੀ 'Administrative Behaviour - A Study of Decision Making Process in Administrative Organisation' ਵਿੱਚ ਹਰਬਰਟ ਸਾਈਮਨ ਨੇ ਕਦਰਾਂ-ਕੀਮਤਾਂ (Values) ਅਤੇ ਤੱਥਾਂ (Facts) ਵਿਚਕਾਰ ਕਠੋਰ ਅੰਤਰ ਕਰਨ ਦਾ ਸੁਝਾਉ ਦਿੱਤਾ। ਸਾਈਮਨ ਅਨੁਸਾਰ ਨਿਰਣਾ ਲੈਣ ਦਾ ਸਿਧਾਂਤ ਪ੍ਰਸ਼ਾਸਨ ਦਾ ਕੇਂਦਰ ਬਿੰਦੂ ਹੈ ਅਤੇ ਪ੍ਰਸ਼ਾਸਕੀ ਸਿਧਾਂਤ ਦੀ ਸ਼ਬਦਾਵਲੀ ਤਰਕ ਤੇ ਮਨੁੱਖੀ ਚੋਣ ਦੇ ਮਨੋਵਿਗਿਆਨ ਤੋਂ ਉਤਪੰਨ (derived) ਹੋਣੀ ਚਾਹੀਦੀ ਹੈ। **1950** ਦੇ ਦਹਾਕੇ ਵਿੱਚ ਬਹੁ-ਕੇਂਦਰੀ ਧਾਰਨਾਵਾਂ ਜਿਵੇਂ ਵਿਵਹਾਰਿਕ, ਤੁਲਨਾਤਮਕ, ਵਿਸਥਾਤਮਕ, ਵਾਤਾਵਰਣਾਤਮਕ ਆਦਿ 'ਤੇ ਜ਼ੋਰ ਦਿੱਤਾ ਜਾਣ ਲੱਗ ਪਿਆ। ਰਾਜਨੀਤੀ ਪ੍ਰਸ਼ਾਸਨ ਦਵੰਡ ਦੀ ਧਾਰਨਾ ਨੂੰ ਤੱਜ ਦਿੱਤਾ ਗਿਆ ਅਤੇ ਮਾਨਵ ਕਾਰਕ ਦੀ ਪੜਚੋਲ ਇੱਕ ਪ੍ਰਮੁੱਖ ਵਿਸ਼ਾ ਬਣ ਗਿਆ, ਇਸ ਲਈ ਲੋਕ ਪ੍ਰਸ਼ਾਸਨ ਨੂੰ ਆਪਣੀ ਵੱਖਰਤਾ ਦੀ ਮੂਲ ਪ੍ਰਕ੍ਰਿਤੀ ਤਿਆਗਣੀ ਪਈ ਅਤੇ ਸਮਾਜਿਕ ਵਿਗਿਆਨਾਂ, ਵਿਸ਼ੇਸ਼ ਕਰਕੇ ਸਮਾਜ-ਸ਼ਾਸਤਰ, ਮਨੋਵਿਗਿਆਨ, ਸਮਾਜਕ-ਮਨੋਵਿਗਿਆਨ ਅਤੇ ਮਾਨਵ-ਵਿਗਿਆਨ ਦੇ ਗਿਆਨ ਤੇ ਸੂਝ ਦੀ ਵਰਤੋਂ ਆਰੰਭ ਹੋ ਗਈ। ਕ੍ਰਿਸ਼ ਆਰਗਿਰਿਸ (Chris Argyris), ਡਗਲਸ ਮੈਕਗਰੇਗਰ (Douglas McGregor), ਮੈਸਲੋ, ਹਰਜਬਰਗ, ਵੀਡਨਰ, ਰਿਗਸ, ਵਾਲਡੋ ਆਦਿ ਦੀਆਂ ਰਚਨਾਵਾਂ ਨੇ ਮਨੁੱਖੀ ਵਿਵਹਾਰ ਸਬੰਧੀ ਪਰੰਪਰਾਗਤ ਧਾਰਨਾਵਾਂ ਨੂੰ ਸੋਧਣ 'ਤੇ ਜ਼ੋਰ ਦਿੱਤਾ। ਇਸ ਗੱਲ 'ਤੇ ਵੀ ਜ਼ੋਰ ਦਿੱਤਾ ਗਿਆ ਕਿ ਸੰਗਠਨ ਨੂੰ ਇੱਕ ਜੀਵਕ ਸੰਸਥਾ ਬਣਾਇਆ ਜਾਵੇ ਜਿਹੜੀ ਸਵੈ-ਇੱਛਾ ਨਾਲ ਆਪਣੇ ਮੈਂਬਰਾਂ ਦੇ ਵਿਅਕਤੀਤਵ ਦਾ ਵਿਕਾਸ ਕਰਨ ਦਾ ਅਵਸਰ ਪ੍ਰਦਾਨ ਕਰੇ।

ਨਵੇਂ ਲੋਕ ਪ੍ਰਸ਼ਾਸਨ ਦਾ ਆਰੰਭ **1968** ਵਿੱਚ ਡਵਾਈਟ ਵਾਲਡੋ ਦੁਆਰਾ ਨਿਊਯਾਰਕ ਵਿਖੇ ਮਿੰਨੋਬਰੁਕ ਕਾਨਫਰੰਸ ਜਿਸ ਵਿੱਚ ਪੰਜਾਹ ਪ੍ਰਸ਼ਾਸਕੀ ਵਿਵਹਾਰਕਾਂ ਤੇ ਪ੍ਰੋਫੈਸਰਾਂ ਨੂੰ ਇਸ ਵਿਸ਼ੇ ਦੇ ਭਵਿੱਖ ਬਾਰੇ ਵਿਚਾਰ ਪੇਸ਼ ਕਰਨ ਲਈ ਸੱਦਿਆ ਗਿਆ ਸੀ। ਇਨ੍ਹਾਂ ਅਨੁਸਾਰ ਪਰੰਪਰਾਗਤ ਪ੍ਰਸ਼ਾਸਨ ਵਿੱਚ ਸਤਿਕਾਰਯੋਗਤਾ, ਨਿਰੰਤਕ ਵਿਚਾਰਧਾਰਕ ਦਾਰਸ਼ਨਿਕ ਢਾਂਚੇ ਅਤੇ ਸੂਖਮ ਨੀਤੀ ਵਿਗਿਆਨ ਦੀ ਕਮੀ ਹੈ। ਇਹ ਅਜਿਹੀ ਵਿਵਸਥਾ ਜਿਸ ਨੂੰ ਖ਼ੁਦ ਗੰਭੀਰ ਸੁਧਾਰ ਦੀ ਲੋੜ ਹੈ, ਦਾ ਯੰਤਰ

ਬਣਦਾ ਜਾ ਰਿਹਾ ਹੈ। ਇਹ ਅਕੁਸ਼ਲ ਹੈ ਜਾਂ ਗਲਤ ਕਾਰਜਾਂ ਨੂੰ ਕੁਸ਼ਲਤਾ ਨਾਲ ਕਰਦਾ ਹੈ - ਅਪ੍ਰਤਿਕ੍ਰਿਆਵਾਦੀ ਅਤੇ ਅਕਲਪਨਾਮਈ (unresponsive and unimaginative) ਹੈ। ਇਹ ਸਮਾਜ ਦੇ ਸਾਰੇ ਵਰਗਾਂ ਨੂੰ ਸਮਾਜਿਕ ਨਿਆਂ ਦਿਵਾਉਣ ਵਿੱਚ ਅਸਮਰੱਥ ਹੈ। ਇਹ ਅਵਿਅਕਤੀਗਤ (impersonal) ਸਮਿਸਰਣ ਹੈ, ਜੋ ਆਮ ਹਿਤਾਂ ਨਾਲੋਂ ਵਿਸ਼ੇਸ਼ ਹਿੱਤਾਂ ਦੀ ਪਾਲਣਾ ਕਰਦਾ ਹੈ। ਇਹ ਲੋਕ ਹਿੱਤ, ਸਮਾਜ ਸੁਧਾਰ ਤੇ ਸੱਚੇ ਲੋਕਤੰਤਰ ਪ੍ਰਤੀ ਅਰਪਿਤ ਜਾਪਦਾ ਹੈ, ਪਰੰਤੂ ਵਾਸਤਵ ਵਿੱਚ ਇਹ ਕਾਰਜ ਉਨ੍ਹਾਂ ਤੋਂ ਬਿਲਕੁਲ ਉਲਟ ਕਰਦਾ ਹੈ।

### 1.4.1.2 ਨਵੀਨ ਲੋਕ ਪ੍ਰਸ਼ਾਸਨ ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ :-

#### 1.ਕਦਰਾਂ-ਕੀਮਤਾਂ ਨੂੰ ਤਰਜ਼ੀਹ :

ਵਿਗਿਆਨਿਕ ਪ੍ਰਬੰਧ ਅੰਦੋਲਨ ਨੇ ਇਹ ਦਾਅਵਾ ਕੀਤਾ ਸੀ ਕਿ ਇਸ ਵਿਸ਼ੇ ਸਬੰਧੀ ਕੁਦਰਤੀ ਸਿਧਾਂਤ ਵਿਦਮਾਨ ਹਨ ਅਤੇ ਇਹ ਪ੍ਰਯੋਗ ਸਿੱਧ ਅਵਲੋਕਨ ਰਾਹੀਂ ਖੋਜੇ ਜਾ ਸਕਦੇ ਹਨ, ਪਰੰਤੂ ਨਵੇਂ ਲੋਕ ਪ੍ਰਸ਼ਾਸਨ ਦੀ ਧਾਰਨਾ ਦੇ ਸਮਰਥਕਾਂ ਅਨੁਸਾਰ ਸਮਾਜਿਕ ਵਿਗਿਆਨ ਸਬੰਧੀ ਪ੍ਰਯੋਗ ਰਾਹੀਂ ਸਿੱਧ ਖੋਜ ਅਸੰਬੰਧਤ ਅਚੇਤਨ, ਸੌੜੀ ਅਤੇ ਖੁਸ਼ਕ ਹੈ ਅਤੇ ਕਦਰਾਂ-ਕੀਮਤਾਂ ਤੋਂ ਮੁਕਤ ਹੈ। ਇਹ ਵਿਗਿਆਨੀ ਕਦਰਾਂ-ਕੀਮਤਾਂ ਨੂੰ ਤੱਥਾਂ ਤੋਂ ਵੱਖਰਾ ਕਰਨ ਦੇ ਖਿਲਾਫ ਹਨ ਅਤੇ ਘਟਨਾਵਾਂ ਦਾ ਵੱਖਰਾ-ਵੱਖਰਾ ਅਧਿਐਨ ਕਰਨ ਨਾਲੋਂ ਇਨ੍ਹਾਂ ਦਾ ਜ਼ਰੂਰੀ ਸਮੁੱਚੇ ਰੂਪ ਵਿੱਚ ਅਧਿਐਨ ਕਰਦੇ ਹਨ। ਇਹ ਵਾਸਤਵਿਕਤਾ ਸਬੰਧੀ ਵੱਖ-ਵੱਖ ਵਿਚਾਰਾਂ ਦੇ ਸੰਯੋਗ ਦਾ ਯਤਨ ਕਰਦੇ ਹਨ।

#### 2.ਉਦਮੀ ਪ੍ਰਸ਼ਾਸਕ :

ਨਵੇਂ ਲੋਕ ਪ੍ਰਸ਼ਾਸਨ ਦੇ ਹਿਮਾਇਤੀ ਅਜਿਹੇ ਮਗਰਲੇ ਨੌਕਰਸ਼ਾਹੀ ਸਮਾਜ ਦੀ ਸਥਾਪਨਾ ਕਰਨੀ ਚਾਹੁੰਦੇ ਸਨ, ਜਿਸ ਵਿੱਚ ਪ੍ਰਸ਼ਾਸਕ ਸਕ੍ਰਿਆ ਹੋਵੇ ਭਾਵ ਉਹ ਆਪਣੀਆਂ ਆਸਾਮੀਆਂ (client) ਜਾਂ ਉਨ੍ਹਾਂ ਦੀ ਨੈਤਿਕ ਕੀਮਤਾਂ ਦੀ ਖ਼ਾਤਿਰ ਜ਼ੋਖਮ ਉਠਾਉਣ, ਸ਼ਕਤੀਹੀਣਾਂ ਦੀ ਸਹਾਇਤਾ ਲਈ ਏਜੰਸੀ ਸਾਧਨਾਂ ਦੇ ਸਥਾਨਾਂਤਰਣ ਕਰਨ ਅਤੇ ਅਨਿਆਂਪੂਰਣ ਆਦੇਸ਼ਾਂ ਵਿਰੁੱਧ ਲੜਨ ਵਾਲਾ ਹੋਵੇ। ਅਜਿਹੇ ਪ੍ਰਸ਼ਾਸਕਾਂ ਤੋਂ ਰਚਨਾਤਮਕ ਨੀਤੀਆਂ ਖੋਜਣ ਅਤੇ ਅਗਾਂਹਵਧੂ ਉਦੇਸ਼ਾਂ ਦੇ ਲਈ ਲੜਨ ਦੀ ਵੀ ਆਸ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਵਿਚਾਰਾਂ ਨੂੰ ਸਹੀ ਅਰਥਾਂ ਵਿੱਚ ਅਮਲ ਵਿੱਚ ਲਿਆਉਣ ਲਈ ਸੰਗਠਨ ਦਾ ਪੁਨਰ-ਨਿਰਮਾਣ ਕੀਤਾ ਜਾਣਾ ਚਾਹੀਦਾ ਹੈ।

#### 3.ਸਮਾਜਿਕ ਨਿਆਂ (Social Justice or Equity) :

ਨਵੇਂ ਲੋਕ ਪ੍ਰਸ਼ਾਸਨ ਦੇ ਹਮਾਇਤੀਆਂ ਅਨੁਸਾਰ ਪੁਰਾਣੇ ਲੋਕ ਪ੍ਰਸ਼ਾਸਨ ਨੇ ਸਰਕਾਰ ਦੇ ਸਮਾਜਿਕ ਮੰਤਵਾਂ ਨਾਲ ਸਬੰਧਤ ਕਦਰਾਂ-ਕੀਮਤਾਂ ਨੂੰ ਵਿਸਾਰ ਦਿੱਤਾ ਹੈ। ਉਨ੍ਹਾਂ ਅਨੁਸਾਰ ਸਰਕਾਰੀ ਅਧਿਕਾਰੀ ਕਾਰਜਕ੍ਰਮਾਂ ਨੂੰ ਲਾਗੂ ਕਰਦੇ ਸਮੇਂ ਸਮਾਜਿਕ ਨਿਆਂ ਦੀ ਥਾਂ ਕਿਫ਼ਾਇਤ ਅਤੇ ਕੁਸ਼ਲਤਾ ’ਤੇ ਵਧੇਰੇ ਜ਼ੋਰ ਦਿੰਦੇ ਹਨ। ਉਨ੍ਹਾਂ ਅਨੁਸਾਰ ਲੋਕ ਪ੍ਰਸ਼ਾਸਨ ਦੁਆਰਾ ਕਦਰਾਂ-ਕੀਮਤਾਂ ਪ੍ਰਤੀ ਅਪਣਾਇਆ ਗਿਆ ਉਦਾਸੀਨਤਾ ਦਾ ਰਵੱਈਆ ਉਚਿਤ ਨਹੀਂ। ਅਜਿਹਾ ਨਾ ਤਾਂ ਸੰਭਵ ਹੈ ਨਾ ਹੀ ਲੋੜੀਂਦਾ ਹੈ। ਬਹੁਤੀ ਵਾਰੀ ਵੇਖਣ ਵਿੱਚ ਆਇਆ ਹੈ ਕਿ ਪ੍ਰਸ਼ਾਸਨ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ ਦਾ ਪ੍ਰਭਾਵ ਨਾਗਰਿਕਾਂ ਦੀ ਮਾਲੀ ਸਥਿਤੀ ’ਤੇ ਆਧਾਰਿਕ ਹੈ। (Many times services are according to clients by public servants on the basis of their financial status.)

#### 4.ਆਸਾਮੀ ਪ੍ਰਧਾਨ ਪ੍ਰਸ਼ਾਸਨ (Client Oriented Administration) :

ਨਵੇਂ ਲੋਕ ਪ੍ਰਸ਼ਾਸਨ ਦੇ ਸਮਰਥਾਂ ਅਨੁਸਾਰ ਉਸ ਸਮੇਂ ਦਾ ਮੌਜੂਦਾ ਲੋਕ ਪ੍ਰਸ਼ਾਸਨ ਅਮਾਨਵੀ ਅਤੇ ਅਪ੍ਰਤਿਕ੍ਰਿਆਵਾਦੀ ਸੀ ਜਿਹੜਾ ਆਮ ਨਾਗਰਿਕਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਵਿੱਚ ਅਸਮਰਥ ਸੀ। ਇਸ ਲਈ ਉਨ੍ਹਾਂ ਨੇ ਵਿਕੇਂਦਰੀਕਰਣ ਅਤੇ ਸਰਕਾਰ ਦੇ ਕਾਰਜਾਂ ਵਿੱਚ ਨਾਗਰਿਕਾਂ ਦੀ ਭਾਗੀਦਾਰੀ ਦੀ ਮੰਗ ਕੀਤੀ ਅਤੇ ਇਹ ਵੀ ਸੁਝਾਇਆ ਕਿ ਦਫ਼ਤਰਸ਼ਾਹੀ ਦੇ ਖਾਤਮੇ ਦੀ ਵੀ ਲੋੜ ਹੈ ਤਾਂ ਕਿ ਲੋਕ ਸੇਵਾਵਾਂ ਦਾ ਵਧੇਰੇ ਪ੍ਰਭਾਵਸ਼ੀਲਤਾ ਤੇ ਉਦਾਰਤਾ ਨਾਲ ਚਿਤਰਣ ਹੋ ਸਕੇ।

ਇਸ ਕਾਨਫਰੰਸ ਵਿੱਚ ਪੇਸ਼ ਕੀਤੇ ਖੋਜ-ਪੱਤਰਾਂ ਦੇ ਆਧਾਰ ’ਤੇ ਫਰੈਂਕ ਮੈਰਿਨੀ (Frank Marini) ਦੁਆਰਾ ਸੰਪਾਦਿਤ ਇੱਕ ਪੁਸਤਕ, "Towards A New Public Administration : The Minowbrook Perspective"

1971 ਵਿੱਚ ਪ੍ਰਕਾਸ਼ਿਤ ਹੋਈ। ਇਸ ਅਨੁਸਾਰ ਲੋਕ ਪ੍ਰਸ਼ਾਸਨ ਨੂੰ ਭਾਵੇਂ ਤਰਕ ਵਿਰੋਧੀ ਨਹੀਂ ਹੋਣਾ ਚਾਹੀਦਾ ਪਰੰਤੂ ਇਸ ਨੂੰ ਸੰਵੇਦਨਸ਼ੀਲ, ਸੂਖਮ ਤੇ ਉਦਾਰ ਹੋਣਾ ਚਾਹੀਦਾ ਹੈ। ਇਹ ਵਿਚਾਰਕ ਸੰਗਠਨਾਤਮਕ ਮਾਨਵਵਾਦ ਅਤੇ ਸੰਗਠਨ ਦੇ ਵਿਕਾਸ ਦੀਆਂ ਉਨਤ ਤਕਨੀਕਾਂ ਵਿੱਚ ਵਿਸ਼ੇਸ਼ ਰੁਚੀ ਰੱਖਦੇ ਹਨ। ਨਵਾਂ ਲੋਕ ਪ੍ਰਸ਼ਾਸਨ ਤਾਰਕਿਕ ਪ੍ਰਮਾਣਵਾਦ (Logical Postivism) ਅਤੇ ਵਿਖੰਡਨਵਾਦ (Fragmentation) ਦੇ ਵਿਰੁੱਧ ਹੈ ਅਤੇ ਮਾਨਵ ਨੂੰ ਉਤਪਾਦਨ ਸਬੰਧੀ ਇੱਕ ਗਤੀਹੀਣ ਤੱਤ ਨਹੀਂ ਸਮਝਦਾ। ਇਸ ਅਨੁਸਾਰ ਮਨੁੱਖੀ ਅਤੇ ਸੰਗਠਨਾਤਮਕ ਕਦਰਾਂ-ਕੀਮਤਾਂ ਅਤੇ ਤੱਥਾਂ ਨੂੰ ਵੱਖ ਕਰਨਾ ਅਸੰਭਵ ਹੈ ਕਿਉਂ ਜੋ ਮਨੁੱਖੀ ਸੋਚ ਅਤੇ ਵਾਸਤਵਿਕ ਵਿੱਚ ਸਥਾਪਿਤ ਸੰਗਠਨ ਤੇ ਪ੍ਰਸ਼ਾਸਕੀ ਵਿਧੀਆਂ ਵਿੱਚ ਲਾਜ਼ਮੀ ਸੰਬੰਧ ਹੁੰਦਾ ਹੈ। ਸਮਾਜਿਕ ਨਿਆਂ ਲੋਕ ਪ੍ਰਸ਼ਾਸਨ ਦਾ ਪੱਥ-ਪ੍ਰਦਰਸ਼ਕ ਅਤੇ ਮੁੱਖ ਉਦੇਸ਼ ਹੋਣਾ ਚਾਹੀਦਾ ਹੈ। ਲੋਕ ਪ੍ਰਸ਼ਾਸਨ ਨੂੰ ਆਮ ਨਾਗਰਿਕਾਂ ਵਿਸ਼ੇਸ਼ ਕਰ ਪਛੜੀਆਂ ਸ਼੍ਰੇਣੀਆਂ, ਜਾਤੀਆਂ ਆਦਿ ਦੇ ਲੋਕਾਂ ਦੇ ਸਰਵਪੱਖੀ ਵਿਕਾਸ ਲਈ ਕਾਰਜ ਕਰਨਾ ਚਾਹੀਦਾ ਹੈ। ਨਵੀਨ ਲੋਕ ਪ੍ਰਸ਼ਾਸਨ ਜਨਤਾ-ਪੱਖੀ ਦ੍ਰਿਸ਼ਟੀਕੋਣ ਦਾ ਹਮਾਇਤੀ ਹੈ ਅਤੇ ਨਵੀਨਤਾ ਤੇ ਪਰਿਵਰਤਨ ਲਿਆਉਣਾ ਚਾਹੁੰਦਾ ਹੈ।

### 1.4.1.3 ਵਿਸ਼ਲੇਸ਼ਣ :

ਨਵੇਂ ਲੋਕ ਪ੍ਰਸ਼ਾਸਨ ਨੇ ਪੁਰਾਣੇ ਲੋਕ ਪ੍ਰਸ਼ਾਸਨ ਵਿੱਚ ਕੁਝ ਜ਼ਰੂਰੀ ਸੋਧਾਂ ਕਰਨ ਦੀ ਮੰਗ ਕੀਤੀ ਪਰੰਤੂ ਸਮੇਂ ਦੇ ਬੀਤਣ ਨਾਲ ਇਸ ਦੀ ਮਹੱਤਤਾ ਘਟਦੀ ਗਈ ਅਤੇ ਇਹ ਲੋਕਾਂ ਦੇ ਦਿਲਾਂ ਵਿੱਚੋਂ ਲਗਭਗ ਉਤਰ ਹੀ ਗਿਆ। ਰਾਬਰਟ ਟੀ. ਗੋਲੋਮਬੀਵਸਕੀ (Robert T. Golembiweski) ਅਨੁਸਾਰ ਅਜਿਹਾ ਨਾ ਹੋਣ ਦੇ ਤਿੰਨ ਮੁੱਖ ਕਾਰਨ ਸਨ - ਇਸਦਾ ਦਫ਼ਤਰਸ਼ਾਹੀ ਅਤੇ ਪੌੜੀ ਵਿਵਸਥਾ ਵਿਰੋਧੀ ਹੋਣਾ, ਤਕਨੀਕ ਵਿਰੋਧੀ ਹੋਣਾ ਅਤੇ ਤਰਕ ਵਿਰੋਧੀ ਹੋਣਾ। ਨਿਗਰੋ ਅਤੇ ਨਿਗਰੋ ਨੇ ਇਸ ਦੇ ਸਮਾਜਿਕ ਨਿਆਂ ਦੇ ਉਦੇਸ਼ ਦੀ ਉਚਿਤਤਾ ਸਬੰਧੀ ਸ਼ੱਕ ਜ਼ਾਹਿਰ ਕੀਤਾ ਅਤੇ ਸਮਾਜਿਕ ਨਿਆਂ ਦੀ ਪ੍ਰਾਪਤੀ ਲਈ ਲੋਕ ਪ੍ਰਸ਼ਾਸਨਿਕਾਂ ਦੀ ਵਿਧਾਨਪਾਲਿਕਾ ਅਤੇ ਜਨ-ਸਾਧਾਰਨ ਦੀਆਂ ਇੱਛਾਵਾਂ ਅਤੇ ਵਾਸਤਵ ਵਿੱਚ ਆਦੇਸ਼ ਦੇ ਵਿਰੋਧ ਵਿੱਚ ਸੁਤੰਤਰ ਭੂਮਿਕਾ ਨੂੰ ਅਲਪ-ਸੰਖਿਆ ਦੇ ਹਿਤਾਂ ਦੀ ਪ੍ਰਤੀਨਿਧਤਾ ਕਰਾਰ ਦਿੱਤਾ। ਨਿਗਰੋ ਅਤੇ ਨਿਗਰੋ ਅਨੁਸਾਰ ਨਿਪੁੰਨਤਾ ਤੇ ਕਿਫ਼ਾਇਤ ਅਤਿ ਜ਼ਰੂਰੀ ਹੈ ਜਿਸ ਨੂੰ ਨਵੇਂ ਲੋਕ ਪ੍ਰਸ਼ਾਸਨ ਦੁਆਰਾ ਨਕਾਰਿਆ ਗਿਆ ਹੈ।

ਮੈਕਰਡੀ (Mecurdy) ਅਨੁਸਾਰ ਨਵਾਂ ਲੋਕ ਪ੍ਰਸ਼ਾਸਨ, ਲੋਕ ਪ੍ਰਸ਼ਾਸਨ ਸਬੰਧੀ ਇੱਕ ਪ੍ਰਭਾਵਸ਼ਾਲੀ ਸਿਧਾਂਤ ਦੇਣ ਵਿੱਚ ਅਸਮਰੱਥ ਹੈ ਅਤੇ ਇਸ ਦੀ ਪਛਾਣ ਸੰਕਟ (Identity Crisis) ਦੀ ਸਮੱਸਿਆ ਅਜੇ ਵੀ ਬਣੀ ਹੋਈ ਹੈ।

## 1..4.2 ਨਵਾਂ ਲੋਕ ਪ੍ਰਬੰਧ

### 1.4.2.1 ਭੂਮਿਕਾ :

ਅਜੋਕੇ ਯੁੱਗ ਵਿੱਚ ਪ੍ਰਸ਼ਾਸਨ ਦੇ ਸਿਧਾਂਤ ਅਤੇ ਪ੍ਰਣਾਲੀਆਂ ਦੇ ਵਿਕਾਸ ਉਪਰ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਲੋਕ ਪ੍ਰਸ਼ਾਸਨ ਇੱਕ ਕਲਾ ਦੇ ਰੂਪ ਵਿੱਚ ਸਦੀਆਂ ਤੋਂ ਚਲਿਆ ਆ ਰਿਹਾ ਹੈ, ਪਰੰਤੂ ਸਮੇਂ ਦੇ ਨਾਲ ਇਸਦਾ ਨਾਂ ਅਤੇ ਸਵਰੂਪ ਬਦਲਦੇ ਰਹੇ ਹਨ। 1887 ਵਿੱਚ ਵੁਡਰੋ ਵਿਲਸਨ ਨੇ ਪਹਿਲੀ ਵਾਰ ਇਸ ਨੂੰ ਇੱਕ ਵੱਖਰੇ ਵਿਸ਼ੇ ਵਜੋਂ ਉਭਾਰਨ ਦੀ ਕੋਸ਼ਿਸ਼ ਕੀਤੀ। ਇਸ ਦਾ ਹੋਰ ਵਿਕਾਸ ਸਾਇੰਸ ਦੇ ਸਿਧਾਂਤ ਦੀ ਵਰਤੋਂ ਕਿਸੇ ਵੀ ਸੰਗਠਨ ਦੀ ਪ੍ਰਸ਼ਾਸਨਿਕ ਵਿਵਸਥਾ ਨੂੰ ਬੇਹਤਰ ਢੰਗ ਅਤੇ ਨਿਪੁੰਨਤਾ ਨਾਲ ਚਲਾਉਣ ਰਾਹੀਂ ਹੋਇਆ। ਅਜਿਹੇ ਸਿਧਾਂਤ ਐਫ.ਡਬਲਯੂ. ਟੇਲਰ, ਹੇਨਰੀ ਫਊਲ, ਮੈਕਸ ਵੈਬਰ ਗੁਲਿਕ-ਓਰਵਿਕ ਆਦਿ ਵੱਲੋਂ ਉਲੀਕੇ ਗਏ। ਇਸਦੇ ਸਮਾਜਿਕ ਪੱਖ ਨੂੰ ਉਭਾਰਨ ਉਪਰ ਕੇਂਦਰਿਤ ਸਿਧਾਂਤ ਐਲਟਨ ਮਾਯੋ ਨੇ ਦਿੱਤੇ। ਪ੍ਰਸ਼ਾਸਨ ਨਾਲ ਜੁੜੇ ਹਰੇਕ ਵਿਅਕਤੀ ਦੀ ਸ਼ਖ਼ਸੀਅਤ ਅਤੇ ਉਸਦਾ ਰਵਈਆ ਸਮਝ ਕੇ ਉਸ ਨੂੰ ਵੱਧ ਤੋਂ ਵੱਧ ਪ੍ਰੋਤਸ਼ਾਹਿਤ ਕਰਕੇ ਸੰਗਠਨ ਜਾਂ ਪ੍ਰਸ਼ਾਸਨ ਦੇ ਉਦੇਸ਼ਾਂ ਨੂੰ ਸਹੀ ਅਰਥਾਂ ਵਿੱਚ ਪ੍ਰਾਪਤ ਕਰਨ ਉਪਰ ਜ਼ੋਰ ਦਿੰਦੇ ਸਿਧਾਂਤ ਮੈਸਲੋ, ਹਰਜ਼ਬਰਗ, ਮੈਕਗਰੈਗਰ ਆਦਿ ਨੇ ਉਲੀਕੇ। ਹਰਬਰਟ ਸਾਈਮਨ, ਜੋ ਨੋਬਲ ਪੁਰਸਕਾਰ ਵਿਜੇਤਾ ਰਹੇ, ਨੇ ਸਾਰੇ ਪ੍ਰਸ਼ਾਸਨਿਕ ਕਾਰਜਾਂ ਨੂੰ ਕੇਵਲ ਇੱਕ ਸ਼ਬਦ 'ਨਿਰਣਾ ਲੈਣਾ' (Decision-Making) ਰਾਹੀਂ ਸਪੱਸ਼ਟ ਕਰਨ ਦਾ ਯਤਨ ਕੀਤਾ।

60-70 ਦੇ ਦਹਾਕੇ ਵਿੱਚ ਲੋਕ ਪ੍ਰਸ਼ਾਸਨ ਦਾ ਇੱਕ ਹੋਰ ਸਵਰੂਪ ਸਾਹਮਣੇ ਆਇਆ, ਜਿਸ ਨੂੰ ਨਵਾਂ ਲੋਕ ਪ੍ਰਸ਼ਾਸਨ ਕਿਹਾ ਜਾਣ ਲੱਗ ਪਿਆ। ਇਨ੍ਹਾਂ ਵਿਚਾਰਕਾਂ ਦਾ ਮੱਤ ਸੀ ਕਿ ਲੋਕ ਪ੍ਰਸ਼ਾਸਨ ਕਦਰਾਂ-ਕੀਮਤਾਂ ਤੋਂ ਰਹਿਤ ਨਹੀਂ ਹੋ ਸਕਦਾ ਅਤੇ ਪ੍ਰਸ਼ਾਸਨ ਸਮਾਜਿਕ ਨਿਆਂ, ਸਮਾਨਤਾ, ਲੋਕ ਸੇਵਾ ਦੀ ਭਾਵਨਾ ਨੂੰ ਸਮਰਪਿਤ ਅਤੇ ਪਹਿਲ-ਕਦਮੀ ਦੇ ਜ਼ਜ਼ਬੇ ਨਾਲ ਭਰਪੂਰ

ਪ੍ਰਸ਼ਾਸਕ ਪ੍ਰਧਾਨ ਵਿਵਸਥਾ ਵਾਲਾ ਹੋਣਾ ਚਾਹੀਦਾ ਹੈ। ਇਹ ਇੱਕ ਲਹਿਰ ਹੀ ਬਣਕੇ ਰਹਿ ਗਈ ਅਤੇ ਲੋਕ ਪ੍ਰਸ਼ਾਸਨ ਦੇ ਸਵਰੂਪ ਵਿੱਚ ਬਹੁਤ ਜ਼ਿਆਦਾ ਤਬਦੀਲੀ ਨਹੀਂ ਲਿਆ ਪਾਈ।

**1.4.2.2** ਮੌਜੂਦਾ ਸਮੇਂ ਲੋਕ ਪ੍ਰਸ਼ਾਸਨ ਦਾ ਇੱਕ ਹੋਰ ਸਵਰੂਪ ਉਭਰ ਕੇ ਸਾਹਮਣੇ ਆ ਰਿਹਾ ਹੈ ਜਿਸ ਨੂੰ ਨਵਾਂ ਲੋਕ ਪ੍ਰਬੰਧ (New Public Management) ਦੇ ਨਾਂ ਨਾਲ ਜਾਣਿਆ ਜਾ ਰਿਹਾ ਹੈ। ਨਵੇਂ ਲੋਕ ਪ੍ਰਬੰਧ ਦੇ ਅਧੀਨ ਰਾਜ ਦੀ ਭੂਮਿਕਾ, ਲੋਕ ਅਦਾਰਿਆਂ ਦਾ ਰਸਮੀ ਢਾਂਚਾ, ਉਨ੍ਹਾਂ ਨੂੰ ਨਿਪੁੰਨਤਾ ਨਾਲ ਚਲਾਉਣ ਲਈ ਮੈਨੇਜੀਰੀਅਲ ਵਿਧੀਆਂ ਅਤੇ ਲੋਕਾਂ ਦੇ ਰਾਜ ਪ੍ਰਬੰਧ ਪ੍ਰਤੀ ਨਜ਼ਰੀਏ ਵਿੱਚ ਬੁਨਿਆਦੀ ਤਬਦੀਲੀਆਂ ਲਿਆਉਣ ਦਾ ਯਤਨ ਕੀਤਾ ਜਾ ਰਿਹਾ ਹੈ। ਨਵਾਂ ਲੋਕ ਪ੍ਰਬੰਧ ਦੋ ਮੁੱਖ ਧਾਰਨਾਵਾਂ ਉਪਰ ਕੇਂਦਰਿਤ ਹੈ -

(1) ਨਵਾਂ ਸੰਸਥਾਨਕ ਅਰਥ-ਵਿਗਿਆਨ, ਅਤੇ

(2) ਵਪਾਰਿਕ ਅਦਾਰਿਆਂ ਵਿੱਚ ਵਰਤੀਆਂ ਜਾਣ ਵਾਲੀਆਂ ਪ੍ਰਬੰਧ ਕਰਨ ਦੀਆਂ ਤਕਨੀਕਾਂ।

ਉਪਰੋਕਤ ਧਾਰਨਾ ਦਾ ਫੈਲਾਉ ਬਹੁਤ ਸਾਰੇ ਮੁਲਕਾਂ ਜਿਵੇਂ ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ, ਅਮਰੀਕਾ, ਜਾਪਾਨ, ਫਰਾਂਸ ਆਦਿ ਤੱਕ ਹੋ ਚੁੱਕਾ ਹੈ। ਇਸ ਧਾਰਨਾ ਅਧੀਨ ਪ੍ਰਸ਼ਾਸਕੀ ਸੁਧਾਰ ਮੁੱਖ ਪੰਜ ਹਿੱਸਿਆਂ ਵਿੱਚ ਵੰਡੇ ਜਾ ਸਕਦੇ ਹਨ :-

(1) ਸਰਕਾਰ ਦਾ ਪੁਨਰਗਠਨ

(2) ਸੰਗਠਨ ਦੇ ਟੀਚੇ ਨਿਸ਼ਚਿਤ ਕਰਨੇ ਅਤੇ ਉਨ੍ਹਾਂ ਦਾ ਮੁਲਾਂਕਣ

(3) ਨਿੱਜੀ ਅਦਾਰਿਆਂ ਵਿੱਚ ਵਰਤੇ ਜਾਣ ਵਾਲੇ ਮੈਨੇਜਮੈਂਟ ਦੇ ਤਰੀਕਿਆਂ ਦੀ ਸਰਕਾਰੀ ਅਦਾਰਿਆਂ ਵਿੱਚ ਵੀ ਵਰਤੋਂ ਉਪਰ ਜ਼ੋਰ ਦੇਣਾ।

(4) ਪ੍ਰਸ਼ਾਸਨ ਦਾ ਲੋਕਾਂ ਪ੍ਰਤੀ ਸੇਵਾ-ਭਾਵਨਾ ਵਿੱਚ ਵਾਧਾ।

(1) ਸਰਕਾਰ ਦਾ ਪੁਨਰਗਠਨ ਕਰਨਾ ਤੋਂ ਭਾਵ ਸਰਕਾਰੀ ਅਦਾਰਿਆਂ ਵਿੱਚ ਕੰਮ ਕਰ ਰਹੇ ਸਟਾਫ਼ ਦੀ ਗਿਣਤੀ ਘਟਾਉਣ ਤੋਂ ਜਾਂ ਵਾਧੂ ਸਟਾਫ਼ ਦੀ ਛਾਂਟੀ ਕਰਨ ਤੋਂ ਹੈ। ਕਰਮਚਾਰੀਆਂ ਵਿੱਚ ਕੰਮ ਦੀ ਵੰਡ ਇੰਝ ਕੀਤੀ ਜਾਵੇ ਕਿ ਸਾਰਾ ਕੰਮ ਕਿਫ਼ਾਇਤ ਅਤੇ ਨਿਪੁੰਨਤਾ ਨਾਲ ਹੋ ਸਕੇ।

(2) ਸਰਕਾਰੀ ਅਦਾਰਿਆਂ ਦੇ ਟੀਚੇ ਪਹਿਲਾਂ ਹੀ ਸਪੱਸ਼ਟ ਰੂਪ ਵਿੱਚ ਉਲੀਕੇ ਜਾਣ ਅਤੇ ਉਨ੍ਹਾਂ ਨੂੰ ਮਾਪਣ ਦੇ ਮਿਆਰ ਵੀ ਨਿਸ਼ਚਿਤ ਹੋਣੇ ਚਾਹੀਦੇ ਹਨ ਤਾਂ ਜੋ ਸਮਾਂ ਸਮਾਪਤੀ ਤੋਂ ਬਾਅਦ ਹਰੇਕ ਟੀਚੇ ਦੀ ਪ੍ਰਾਪਤੀ ਦਾ ਮੁਲਾਂਕਣ ਕੀਤਾ ਜਾ ਸਕੇ।

(3) ਨਿੱਜੀ ਖੇਤਰ ਵਿੱਚ ਉਦਯੋਗਾਂ ਨੂੰ ਬੜੀ ਕਿਫ਼ਾਇਤ, ਨਿਪੁੰਨਤਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਚਲਾਏ ਜਾਣ ਉਪਰ ਜ਼ੋਰ ਦਿੱਤਾ ਜਾਂਦਾ ਹੈ। ਇਨ੍ਹਾਂ ਦੇ ਨਿਯਮ ਕਠੋਰ ਨਾ ਹੋਕੇ ਲਚਕੀਲੇ ਹੁੰਦੇ ਹਨ ਅਤੇ ਸਮੇਂ ਤੇ ਜ਼ਰੂਰਤਾਂ ਮੁਤਾਬਿਕ ਤਬਦੀਲੀ ਤੇਜ਼ੀ ਨਾਲ ਅਤੇ ਆਸਾਨੀ ਨਾਲ ਕਰਨਾ ਸੰਭਵ ਹੁੰਦਾ ਹੈ। ਅਜਿਹਾ ਲਚਕੀਲਾਪਨ ਅਤੇ ਤੇਜ਼ੀ ਸਰਕਾਰੀ ਕਾਰਜ-ਵਿਧੀਆਂ ਵਿੱਚ ਲਿਆਉਣ ਦੀ ਲੋੜ ਹੈ।

(4) ਪ੍ਰਸ਼ਾਸਨ ਦੁਆਰਾ ਲੋਕਾਂ ਦੀਆਂ ਜ਼ਰੂਰਤਾਂ ਅਨੁਸਾਰ ਨੀਤੀਆਂ ਬਣਾਉਣ ਦੀ ਕੋਸ਼ਿਸ਼ :- ਸਿਵਲ ਸੇਵਾਵਾਂ ਦਾ ਮਕਸਦ ਲੋਕਾਂ ਦੀ ਸੇਵਾ ਕਰਨਾ ਹੈ ਪਰੰਤੂ ਮੌਜੂਦਾ ਢਾਂਚੇ ਵਿੱਚ ਰਹਿਕੇ ਇਹ ਸੰਭਵ ਨਹੀਂ। ਅਜਿਹਾ ਟੀਚਾ ਪ੍ਰਾਪਤ ਕਰਨ ਲਈ ਉਨ੍ਹਾਂ ਦੇ ਕੰਮ ਕਰਨ ਦੇ ਤਰੀਕੇ ਅਤੇ ਸੋਚ ਵਿੱਚ ਬਦਲਾਉ ਲਿਆਉਣ ਦੀ ਜ਼ਰੂਰਤ ਹੈ। ਹਰੇਕ ਦੇਸ਼ ਵਿੱਚ ਅੱਜ ਦੇ ਸਮੇਂ ਪ੍ਰਸ਼ਾਸਨ ਦੁਆਰਾ 'ਨਾਗਰਿਕ ਚਾਰਟਰ' ਨਾਮਕ ਪੱਤਰ ਛਾਪਿਆ ਅਤੇ ਵੰਡਿਆ ਜਾ ਰਿਹਾ ਹੈ, ਜਿਸਦਾ ਮਕਸਦ ਪ੍ਰਸ਼ਾਸਨ ਦਾ ਲੋਕਾਂ ਪ੍ਰਤੀ ਮਿੱਤਰਤਾ ਭਰਿਆ ਰਵੱਈਆ ਉਜਾਗਰ ਕਰਨਾ ਹੈ। ਅਜਿਹੇ ਚਾਰਟਰ ਵਿੱਚ ਮੁੱਖ ਛੇ ਸਿਧਾਂਤਾਂ ਦਾ ਜ਼ਿਕਰ ਕੀਤਾ ਗਿਆ ਹੈ :-

(ੳ) ਸਿਵਲ ਸੇਵਾਵਾਂ ਦੇ ਮਿਆਰ ਨਿਸ਼ਚਿਤ ਕਰਨਾ;

(ਅ) ਲੋੜੀਂਦੀ ਜਾਣਕਾਰੀ ਆਮ ਜਨਤਾ ਨੂੰ ਮੁਹੱਈਆ ਕਰਾਉਣਾ;

(ੲ) ਕੋਈ ਨਵੀਂ ਨੀਤੀ ਲਾਗੂ (ਪਾਰਿਤ) ਕਰਨ ਤੋਂ ਪਹਿਲਾਂ ਲੋਕ ਰਾਇ ਲੈਣਾ;

(ਸ) ਲੋਕਾਂ ਨੂੰ ਹਰ ਸੰਭਵ ਸਹਾਇਤਾ ਮੁਹੱਈਆ ਕਰਨਾ;

(ਹ) ਲੋਕਾਂ ਤੋਂ ਇਕੱਤਰ ਟੈਕਸ ਰਾਹੀਂ ਯੋਗ ਸੇਵਾਵਾਂ ਪ੍ਰਦਾਨ ਕਰਨੀਆਂ; ਅਤੇ

(ਕ) ਕਾਰਜ ਪ੍ਰਣਾਲੀ ਵਿੱਚ ਲੋੜੀਂਦੇ ਸੁਧਾਰ ਲਿਆਉਣਾ।

ਅਜਿਹੇ ਚਾਰਟਰ ਲਗਭਗ ਹਰੇਕ ਮੁਲਕ ਵਿੱਚ ਲਾਗੂ ਕੀਤੇ ਜਾ ਰਹੇ ਹਨ ਤਾਂ ਕਿ ਆਮ ਜਨਤਾ ਦਾ ਵਿਸ਼ਵਾਸ ਪ੍ਰਸ਼ਾਸਨ ਵਿੱਚ ਵਧ ਸਕੇ।

### 1.4.3 ਸਾਰਾਸ਼

1887 ਤੋਂ ਹੁਣ ਤੱਕ ਸਿਵਲ ਸੇਵਾਵਾਂ ਦੁਬਾਰਾ ਚਲਾਇਆ ਜਾਂਦਾ ਪ੍ਰਸ਼ਾਸਨਿਕ ਢਾਂਚਾ ਕਈ ਪੜਾਵਾਂ ਵਿੱਚੋਂ ਲੰਘਿਆ ਹੈ। ਇਸਦਾ ਮੁੱਖ ਧਿਆਨ ਸਿਧਾਂਤਾਂ ਉਪਰ ਹੀ ਹੈ ਅਤੇ ਮਨੁੱਖੀ ਪ੍ਰਤੀ ਸੁਹਿਰਦ ਨਾ ਹੋਕੇ ਕਠੋਰ ਰਵੱਈਆ ਅਪਣਾਉਂਦਾ ਹੈ। ਅਜੋਕੇ ਸਮੇਂ ਇਹ ਸੁਧਾਰ ਇਸ ਨੂੰ ਕੇਂਦਰੀਕ੍ਰਿਤ ਬੁਰਜਵਾ ਸਿਧਾਂਤਾਂ ਦੇ ਕਠੋਰ ਦਾਇਰੇ ਵਿੱਚੋਂ ਕੱਢਕੇ ਕਿਫ਼ਾਇਤ, ਪ੍ਰਭਾਵਸ਼ਾਲੀ, ਨਿਪੁੰਨ ਅਤੇ ਸਮਾਨਤਾ ਦੇ ਸਿਧਾਂਤ ਉਪਰ ਆਧਾਰਿਤ ਵਿਵਸਥਾ ਬਣਾਉਣ ਲਈ ਯਤਨਸ਼ੀਲ ਹਨ।

### 1.4.4 ਸੁਝਾਈਆਂ ਪੁਸਤਕਾਂ :

| | | | |
|---|---|---|---|
| * | ਹਰਬੀਰ ਸਿੰਘ | : | ਲੋਕ ਪ੍ਰਸ਼ਾਸਨ ਦੇ ਸਿਧਾਂਤ |
| * | ਸਾਹਿਬ ਸਿੰਘ ਅਤੇ ਸਵਿੰਦਰ ਸਿੰਘ | : | ਲੋਕ ਪ੍ਰਸ਼ਾਸਨ ਦੇ ਸਿਧਾਂਤ ਅਤੇ ਵਿਹਾਰ |
| * | ਪੁਰੀ ਅਤੇ ਬਰਾਗ | : | ਲੋਕ ਪ੍ਰਸ਼ਾਸਨ ਦੇ ਸਿਧਾਂਤ |
| * | ਚੰਦਰ ਮੋਹਨ | : | ਲੋਕ ਪ੍ਰਸ਼ਾਸਨ ਦੇ ਤੱਤ |

### ਸਵੈ-ਅਭਿਆਸ ਲਈ ਪ੍ਰਸ਼ਨ :

(1) 'ਨਵਾਂ ਲੋਕ ਪ੍ਰਸ਼ਾਸਨ' ਉਪਰ ਨੋਟ ਲਿਖੋ।

ਜਾਂ

(2) 'ਨਵਾਂ ਲੋਕ ਪ੍ਰਬੰਧ' ਤੋਂ ਕੀ ਸਮਝਦੇ ਹੋ? ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਲਿਖੋ।

### 1.4.5 ਉੱਤਰ ਲਿਖਣ ਸਬੰਧੀ ਕੁਝ ਹਦਾਇਤਾਂ :

ਪ੍ਰਸ਼ਨ ਦਾ ਉੱਤਰ ਦੇਣ ਤੋਂ ਪਹਿਲਾਂ ਪਾਠ ਸਮੱਗਰੀ ਨੂੰ ਧਿਆਨ ਨਾਲ ਪੜ੍ਹਕੇ, ਸਮਝ ਕੇ ਯਾਦ ਕਰੋ। ਉੱਤਰ ਬਿਨ੍ਹਾਂ ਨਕਲ ਕੀਤੇ ਲਿਖਣ ਦੀ ਕੋਸ਼ਿਸ਼ ਕਰੋ। 'ਨਵਾਂ ਲੋਕ ਪ੍ਰਸ਼ਾਸਨ' ਜਾਂ 'ਨਵਾਂ ਲੋਕ ਪ੍ਰਬੰਧ' ਪਹਿਲਾਂ ਇਨ੍ਹਾਂ ਦੀ ਪਰਿਭਾਸ਼ਾ ਲਿਖੋ, ਫਿਰ ਇਨ੍ਹਾਂ ਦੀਆਂ ਵੱਖ-ਵੱਖ ਵਿਸ਼ੇਸ਼ਤਾਵਾਂ ਲਿਖੋ ਅਤੇ ਫਿਰ ਸਾਰ ਲਿਖੋ।

**Updated On August, 2023 by Dr. Ravneet Kaur**

ਪਾਠ ਨੰ: 1.5 **Prepared By : Ravneet Kaur**

# ਸੰਗਠਨ : ਅਰਥ ਅਤੇ ਆਧਾਰ
# (**Concepts of Organisation**)

1.5.1 ਪਾਠ ਦਾ ਉਦੇਸ਼
1.5.2 ਭੂਮਿਕਾ
1.5.3 ਸੰਗਠਨ ਦੀਆਂ ਵਿਸ਼ੇਸ਼ਤਾਵਾਂ
1.5.4 ਸੰਗਠਨ ਦਾ ਵਰਗੀਕਰਣ
1.5.4.1 ਕਾਰਜ ਜਾਂ ਉਦੇਸ਼ਾਂ ਦੇ ਆਧਾਰ ਤੇ
1.5.4.2 ਮੂਲਕ ਲਾਭ ਪ੍ਰਾਪਤ ਕਰਨ ਵਾਲੇ ਆਧਾਰ ਤੇ
1.5.4.3 ਆਦੇਸ਼ ਪਾਲਣਾ ਦੇ ਆਧਾਰ ਤੇ
1.5.5 ਸੰਗਠਨ ਦੀ ਮਹੱਤਤਾ
1.5.5.1 ਵਿਅਕਤੀਆਂ ਦੀ ਸੀਮਾਬੱਧਤਾ
1.5.5.2 ਸਮਾਜਿਕ ਕਾਰਨ
1.5.5.3 ਪਦਾਰਥਕ ਕਾਰਨ
1.5.6 ਸੰਗਠਨ ਦੀ ਭੂਮਿਕਾ
1.5.7 ਸੰਗਠਨਾਂ ਦੀ ਸਮੱਸਿਆਵਾਂ
1.5.8 ਸੰਗਠਨ ਦੇ ਵਿਕਾਸ ਦੀ ਪ੍ਰਕ੍ਰਿਆ
1.5.9 ਸਿੱਟਾ
1.5.10 ਸੁਝਾਈਆਂ ਪੁਸਤਕਾਂ

## 1.5.1 ਪਾਠ ਦਾ ਉਦੇਸ਼

ਪ੍ਰਸ਼ਾਸਨ ਦੇ ਹਰ ਖੇਤਰ ਵਿਚ ਉਦੇਸ਼ ਦੀ ਪੂਰਤੀ ਲਈ ਸੰਗਠਨ ਦਾ ਹੋਣਾ ਅਤਿ ਆਵਸ਼ਕ ਹੈ। ਲੋਕ ਪ੍ਰਸ਼ਾਸਨ ਵਿਚ ਇਸ ਦੀ ਮਹੱਤਤਾ ਹੋਰ ਵੀ ਵਧੇਰੇ ਹੁੰਦੀ ਹੈ ਕਿਉਂਕਿ ਲੋਕ ਪ੍ਰਸ਼ਾਸਨ ਦੀ ਨੀਂਹ ਹੀ ਸੰਗਠਨ ਹੈ। ਸੰਗਠਨ ਬਿਨਾਂ ਪ੍ਰਸ਼ਾਸਨ ਸੁਚਾਰੂ ਢੰਗ ਨਹੀਂ ਚਲ ਸਕਦਾ, ਇਸ ਪ੍ਰਸੰਗ ਵਿਚ ਪ੍ਰੋ: ਲਿਪਾਵਸਕੀ ਨੇ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ ਕਿਹਾ ਹੈ ਕਿ ਸੰਗਠਨ ਦਾ ਪ੍ਰਸ਼ਾਸਨ ਨਾਲ ਲਗਭਗ ਉਹੀ ਸੰਬੰਧ ਹੈ ਜੋ ਸਰੀਰ ਵਿਗਿਆਨ ਦਾ ਮੈਡੀਕਲ ਵਿਗਿਆਨ ਨਾਲ ਹੈ। ਪ੍ਰਸ਼ਾਸਕੀ ਪ੍ਰਬੰਧ ਜਾਂ ਸੰਗਠਨ ਨੂੰ ਅਸੀਂ ਉਸੇ ਤਰ੍ਹਾਂ ਤਰਤੀਬਵਾਰ ਬਿਆਨ ਕਰ ਸਕਦੇ ਹਾਂ ਜਿਵੇਂ ਕਿਸੇ ਸਰੀਰ ਦੇ ਅੰਗਾਂ ਦਾ ਸਰੀਰ ਵਿਗਿਆਨ ਵਿਚ ਬਿਆਨ ਕੀਤਾ ਜਾ ਸਕਦਾ ਹੈ। (According to Lepawski, "As it is mainly a matter of structure, organization bears the same rudimentary relationship to administration as does the science of anatomy or skeltology to the field of medicine. An administrative organization can be sketched and charted just as the human body can be physically depicted.") ਆਕਸਫੋਰਡ ਡਿਕਸ਼ਨਰੀ ਅਨੁਸਾਰ, ਕਿਸੇ ਚੀਜ਼ ਦਾ ਵਿਵਸਥਿਤ ਢਾਂਚਾ ਤਿਆਰ ਕਰਨਾ ਜਾਂ ਕਿਸੇ ਚੀਜ਼ ਦਾ ਆਕਾਰ ਨਿਸ਼ਚਿਤ ਕਰਨਾ ਅਤੇ ਉਸ ਨੂੰ ਕੰਮ ਕਰਨ ਦੀ ਸਥਿਤੀ ਵਿਚ ਲਿਆਉਣਾ ਹੀ ਸੰਗਠਨ ਕਹਾਉਂਦਾ ਹੈ।''

## 1.5.2 ਭੂਮਿਕਾ

ਆਮ ਤੌਰ ਤੇ ਸੰਗਠਨ ਤੋਂ ਭਾਵ ਕਿਸੇ ਵੀ ਪ੍ਰਸਾਸਕੀ ਢਾਂਚੇ ਤੋਂ ਲਿਆ ਜਾਂਦਾ ਹੈ। ਲੋਕ ਪ੍ਰਸ਼ਾਸਨ ਵਿਚ 'ਸੰਗਠਨ'

ਸ਼ਬਦ ਦਾ ਅਰਥ ਤਿੰਨ ਵੱਖਰੇ ਵੱਖਰੇ ਰੂਪਾਂ ਵਿਚ ਵਰਣਤ ਕੀਤਾ ਜਾਂਦਾ ਹੈ : (1) ਪ੍ਰਸ਼ਾਸਕੀ ਢਾਂਚੇ ਨੂੰ ਤਿਆਰ ਕਰਨ ਦਾ ਕਾਰਜ (Designing of administrative structure) (2) ਢਾਂਚੇ ਦੀ ਬਣਤਰ ਨੂੰ ਵਿਉਂਤਣਾ ਅਤੇ ਉਸਾਰਨਾ ਦੋਵੇਂ (designing as well as building of structure) (3) ਇਹਨਾਂ ਕੰਮਾਂ ਦੇ ਨਤੀਜੇ ਵਜੋਂ ਪ੍ਰਾਪਤ ਹੋਣ ਵਾਲਾ ਪ੍ਰਸ਼ਾਸਕੀ ਢਾਂਚਾ (administrative structure we get as an end product of these activities)।

ਸਾਈਮਨ ਦੇ ਅਨੁਸਾਰ, ''ਸੰਗਠਨ ਤੋਂ ਭਾਵ ਸਾਂਝੇ ਯਤਨਾਂ ਦੀ ਇਕ ਯੋਜਨਾਬੱਧ ਪ੍ਰਣਾਲੀ ਤੋਂ ਹੈ ਜਿਸ ਵਿਚ ਸੰਗਠਨ ਦੇ ਹਰੇਕ ਭਾਗੀਦਾਰ ਦੀ ਭੂਮਿਕਾ, ਕਰਤੱਵ ਅਤੇ ਕਾਰਜ ਨਿਸ਼ਚਿਤ ਹੁੰਦੇ ਹਨ।'' (In the words of Simon, "By organisation we mean a planned-system of co-operative effort in which each participant has a recognised role to play and takes duties to perform.") ਬੈਕੇ (Bakke) ਅਨੁਸਾਰ ਸੰਗਠਨ ਇਕ ਨਿਰੰਤਰ ਚਲਦੇ ਰਹਿਣ ਵਾਲੀ ਇਕ ਅਜਿਹੀ ਵਿਵਸਥਾ ਹੈ ਜਿਸ ਵਿਚ ਮਨੁੱਖ ਨਾਲ ਸਬੰਧਤ ਕ੍ਰਿਆਵਾਂ ਅਤੇ ਸਮੱਸਿਆਵਾਂ ਭਾਵੇਂ ਉਹ ਪਦਾਰਥਕ ਹਨ ਜਾਂ ਪੂੰਜੀ ਨਾਲ ਸੰਬੰਧਤ ਹਨ, ਨੂੰ ਸੁਲਝਾਉਣ ਅਤੇ ਉਨ੍ਹਾਂ ਨੂੰ ਸਮਾਜਿਕ ਵਾਤਾਵਰਣ ਦੇ ਅਨੁਕੂਲ ਢਾਲਣ ਦਾ ਯਤਨ ਲਗਾਤਾਰ ਹੁੰਦਾ ਰਹਿੰਦਾ ਹੈ। (Bakke gives elaborate definition of organisation, describing it as a 'continuing system of differentiated and co-ordinated human activities utilizing, transforming and welding together a specific set of human material, capital, national and natural resources into a unique problem solving whole engaged in satisfying particular human needs in interaction with other systems of human activities and resources in its environment.)

ਇਸ ਵਿਚਾਰ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਢੁਕਵੀਆਂ ਤੇ ਸੰਬੰਧਿਤ ਕ੍ਰਿਆਵਾਂ ਦੇ ਉਚਿਤ ਤਾਲਮੇਲ ਦੁਆਰਾ ਕੁਝ ਨਿਸ਼ਚਿਤ ਉਦੇਸ਼ਾਂ ਦੀ ਪੂਰਤੀ ਲਈ ਮਨੁੱਖੀ ਅਮਲੇ ਦੇ ਸਮੂਹ ਨੂੰ ਹੀ ਸੰਗਠਨ ਕਹਿੰਦੇ ਹਨ।

### 1.5.3 ਸੰਗਠਨ ਦੀਆਂ ਵਿਸ਼ੇਸ਼ਤਾਵਾਂ

**ਮਨੁੱਖੀ ਸਮੂਹ (Identifiable Aggregation of Human Beings ):-**

(1) ਇਕ ਨਿਸ਼ਚਿਤ ਮਨੁੱਖੀ ਸਮੂਹ ਨੂੰ ਸੰਗਠਨ ਕਹਿੰਦੇ ਹਨ ਜਿਸ ਸਸਮੂਹ ਦੀ ਆਪਣੀ ਇਕ ਵੱਖਰੀ ਪਛਾਣ ਹੁੰਦੀ ਹੈ। ਇਹ ਮਨੁੱਖੀ ਸਮੂਹ ਦੀ ਪਛਾਣ ਇਸ ਕਾਰਨ ਸੰਭਵ ਹੈ ਕਿ ਬਿਨਾਂ ਕਿਸੇ ਉਦੇਸ਼ ਦੇ ਇਕੱਠੇ ਹੋਏ ਮਨੁੱਖਾਂ ਦਾ ਸਮੂਹ ਨਹੀਂ ਸਗੋਂ ਆਪਸ ਵਿਚ ਸਾਂਝੇ ਉਦੇਸ਼ਾਂ ਰਾਹੀਂ ਸੰਬੰਧਤ ਮਨੁੱਖਾਂ ਦਾ ਸਮੂਹ ਹੈ। ਇਹਨਾਂ ਦੀ ਇਹ ਪਛਾਣ ਸੰਗਠਨ ਦੀਆਂ ਹੱਦਾਂ ਨਿਰਧਾਰਤ ਕਰਦੀ ਹੈ ਅਤੇ ਅਜਿਹੀਆਂ ਹੱਦਾਂ ਵਾਤਾਵਰਣ ਦੇ ਹੋਰ ਤੱਤਾਂ ਤੋਂ ਸੰਗਠਨ ਦੇ ਤੱਤਾਂ ਨੂੰ ਵੱਖਰਾ ਦਰਸਾਉਂਦੀਆਂ ਹਨ। ਫਿਰ ਵੀ ਇਹ ਵਖਰਾਪਨ ਪੂਰਨ ਤੌਰ ਤੇ ਸੰਭਵ ਨਹੀਂ ਕਿਉਂਕਿ ਸੰਗਠਨ ਦੇ ਤੱਤ ਅਤੇ ਉਸ ਦਾ ਵਾਤਾਵਰਣ ਆਪਸ ਵਿਚ ਇਕ ਦੂਸਰੇ ਉਪਰ ਕੁਝ ਨਾ ਕੁਝ ਪ੍ਰਭਾਵ ਪਾਉਂਦੇ ਰਹਿੰਦੇ ਹਨ।

(2)ਸੰਗਠਨ ਇਕ ਚੇਤਨ, ਵਿਚਾਰਪੂਰਵਕ ਅਤੇ ਪ੍ਰਯੋਜਨ ਦੇ ਆਧਾਰ ਤੇ ਸਥਾਪਿਤ ਕੀਤਾ ਮਨੁੱਖੀ ਸਮੂਹ ਹੈ, ਜਿਸ ਵਿਚ ਸੰਗਠਨ ਤੇ ਉਸ ਦੇ ਮੈਂਬਰਾਂ ਵਿਚਕਾਰ ਸੰਬੰਧਾਂ ਨੂੰ ਨਿਯਮਬੱਧ ਕੀਤਾ ਜਾ ਸਕਦਾ ਹੈ ਅਤੇ ਯੋਗ ਤੇ ਨਿਪੁੰਨ ਵਿਅਕਤੀਆਂ ਨੂੰ ਨਿਯੁਕਤ ਕੀਤਾ ਜਾ ਸਕਦਾ ਹੈ। ਉਂਜ ਤਾ ਹਰ ਮਨੁੱਖੀ ਸਮੂਹ ਜਿਵੇਂ ਪਰਿਵਾਰ ਆਦਿ ਵੀ ਸੰਗਠਨ ਹੀ ਕਹਾਉਂਦਾ ਹੈ ਪਰ ਇਹੋ ਜਿਹੇ ਸੰਗਠਨ ਦੇ ਮੈਂਬਰਾਂ ਆਪਣੀ ਮਰਜ਼ੀ ਜਾਂ ਲੋਕਾਂ ਅਨੁਸਾਰ ਬਦਲਿਆ ਨਹੀਂ ਜਾ ਸਕਦਾ। ਇਸ ਕਰਕੇ ਲੋਕ ਪ੍ਰਸ਼ਾਸਨ ਦੇ ਪੱਖੋਂ ਅਜਿਹੇ ਸਮੂਹਾਂ ਨੂੰ ਸੰਗਠਨ ਨਹੀਂ ਕਿਹਾ ਜਾ ਸਕਦਾ।

(3)ਸੰਗਠਨ ਕੁਝ ਅਜਿਹੇ ਸਾਂਝੇ ਉਦੇਸ਼ਾਂ, ਜਿੰਨਾਂ ਨਾਲ ਇਸ ਦੇ ਸਾਰੇ ਮੈਂਬਰ ਸਾਂਝੇ ਰੂਪ ਵਿਚ ਸਹਿਮਤ ਹੁੰਦੇ ਹਨ, ਦੀ ਪ੍ਰਾਪਤੀ ਲਈ ਸਥਾਪਿਤ ਕੀਤਾ ਜਾਂਦਾ ਹੈ। ਸੰਗਠਨ ਇਕ ਅਜਿਹਾ ਸਮਾਜਿਕ ਸਾਧਨ ਹੈ ਜਿਸ ਦੁਆਰਾ ਸਮਾਜ ਜਾਂ ਉਸ ਦਾ ਕੁਝ ਹਿੱਸਾ ਕੁਝ ਅਜਿਹੀਆਂ ਪ੍ਰਾਪਤੀਆਂ ਕਰਦਾ ਹੈ ਜਿਹੜੀਆਂ ਵਿਅਕਤੀਗਤ ਆਧਾਰ 'ਤੇ ਪ੍ਰਾਪਤ ਕਰਨੀਆਂ ਅਸੰਭਵ ਹੁੰਦੀਆਂ ਹਨ ਜਾਂ ਸੌਖੇ ਢੰਗ ਨਾਲ ਪ੍ਰਾਪਤ ਨਹੀਂ ਹੋ ਸਕਦੀਆਂ। ਮੋਟੇ ਸ਼ਬਦਾਂ ਵਿਚ ਅਸੀ ਇਹ ਕਹਿ ਸਕਦੇ ਹਾਂ ਕਿ ਸੰਗਠਨ ਮਨੁੱਖੀ ਲੋੜਾਂ ਅਤੇ ਸੰਤੁਸ਼ਟਤਾ ਵਿਚਕਾਰ ਇਕ ਕੜੀ ਹੈ ਅਤੇ ਕਿਸੇ ਵੀ ਸੰਗਠਨ ਦੀ ਸਫ਼ਲਤਾ ਉਸ ਦੇ ਉਦੇਸ਼ਾਂ ਦੀ ਪ੍ਰਾਪਤੀ ਤੋਂ ਨਾਪੀ ਜਾ ਸਕਦੀ ਹੈ। ਪੁਰਾਣੇ ਸਮੇਂ ਵਿਚ ਸੰਗਠਨ ਛੋਟੇ ਅਤੇ ਸੀਮਿਤ ਹੁੰਦੇ ਸਨ। ਇਹਨਾਂ

ਨੂੰ ਸਥਾਪਿਤ ਕਰਨ ਲਈ ਥੋੜ੍ਹੀ ਪੂੰਜੀ ਨਾਲ ਹੀ ਕੰਮ ਸਰ ਜਾਂਦਾ ਸੀ ਅਤੇ ਇਹਨਾਂ ਵਿਚ ਕੰਮ ਕਰਨ ਵਾਲੇ ਕਰਮਚਾਰੀ ਗਿਣੇ ਚੁਣੇ ਹੋਣ ਕਾਰਨ ਅਧਿਕਾਰੀ ਤੇ ਮਾਤਹਿਤ ਵਿਚਕਾਰ ਸਿੱਧਾ ਸੰਬੰਧ ਸਥਾਪਿਤ ਕਰਨਾ ਕਾਫ਼ੀ ਸੌਖਾ ਹੁੰਦਾ ਸੀ। ਪਰ ਆਧੁਨਿਕ ਸੰਗਠਨ ਬਹੁਤ ਵੱਡੇ ਅਤੇ ਗੁੰਝਲਦਾਰ ਹਨ। ਇਹਨਾਂ ਵਿਚ ਹਜਾਰਾਂ ਦੀ ਗਿਣਤੀ ਵਿਚ ਕਰਮਚਾਰੀ ਕੰਮ ਕਰਦੇ ਹਨ। ਅਤੇ ਜਿਸ ਲਈ ਚੋਖਾਂ ਪੂੰਜੀ ਨਿਵੇਸ਼ ਚਾਹੀਦਾ ਹੈ ਇਨ੍ਹਾਂ ਸੰਗਠਨਾਂ ਦੇ ਬਹੁਤ ਵੱਡੇ ਹੋਣ ਦਾ ਮੁੱਖ ਕਾਰਣ ਤਕਨੀਕੀ ਪਰਿਵਰਤਨ ਹੈ ਅਤੇ ਤਕਨੀਕਾਂ ਦੀ ਸਹੀ ਵਰਤੋਂ ਲਈ ਬਹੁਤ ਸਾਰੇ ਧਨ ਦੀ ਲੋੜ ਹੁੰਦੀ ਹੈ। ਕਿਉਂਕਿ ਇਨ੍ਹਾਂ ਸੰਗਠਨਾਂ ਵਿਚ ਪੂੰਜੀ ਤਕਨੀਕਾਂ ਤੇ ਕਰਮਚਾਰੀਆਂ ਦਾ ਬਹੁ-ਗਿਣਤੀ ਵਿਚ ਪ੍ਰਯੋਗ ਕੀਤਾ ਜਾਂਦਾ ਹੈ, ਇਸ ਲਈ ਇਨ੍ਹਾਂ ਦਾ ਪ੍ਰਬੰਧ ਅਤੇ ਗਤੀਵਿਧੀਆਂ ਇਕ ਗੁੰਝਲਦਾਰ ਅਤੇ ਜਟਿਲ ਮਸਲਾ ਹੈ। ਸੰਗਠਨ ਵਿਚ ਕਈ ਪੱਧਰ ਹੁੰਦੇ ਹਨ ਅਤੇ ਹਰੇਕ ਪੱਧਰ ਤੇ ਵੱਖ-ਵੱਖ ਕਾਰਜਾਂ ਨੂੰ ਕਰਨ ਲਈ ਵਿਸ਼ੇਸ਼ਗਾਂ ਦੀ ਜ਼ਰੂਰਤ ਹੁੰਦੀ ਹੈ। ਇਹਨਾਂ ਵਿਸ਼ੇਸ਼ਗ ਕਰਮਚਾਰੀਆਂ ਵਿਚਕਾਰ ਤਾਲਮੇਲ ਅਤੇ ਸਹਿਯੋਗ ਦੀ ਭਾਵਨਾ ਨੂੰ ਬਣਾਈ ਰੱਖਣਾ ਇਕ ਕਠਿਨ ਸਮੱਸਿਆ ਹੈ ਜੋ ਪੁਰਾਤਨ ਸੰਗਠਨਾਂ ਵਿਚ ਨਹੀਂ ਵੇਖੀ ਜਾਂਦੀ ਸੀ ਕਿਉਂਕਿ ਉਨ੍ਹਾਂ 'ਚ ਘਟ ਗਿਣਤੀ ਦੇ ਕਰਮਚਾਰੀ ਹੁੰਦੇ ਸਨ, ਸਿਧੀਆਂ ਸਾਦੀਆਂ ਤਕਨੀਕਾਂ ਦੀ ਵਰਤੋਂ ਦੁਆਰਾ ਕਾਰਜ ਨਿਪਟਾਏ ਜਾਂਦੇ ਸਨ।

(4)ਆਧੁਨਿਕ ਸੰਗਠਨ ਹਰ ਪੱਖੋਂ ਵੱਡੇ ਹੋਣ ਕਾਰਣ ਅਤੇ ਪ੍ਰਕ੍ਰਿਤੀ ਵਿਚ ਜਟਿਲ ਹੋਣ ਕਾਰਣ ਇਹ ਕੁਝ ਸਿਧਾਂਤਾਂ ਦੇ ਆਧਾਰ ਤੇ ਸਥਾਪਿਤ ਕੀਤੇ ਜਾਂਦੇ ਹਨ। ਜਿਵੇਂ ਪੌੜੀ ਵਿਵਸਥਾ ਦਾ ਸਿਧਾਂਤ, ਕਮਾਂਡ ਦੀ ਏਕਤਾ ਦਾ ਸਿਧਾਂਤ ਆਦਿ। ਇਹ ਸਿਧਾਂਤ ਅਧਿਕਾਰੀ ਤੇ ਮਾਤਹਿਤ ਵਿਚਕਾਰ ਕਾਰਜਾਂ ਦੀ ਵੰਡ ਕਰਨ ਅਤੇ ਅਧਿਕਾਰਤਾ ਤੇ ਜ਼ਿੰਮੇਵਾਰੀ ਨੂੰ ਨਿਸ਼ਚਿਤ ਕਰਨ ਵਿਚ ਸਹਾਈ ਹੁੰਦੇ ਹਨ। ਫਲਸਰੂਪ ਸੰਗਠਨ ਦੇ ਕਾਰਜਾਂ ਨੂੰ ਨਿਪਟਾਉਣ ਵਿਚ ਸਮਰੂਪਤਾ ਤੇ ਅਨੁਰੂਪਤਾ ਝਲਕਦੀ ਹੈ। ਹਰੇਕ ਸੰਗਠਨ ਦੇ ਉਦੇਸ਼ ਵਿਚ ਵਖਰੇਵੇਂ ਦੇ ਬਾਵਜੂਦ ਲਗਭਗ ਸਾਰੇ ਸੰਗਠਨਾਂ ਤੇ ਸਿਧਾਂਤਾਂ ਅਤੇ ਕਾਰਜ ਵਿਧੀਆਂ 'ਚ ਸਮਾਨਤਾ ਦਿਖਾਈ ਦਿੰਦੀ ਹੈ।

(5)ਅਜੋਕੇ ਸੰਗਠਨਾਂ ਨੂੰ ਬਹੁ-ਪੱਖੀ ਕਾਰਜ ਨਿਭਾਉਣੇ ਪੈਂਦੇ ਹਨ। ਇਸ ਲਈ ਸੰਗਠਨ ਕੁਝ ਵਿਅਕਤੀਆਂ ਦੇ ਸਹਾਰੇ ਨਹੀਂ ਚਲ ਸਕਦੇ ਕਿਉਂਕਿ ਹਰ ਵਿਅਕਤੀ ਹਰ ਪ੍ਰਕਾਰ ਦੇ ਕਾਰਜ ਨਹੀਂ ਕਰ ਸਕਦਾ। ਇਸ ਲਈ ਇਹ ਜ਼ਰੂਰੀ ਹੈ ਕਿ ਕਾਰਜਾਂ ਨੂੰ ਉਚਿਤ ਢੰਗ ਨਾਲ ਕਰਨ ਲਈ ਵਿਸ਼ੇਸ਼ਗਾਂ ਨੂੰ ਨਿਯੁਕਤ ਕੀਤਾ ਜਾਵੇ। ਇਸ ਤਰ੍ਹਾਂ ਕਾਰਜ ਵਿਸ਼ੇਸ਼ੀਕਰਨ ਤੇ ਪਦ ਸੋਪਾਨ ਦੀ ਵਿਵਸਥਾ ਵਿਕੇਂਦਰੀਕਰਣ ਦੀ ਕ੍ਰਿਆ ਵਲ ਲੈ ਜਾਂਦੀ ਹੈ।

(6)ਸੰਗਠਨ ਦੇ ਉਦੇਸ਼ਾਂ ਦੀ ਪੂਰਤੀ ਲਈ ਸੰਗਠਨ ਦੇ ਮੈਂਬਰਾਂ ਰਾਹੀਂ ਕੀਤੇ ਕਾਰਜਾਂ ਵਿਚ ਤਾਲਮੇਲ ਹੋਣਾ ਅਤਿ ਆਵਸ਼ਕ ਹੈ ਕਿਉਂਕਿ ਕੇਵਲ ਤਾਲਮੇਲ ਅਤੇ ਏਕੀਕਰਣ ਦੁਆਰਾ ਹੀ ਸੰਗਠਨ ਦੀ ਕਾਰਜ ਵਿਧੀ ਨੂੰ ਉਚਿਤ ਤੇ ਸੁਚਾਰੂ ਢੰਗ ਨਾਲ ਚਲਾਇਆ ਜਾ ਸਕਦਾ ਹੈ। ਸੰਗਠਨ ਦੇ ਮੈਂਬਰਾਂ ਰਾਹੀਂ ਕੀਤੇ ਜਾਣ ਵਾਲੇ ਕੰਮ ਵਿਚ ਤਾਲਮੇਲ ਯਥਾਉਚਿਤ ਹੋਣਾ ਚਾਹੀਦਾ ਹੈ ਅਰਥਾਤ ਹਰ ਕਰਮਚਾਰੀ ਰਾਹੀਂ ਕੀਤੀ ਗਈ ਕਾਰਵਾਈ ਤੇ ਉਸਦਾ ਤਰੀਕਾ ਤਰਕਪੂਰਣ ਹੋਣਾ ਚਾਹੀਦਾ ਹੈ।

(7)ਸੰਗਠਨ ਇਕ ਨਿਰੰਤਰ ਚਲਣ ਵਾਲੀ ਵਿਵਸਥਾ ਹੈ। ਇਸ ਕਰਕੇ ਕਰਮਚਾਰੀ, ਕਾਰਜ ਵਿਧੀ ਆਦਿ ਸਮੇਂ ਸਮੇਂ ਤੇ ਬਦਲਦੇ ਰਹਿੰਦੇ ਹਨ। ਇਸ ਲਈ ਇਸ ਦੀ ਹੋਂਦ ਕਾਇਮ ਰੱਖਣ ਲਈ ਜ਼ਰੂਰੀ ਹੈ ਕਿ ਇਹ ਸਮੇਂ ਅਨੁਕੂਲ ਆਪਣੇ ਆਪ ਨੂੰ ਢਾਲ ਲਵੇ।

ਉਪਰੋਕਤ ਦਰਸਾਈਆਂ ਵਿਸ਼ੇਸ਼ਤਾਵਾਂ ਕਿਸੇ ਇਕ ਸੰਗਠਨ ਦੇ ਸਬੰਧ ਵਿਚ ਯੋਗ ਹੋ ਸਕਦੀਆਂ ਹਨ। ਪਰ ਸਮਾਜ ਵਿਚ ਹੋਰ ਵੀ ਕਈ ਸੰਗਠਨ ਹੁੰਦੇ ਹਨ ਅਤੇ ਇਹ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਲਈ ਆਪਸ ਵਿਚ ਇਕ ਦੂਜੇ ਤੇ ਨਿਰਭਰ ਕਰਦੇ ਹਨ ਅਤੇ ਇਕ ਦੂਜੇ ਤੇ ਪ੍ਰਭਾਵ ਪਾਉਂਦੇ ਹਨ ਅਤੇ ਆਪਣੇ ਆਪ ਨੂੰ ਲੋੜ ਅਨੁਸਾਰ ਢਾਲਣ ਦਾ ਯਤਨ ਕਰਦੇ ਰਹਿੰਦੇ ਹਨ। ਹਰ ਸਮਾਜਿਕ ਵਿਵਸਥਾ, ਉਹ ਚਾਹੇ ਕਿਤਨੀ ਵੀ ਮਹੱਤਵਪੂਰਨ ਕਿਉਂ ਨਾ ਹੋਵੇ, ਸੰਗਠਨ ਨਹੀਂ ਕਹਾਉਂਦੀ। ਜਿਵੇਂ ਪਰਿਵਾਰ, ਮਿਤਰਾਂ ਦਾ ਸਮੂਹ, ਕਬੀਲੇ ਆਦਿ ਭਾਵੇਂ ਇਕ ਸਮੂਹ ਸੰਗਠਨ ਨਾਲ ਕਈ ਪੱਖੋਂ ਮਿਲਦੇ ਜੁਲਦੇ ਹਨ ਪਰ ਫਿਰ ਵੀ ਇਨ੍ਹਾਂ ਨੂੰ ਸੰਗਠਨ ਨਹੀਂ ਕਿਹਾ ਜਾ ਸਕਦਾ ਕਿਉਂਕਿ ਸੰਗਠਨ ਵਾਲੀਆਂ ਕਈ ਵਿਸ਼ੇਸ਼ਤਾਵਾਂ ਇਨ੍ਹਾਂ ਵਿਚ ਨਹੀਂ ਹਨ। ਇਕ ਪਰਿਵਾਰ ਜਾਂ ਕਬੀਲੇ ਦੇ ਮੈਂਬਰਾਂ ਨੂੰ ਕੋਈ ਇਕ ਵਿਅਕਤੀ ਬਦਲ ਨਹੀਂ ਸਕਦਾ। ਇਕ ਪਰਿਵਾਰ ਵਿਚ ਮਾਤਾ ਪਿਤਾ ਤੇ ਉਹਨਾਂ ਦੇ ਬੱਚੇ ਉਹੀ ਰਹਿਣਗੇ ਜੋ ਕੁਦਰਤੀ ਤੌਰ ਤੇ ਉਹਨਾਂ ਨੂੰ ਪ੍ਰਾਪਤ ਹੋਏ ਹਨ। ਇਕ ਵਿਅਕਤੀ ਆਪਣੀ ਇੱਛਾ ਅਨੁਸਾਰ ਕਿਸੇ ਖਾਸ ਪਰਿਵਾਰ ਵਿਚ ਜਨਮ ਨਹੀਂ ਲੈ ਸਕਦਾ ਪਰ ਸੰਗਠਨ ਤੇ ਵਿਅਕਤੀ ਦੋਵੇਂ ਇਕ ਦੂਜੇ ਨੂੰ ਚੁਨਣ ਵਿਚ ਆਪਣੀ ਇੱਛਾ ਸ਼ਕਤੀ

ਦੀ ਵਰਤੋਂ ਕਰ ਸਕਦੇ ਹਨ। 'ਸੰਗਠਨ' ਸ਼ਬਦ 'ਪ੍ਰਬੰਧ' ਸ਼ਬਦ ਨਾਲੋਂ ਵੱਖਰਾ ਹੈ ਅਰਥਾਤ ਇਸ ਪਾਠ ਵਿਚ ਸੰਗਠਨ ਤੋਂ ਭਾਵ ਇਕ ਅਦਾਰੇ ਤੋਂ ਹੈ ਅਤੇ ਪ੍ਰਬੰਧ ਆਦਰੇ ਦੀ ਜ਼ਰੂਰੀ ਕ੍ਰਿਆਵਾਂ ਵਿਚੋਂ ਇਕ ਕ੍ਰਿਆ ਹੈ। ਜਿਵੇਂ ਪੰਜਾਬ ਸਕੱਤਰੇਤ ਇਕ ਅਦਾਰਾ ਅਰਥਾਤ ਸੰਗਠਨ ਹੈ ਅਤੇ ਇਸ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਇਸ ਦੇ ਵੱਖ-ਵੱਖ ਭਾਗਾਂ ਤੇ ਤੱਤਾਂ ਦਾ ਉਚਿਤ ਪ੍ਰਬੰਧ ਕੀਤਾ ਜਾਦਾ ਹੈ ਅਤੇ ਇਨ੍ਹਾਂ ਉਦੇਸ਼ਾਂ ਦੀ ਪੂਰਤੀ ਦੇ ਯਤਨ ਹੀ ਪਬ੍ਰੰਧ ਹਨ।

### 1.5.4 ਸੰਗਠਨਾਂ ਦਾ ਵਰਗੀਕਰਣ

1.**ਆਕਾਰ ਦੇ ਆਧਾਰ ਤੇ** – ਵੱਡਾ, ਬਹੁਤ ਵੱਡਾ, ਛੋਟਾ ਆਦਿ।

2.**ਮਲਕੀਅਤ ਦੇ ਆਧਾਰ ਤੇ** – ਲੋਕ ਅਦਾਰਾ, ਨਿੱਜੀ ਅਦਾਰਾ ਜਾਂ ਮਿਸ਼ਰਿਤ ਅਦਾਰਾ

3.**ਕਾਰਜ ਖੇਤਰ ਦੇ ਆਧਾਰ ਤੇ** – ਸਥਾਨਕ, ਰਾਸ਼ਟਰੀ, ਅੰਤਰ ਰਾਸ਼ਟਰੀ ਆਦਿ।

ਉਪਰੋਕਤ ਦੱਸੇ ਗਏ ਅਧਾਰਾਂ ਤੇ ਵਰਗੀਕਰਣ ਕਰਨਾ ਬਹੁਤ ਹੀ ਆਸਾਨ ਹੈ ਪਰ ਸੰਗਠਨ ਦੇ ਵਿਸ਼ਲੇਸ਼ਣਪੂਰਨ ਅਧਿਐਨ ਵਿਚ ਕੋਈ ਖਾਸ ਸਹਾਈ ਨਹੀਂ ਹੁੰਦਾ। ਸੰਗਠਨ ਦੇ ਵਿਸ਼ਲੇਸ਼ਣਪੂਰਨ ਅਧਿਐਨ ਲਈ ਇਸ ਦਾ ਵਰਗੀਕਰਣ (I) ਕਾਰਜ ਜਾਂ ਉਦੇਸ਼ਾਂ (II) ਮੂਲਕ ਲਾਭ ਪ੍ਰਾਪਤ ਕਰਨ ਵਾਲਾ (III)ਆਦੇਸ਼ ਦੀ ਪਾਲਨਾ ਕਰਨ ਦੇ ਆਧਾਰ ਤੇ ਕੀਤਾ ਜਾ ਸਕਦਾ ਹੈ।

### 1.5.4.1 ਕਾਰਜ ਜਾਂ ਉਦੇਸ਼ਾਂ ਦੇ ਆਧਾਰ ਤੇ

ਸਮਾਜ ਵਿਚ ਕਈ ਕਾਰਜ ਹੁੰਦੇ ਹਨ ਜਿਹੜੇ ਜ਼ਿਆਦਾਤਰ ਸੰਗਠਨ ਦੁਆਰਾ ਕੀਤੇ ਜਾਂਦੇ ਹਨ। ਅਜਿਹੇ ਚਾਰ ਮੂਲਕ ਕਾਰਜ ਹਨ-ਆਰਥਿਕ, ਰਾਜਨੀਤਕ, ਏਕੀਕ੍ਰਿਤ ਸ਼ੈਲੀ ਤੇ ਆਧਾਰਿਤ। ਇਹਨਾਂ ਕਾਰਜਾਂ ਨੂੰ ਕਰਨ ਲਈ ਚਾਰ ਤਰ੍ਹਾਂ ਦੇ ਸੰਗਠਨ ਮੌਜੂਦ ਹਨ :

**(ੳ)ਆਰਥਿਕ ਸੰਗਠਨ** :- ਆਰਥਿਕ ਸੰਗਠਨ ਉਹ ਹਨ ਜਿਹੜੇ ਆਰਥਿਕ ਕ੍ਰਿਆਵਾਂ, ਜੋ ਉਪਜੀਵਿਕਾ ਕਮਾਉਣ ਵਿਚ ਸਹਾਈ ਹੁੰਦੀਆਂ ਹਨ, ਨਾਲ ਸਬੰਧਤ ਹਨ। ਇਹ ਕ੍ਰਿਆਵਾਂ ਵਪਾਰਕ ਅਤੇ ਗੈਰ ਵਪਾਰਕ ਕ੍ਰਿਆਵਾਂ ਦੇ ਆਧਾਰ ਤੇ ਵੰਡੀਆਂ ਜਾ ਸਕਦੀਆਂ ਹਨ। ਵਪਾਰਕ ਕ੍ਰਿਆਵਾਂ ਜਿਵੇਂ ਵਣਜ ਸੰਬੰਧੀ ਉਦਯੋਗਿਕ ਆਦਿ ਨਫ਼ੇ ਨੂੰ ਮੁੱਖ ਰੱਖ ਕੇ , ਕਈ ਪ੍ਰਕਾਰ ਦੀਆਂ ਔਕੜਾਂ ਦਾ ਸਾਹਮਣਾ ਕਰਦੇ ਹੋਏ, ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਦੀਆਂ ਹਨ:

**(ਅ)ਰਾਜਨੀਤਿਕ ਸੰਗਠਨ:-** ਰਾਜਨੀਤਿਕ ਸੰਗਠਨ ਉਹ ਹਨ ਜਿਹੜੇ ਰਾਜ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਸਮਾਜ ਦੀ ਤਾਕਤ ਵਧਾਉਂਦੇ ਹਨ ਅਤੇ ਦਿਸ਼ਾ ਪ੍ਰਦਾਨ ਕਰਦੇ ਹਨ। ਵਿਧਾਨ ਮੰਡਲ, ਸਰਕਾਰੀ ਵਿਭਾਗ ਆਦਿ ਅਜਿਹੇ ਸੰਗਠਨ ਹਨ। ਵੱਖਵੱਖ ਸੋਮਿਆਂ ਤੋਂ ਪ੍ਰਾਪਤ ਸਾਮਗਰੀ ਦੀ ਉਚਿਤ ਵਰਤੋਂ ਇਨ੍ਹਾਂ ਸੰਗਠਨਾਂ ਦੀ ਮੁਖ ਸਮੱਸਿਆ ਜਾਂ ਕਾਰਜ ਹੈ। ਸਮਾਜ ਦੇ ਉਦੇਸ਼ਾਂ ਦੀ ਪ੍ਰਾਪਤੀ ਹੀ ਸਹੀ ਅਰਥਾਂ ਵਿਚ ਇਨ੍ਹਾਂ ਦੀ ਕੁਸ਼ਲਤਾ ਪ੍ਰਗਟਾਉਂਦੀ ਹੈ।

**(ੲ)ਏਕੀਕ੍ਰਿਤ ਸੰਗਠਨ** :- ਇਹ ਸੰਗਠਨ ਸਮਾਜ ਨੂੰ ਕਾਇਮ ਰੱਖਣ ਅਤੇ ਉਸ ਤੇ ਕੰਟਰੋਲ ਰੱਖਣ, ਕਾਨੂੰਨ ਅਤੇ ਨਿਆਂ ਦੀ ਵਿਵਸਥਾ ਬਣਾਈ ਰੱਖਣ ਆਦਿ ਨਾਲ ਸੰਬੰਧਿਤ ਹਨ।ਜਿਵੇਂ ਅਦਾਲਤਾਂ, ਪੁਲਿਸ, ਸਮਾਜਿਕ ਏਜੰਸੀਆਂ ਆਦਿ।

**(ਸ)ਸ਼ੈਲੀ ਨੂੰ ਕਾਇਮ ਰੱਖਣ ਵਾਲਾ ਸੰਗਠਨ** :- ਅਜਿਹੇ ਸੰਗਠਨ ਸਮਾਜ ਦੇ ਆਦਰਸ਼ਾਂ, ਸਭਿਆਚਾਰ ਆਦਿ ਤੇ ਲੰਮੇ ਸਮੇਂ ਦੇ ਮਸਲਿਆਂ ਨਾਲ ਸੰਬੰਧਿਤ ਹਨ। ਜਿਵੇਂ ਸਿੱਖਿਆ ਅਦਾਰੇ, ਧਾਰਮਿਕ ਅਦਾਰੇ, ਖੋਜ ਨਾਲ ਸੰਬੰਧਤ ਅਦਾਰੇ ਆਦਿ।

**1.5.4.2 ਮੂਲਕ ਲਾਭ ਪ੍ਰਾਪਤ ਕਰਨ ਵਾਲੇ ਆਧਾਰ ਤੇ** ਇਕ ਸੰਗਠਨ ਤੋਂ ਕਈ ਤਰ੍ਹਾਂ ਦੇ ਲੋਕਾਂ ਨੂੰ ਵੱਖ-ਵੱਖ ਤਰ੍ਹਾਂ ਦੇ ਲਾਭ ਪ੍ਰਾਪਤ ਹੁੰਦੇ ਹਨ। ਇਹ ਲਾਭ ਚਾਹੇ ਪ੍ਰਤੱਖ ਹੋਣ ਜਾਂ ਅਪ੍ਰਤੱਖ। ਇਸ ਆਧਾਰ ਤੇ ਚਾਰ ਤਰ੍ਹਾਂ ਦੇ ਸੰਗਠਨ ਹੋ ਸਕਦੇ ਹਨ :

**(1)ਪਰਸਪਰ ਲਾਭ ਪਹੁੰਚਾਉਣ ਵਾਲੀਆਂ ਸੰਸਥਾਵਾਂ** :- ਅਜਿਹੀਆਂ ਸੰਸਥਾਵਾਂ ਤੋਂ ਲਾਭ ਪ੍ਰਾਪਤ ਕਰਨ ਵਾਲੇ ਜ਼ਿਆਦਾਤਰ ਇਸ ਦੇ ਆਪਣੇ ਮੈਂਬਰ ਹੀ ਹੁੰਦੇ ਹਨ। ਜਿਵੇਂ ਕਲੱਬ, ਮਜ਼ਦੂਰ ਯੂਨੀਅਨਾਂ, ਰਾਜਨੀਤਕ ਪਾਰਟੀਆਂ ਆਦਿ। ਆਪਣੀ ਅੰਦਰੂਨੀ ਲੋਕਤਾਂਤ੍ਰਿਕ ਪ੍ਰਕ੍ਰਿਆ ਨੂੰ ਕਾਇਮ ਰੱਖਣਾ ਇਸ ਦੀ ਮੁੱਖ ਸਮੱਸਿਆ ਜਾਂ ਕਾਰਜ ਹੈ। ਕਿਉਂਕਿ ਉਂਜ ਤਾਂ ਇਸ ਦੇ ਸਾਰੇ ਮੈਂਬਰਾਂ ਦੀ ਹੋਂਦ ਸਮਾਨਤਾ ਦੇ ਤੇ ਆਧਾਰਿਤ ਹੁੰਦੀ ਹੈ ਪਰ ਫਿਰ ਵੀ ਇਹ ਦੇਖਣ'ਚ ਆਇਆ ਹੈ ਕਿ ਮੈਂਬਰਾਂ ਦੇ ਉਤਸ਼ਾਹੀਣ ਹੋਣ ਕਾਰਣ ਹਰ ਵਰਗ ਦੇ ਵਿਅਕਤੀ ਹੀ ਪ੍ਰਭਾਵਸ਼ਾਲੀ ਢੰਗ ਨਾਲ ਭਾਗ ਨਹੀਂ ਲੈਂਦੇ ਤੇ ਅਲਪਤੰਤਰ ਕੰਟਰੋਲ ਸਥਾਪਿਤ ਹੋ ਜਾਂਦਾ ਹੈ ਜਿਸ ਵਿਚ ਸਾਰੇ ਸੰਗਠਨ ਦਾ ਕੰਟਰਲੋ ਕੁਝ ਕੁ ਹੱਥਾਂ ਵਿਚ ਕੇਂਦਰਿਤ ਹੋ ਜਾਂਦਾ ਹੈ ਅਤੇ ਇਹ ਲੋਕ ਸੰਗਠਨ ਦੇ ਉਦੇਸ਼ ਨੂੰ ਅਖੋਂ ਉਹਲੇ ਕਰ ਦਿੰਦੇ ਹਨ ਅਤੇ ਆਪਣੇ ਨਿੱਜੀ ਸਬਾਰਥਾਂ

ਦੀ ਪੂਰਤੀ ਤਕ ਸੀਮਤ ਰਹਿ ਜਾਂਦੇ ਹਨ।

**(2)ਵਪਾਰਕ ਅਦਾਰੇ** :– ਅਜਿਹੇ ਅਦਾਰਿਆਂ ਵਿਚ ਮੁੱਖ ਲਾਭ ਪ੍ਰਾਪਤ ਕਰਤਾ ਇਹਨਾਂ ਦਾ ਮਾਲਕ ਜਾਂ ਮੈਨੇਜਰ ਹੁੰਦਾ ਹੈ ਕਿਉਂ ਜੋ ਮਾਲਕ ਨੂੰ ਲਾਭ ਘਟ ਪ੍ਰਾਪਤ ਹੋਵੇ ਜਾਂ ਘਾਟਾ ਪੈ ਜਾਵੇ ਤਾਂ ਮਾਲਕ ਉਸ ਸੰਗਠਨ ਨੂੰ ਕਾਇਮ ਰੱਖਣ ਵਿਚ ਕੋਈ ਦਿਲਚਸਪੀ ਨਹੀਂ ਵਿਖਾਏਗਾ। ਇਨ੍ਹਾਂ ਸੰਗਠਨਾਂ ਵਿਚ ਹਮੇਸ਼ਾ ਘੱਟ ਤੋਂ ਘੱਟ ਖਰਚਾ ਅਤੇ ਵੱਧ ਤੋਂ ਵੱਧ ਉਤਪਾਦਨ ਪ੍ਰਾਪਤ ਕਰਨ ਤੇ ਹੀ ਧਿਆਨ ਦਿੱਤਾ ਜਾਂਦਾ ਹੈ।

**(3)ਸੇਵਾਵਾਂ ਪ੍ਰਦਾਨ ਕਰਨ ਵਾਲੇ ਸੰਗਠਨ** :– ਅਜਿਹੇ ਸੰਗਠਨਾਂ ਤੋਂ ਮੂਲ ਰੂਪ ਵਿਚ ਲਾਭ ਪ੍ਰਾਪਤ ਕਰਨ ਵਾਲੇ ਆਮ ਲੋਕ ਜਾਂ ਜਨਤਾ ਹੁੰਦੀ ਹੈ। ਜਿਵੇਂ ਸਕੂਲ, ਕਾਲਜ, ਹਸਪਤਾਲ ਆਦਿ। ਮੌਜੂਦਾ ਪ੍ਰਸਿਕੀ ਵਿਧੀਆਂ ਦੁਆਰਾ ਪੇਸ਼ਾਵਰ ਸੇਵਾਵਾਂ ਪ੍ਰਦਾਨ ਕਰਨ ਵਿਚ ਇਨ੍ਹਾਂ ਨੂੰ ਕਈ ਔਕੜਾ ਦਾ ਸਾਹਮਣਾ ਕਰਨਾ ਪੈਂਦਾ ਹੈ। ਜ਼ਿਆਦਾਤਰ ਪ੍ਰਸ਼ਾਸਕੀ ਕਾਰਵਾਈਆਂ ਪੂਰੀਆਂ ਕਰਨ ਵਿਚ ਇਤਨੀ ਦੇਰ ਹੋ ਜਾਂਦੀ ਹੈ ਕਿ ਇਹ ਸੇਵਾਵਾਂ ਅਰਥਹੀਣ ਲੱਗਣ ਲੱਗ ਪੈਂਦੀਆਂ ਹਨ। ਇਸ ਲਈ ਪੇਸ਼ਾਵਰਾਂ ਦੀ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਦੀਆਂ ਸੇਵਾਵਾਂ ਦਾ ਲਾਭ ਲੋੜਵੰਦ ਲੋਕਾਂ ਨੂੰ ਸਮੇਂ ਸਿਰ ਅਤੇ ਵਧੀਆ ਤਰੀਕੇ ਨਾਲ ਪ੍ਰਾਪਤ ਹੋਵੇ।

**(4)ਸਾਂਝੀ ਭਲਾਈ ਸੰਗਠਨ** :– ਅਜਿਹੇ ਸੰਗਠਨ ਜਿਵੇਂ ਫੌਜ, ਪੁਲੀਸ, ਅੱਗ ਬੁਝਾਉਣ ਵਾਲੇ ਵਿਭਾਗ ਆਦਿ ਤੋਂ ਸਾਰੇ ਸਮਾਜ ਨੂੰ ਹੀ ਲਾਭ ਪ੍ਰਾਪਤ ਹੁੰਦਾ ਹੈ। ਅਜਿਹੇ ਸੰਗਠਨ ਵਿਚ ਅਜਿਹੀਆਂ ਸੇਵਾਵਾਂ ਸਮਲਿਤ ਹੁੰਦੀਆਂ ਹਨ ਜੋ ਸਾਰੇ ਸਮਾਜ ਦੀ ਸੁਰੱਖਿਆ ਕਰਦੀਆਂ ਹਨ ਜਾਂ ਪ੍ਰਸ਼ਾਸਨ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿਚ ਸਹਾਈ ਹੁੰਦੀਆਂ ਹਨ। ਪਰ ਅਜਿਹੇ ਸੰਗਠਨਾਂ ਵਿਚ ਲੋਕਾਂ ਦਾ ਜਾਂ ਸਮਾਜ ਦਾਬਹੁਤ ਘੱਟ ਜਾਂ ਅਪ੍ਰਤੱਖ ਰੋਲ ਹੁੰਦਾ ਹੈ ਅਤੇ ਸਰਕਾਰੀ ਪ੍ਰੋਗਰਾਮ ਤੇ ਨੀਤੀਆਂ ਇਸ ਹੀ ਨਿਪੁੰਨਤਾ ਉਤਸ਼ਾਹ ਆਦਿ ਤੇ ਮਾੜਾ ਅਸਰ ਪਾਉਂਦੀਆਂ ਹਨ। ਇਸ ਲਈ ਅਜਿਹੀਆਂ ਸਰਕਾਰੀ ਨੀਤੀਆਂ ਬਣਾਈਆਂ ਜਾਣ ਜਿਹੜੀਆਂ ਇਨ੍ਹਾਂ ਨੂੰ ਸਮਾਜ ਸੇਵਾ ਕਰਨ ਲਈ ਪ੍ਰੋਤਸ਼ਾਹਿਤ ਕਰਨ ਅਤੇ ਇਨ੍ਹਾਂ ਦਾ ਮਨੋਬਲ ਵਧਾਉਣ।

### 1.5.4.3 ਆਦੇਸ਼ ਪਾਲਣਾ ਦੇ ਆਧਾਰ ਤੇ

ਹਰ ਸੰਗਠਨ ਵਿਚ ਕਰਮਚਾਰੀਆਂ ਦੇ ਆਪਸੀ ਸੰਬੰਧ ਇਸ ਪ੍ਰਕਾਰ ਹੁੰਦੇ ਹਨ ਕਿ ਇਕ ਵਿਅਕਤੀ ਕੁੱਝ ਵਿਅਕਤੀਆਂ, ਬਾਕੀ ਕਰਮਚਾਰੀ ਤੇ ਕੰਟਰੋਲ ਰੱਖਦੇ ਹਨ ਅਤੇ ਆਪਣੇ ਆਦੇਸ਼ ਦੀ ਪਾਲਣਾ ਕਰਾਉਂਦੇ ਹਨ। ਅਜਿਹੇ ਅਧਿਕਾਰ, ਸੱਤਾ ਕਹਾਉਂਦੇ ਹਨ। ਕਿਸੇ ਕਰਮਚਾਰੀ ਦਾ ਸੰਗਠਨ ਵਿਚ ਪ੍ਰਭਾਵ ਉਸ ਕੋਲ ਕਿੰਨੀ ਸੱਤਾ ਹੈ ਇਸ ਤੋਂ ਨਿਰਭਰ ਨਹੀਂ ਕਰਦਾ ਸਗੋਂ ਇਸ ਨਾਲ ਉਸ ਦੀ ਸੰਗਠਨ ਦੇ ਕੰਮਾਂ ਵਿਚ ਕਿੰਨੀ ਦਿਲਚਸਪੀ ਹੈ ਇਸ ਤੋਂ ਵੀ ਨਿਰਭਰ ਕਰਦਾ ਹੈ। ਦਬਾਉਣ ਵਾਲੀ ਸ਼ਕਤੀ, ਉਪਯੋਗਤਾ, ਆਦਰਸ਼ਕ। ਕਰਮਚਾਰੀ ਦੀ ਸੰਗਠਨ ਪ੍ਰਤੀ ਦਿਲਚਸਪੀ ਦੇ ਕਈ ਕਾਰਣ ਹੋ ਸਕਦੇ ਹਨ। ਵਿਅਕਤੀਗਤ ਜਾਂ ਨੈਤਿਕ ਵਿਅਕਤੀ, ਸ਼ਕਤੀ ਤੇ ਦਿਲਚਸਪੀ ਇਕੱਠੇ ਲਏ ਜਾਣ। ਵਿਵਹਾਰਕ ਸੰਬੰਧ ਅਰਥਾਤ ਜਦੋਂ ਹੁਕਮ ਪਾਲਣਾ ਦੀ ਜ਼ਿਆਦਾ ਸੰਭਾਵਨਾ ਹੋਵੇ। ਦਬਾਉਣ ਵਾਲੀ ਸ਼ਕਤੀ ਜਾਂ ਆਦਰਸ਼ਕ ਸ਼ਕਤੀ ਤੇ ਨੈਤਿਕ ਸ਼ਕਤੀ ਤੇ ਨੈਤਿਕ ਦਿਲਚਸਪੀ। ਉਪਰੋਕਤ ਦਰਸਾਈਆਂ ਗਈਆਂ ਉਹ ਮਿਲਦੀਆਂ ਜੁਲਦੀਆਂ ਅਵਸਥਾਵਾਂ ਹਨ ਜਿਹੜੀਆਂ ਸੰਗਠਨ ਵਿਚ ਸਥਿਰਤਾ ਦਰਸਾਉਂਦੀਆਂ ਹਨ।

## 1.5.5 ਸੰਗਠਨ ਦੀ ਮਹਤੱਤਾ (Importance of Organisation)

ਆਧੁਨਿਕ ਸਮਾਜ ਤੇ ਸੰਗਠਨ ਛਾਏ ਹੋਏ ਹਨ, ਅਸੀਂ ਸੰਗਠਨਾਂ ਵਿਚ ਪੈਦਾ ਹੁੰਦੇ ਹਾਂ। ਸੰਗਠਨਾਂ ਦੁਆਰਾ ਸਿਖਿਆ ਪ੍ਰਾਪਤ ਕਰਦੇ ਹਾਂ ਅਤੇ ਸਾਡੇ ਵਿਚੋਂ ਬਹੁਤ ਸਾਰੇ ਲੋਕ ਆਪਣਾ ਜੀਵਨ ਸੰਗਠਨ ਦੇ ਕਾਰਜਾਂ ਵਿਚ ਲਗਾ ਦਿੰਦੇ ਹਨ। ਇਸ ਲਈ ਅਜੋਕੇ ਸਮਾਜ ਨੂੰ ਇਕ ਸੰਗਠਿਤ ਸਮਾਜ ਕਿਹਾ ਜਾ ਸਕਦਾ ਹੈ। ਦਰਅਸਲ ਸੰਗਠਨਾਂ ਦੀ ਹੋਂਦ ਉਤਨੀ ਹੀ ਪੁਰਾਣੀ ਹੈ ਜਿਤਨੀ ਸਾਡੀ ਸਭਿਅਤਾ। ਅਜੋਕੇ ਦਿਨਾਂ ਵਿਚ ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ ਅਹਿਮ ਕਾਰਣਾਂ ਵਿਚੋਂ ਇਕ ਹੈ ਕਿਉਂਕਿ ਇਹ ਮਨੁੱਖ ਦੀਆਂ ਲਗਭਗ ਹਰ ਪ੍ਰਕਾਰ ਦੀਆਂ ਜ਼ਰੂਰਤਾਂ ਜਿਵੇਂ ਕਿ ਸਮਾਜਿਕ, ਭਾਵਨਾਤਮਕ, ਆਤਮਕ, ਬੌਧਿਕ ਅਤੇ ਆਰਥਕ ਨੂੰ ਪੂਰਾ ਕਰਨ ਵਿਚ ਸਹਾਈ ਹੁੰਦੇ ਹਨ। ਮੂਲ ਰੂਪ ਵਿਚ ਸੰਗਠਨਾਂ ਦੇ ਆਕਾਰ ਵਿਚ ਤਿੰਨ ਕਾਰਣਾਂ ਕਰਕੇ ਵਾਧਾ ਹੋਇਆ ਹੈ।

**1.5.5.1 ਵਿਅਕਤੀਆਂ ਦੀ ਸੀਮਾਬੱਧਤਾ** :– ਮਨੁੱਖ ਦੀਆਂ ਵਿਅਕਤੀਗਤ ਰੂਪ ਵਿਚ ਬਹੁਤ ਸਾਰੀਆਂ ਮਜ਼ਬੂਰੀਆਂ ਨੂੰ ਕਾਬੂ ਪਾਉਣ ਲਈ ਇਕ ਦੂਜੇ ਨਾਲ ਗਠਜੋੜ ਕਰਦੇ ਹਨ। ਇਹ ਬੰਦਿਸ਼ਾਂ ਦੋ ਤਰ੍ਹਾਂ ਦੀਆਂ ਸ਼੍ਰੇਣੀਆਂ ਵਿਚੋਂ ਕਿਸੇ ਇਕ ਵਿਚ ਰੱਖੀਆਂ ਜਾ ਸਕਦੀਆਂ ਹਨ। ਇਹ ਜੀਵ ਵਿਗਿਆਨ ਅਨੁਸਾਰ ਵਿਅਕਤੀ ਸਮਰਥਾ ਰਾਹੀਂ ਜਾ ਫਿਰ ਵਾਤਾਵਰਣ ਦੇ ਭੌਤਿਕ ਕਾਰਣ ਜਿਨ੍ਹਾਂ ਦਾ ਉਹ ਸਾਹਮਣਾ ਕਰਦਾ ਹੈ, ਦੁਆਰਾ ਪ੍ਰਮਾਣਿਤ ਕੀਤੀਆਂ ਜਾ ਸਕਦੀਆਂ

ਹਨ। ਇਹ ਬੰਦਿਸ਼ਾਂ ਸਿੱਧੇ ਤੌਰ ਤੇ ਇਕ ਦੂਜੇ ਨਾਲ ਸੰਬੰਧਿਤ ਹਨ ਅਤੇ ਕ੍ਰਿਆਵਾਂ ਦੇ ਖਾਸ ਟੀਚੇ ਦੇ ਪ੍ਰਸੰਗ ਵਿਚ ਲਾਗੂ ਕੀਤੀਆਂ ਜਾਂਦੀਆਂ ਹਨ। ਇਸ ਨੁਕਤੇ ਦੀ ਵਿਆਖਿਆ ਬਰਨਾਰਡ ਇਕ ਵਿਅਕਤੀ ਰਾਹੀਂ ਪੱਥਰ ਚੁੱਕਣ ਦੀ ਸਥਿਤੀ ਦਾ ਉਦਾਹਰਣ ਦੇ ਕੇ ਕਰਦੇ ਹਨ। ਮਨੁੱਖ ਦੀ ਸੀਮਾ ਬੱਧਤਾ ਨੂੰ ਦੋ ਤਰੀਕਿਆਂ ਵਿਚੋਂ ਇਕ ਰਾਹੀਂ ਬਿਆਨ ਕੀਤਾ ਜਾ ਸਕਦਾ ਹੈ; ਪੱਥਰ ਇਕ ਵਿਅਕਤੀ ਲਈ ਬਹੁਤ ਵੱਡਾ ਹੈ ਜਾਂ ਇਕ ਵਿਅਕਤੀ ਪੱਥਰ ਲਈ ਬਹੁਤ ਛੋਟਾ ਹੈ। ਪਹਿਲਾ ਬਿਆਨ ਭੌਤਿਕ ਵਾਤਾਵਰਣ ਦੇ ਰੂਪ ਵਿਚ ਉਸ ਦੀ ਸੀਮਾਬੱਧਤਾ ਦਰਸਾਉਂਦਾ ਹੈ ਸੰਗਠਨ ਦੁਆਰਾ ਇਨਸਾਨ ਆਪਣੀਆਂ ਯੋਗਤਾਵਾਂ ਵਧਾਉਂਦਾ ਹੈ ਅਤੇ ਆਪਣੀਆਂ ਸੀਮਾ ਬੱਧਤਾਵਾਂ ਤੇ ਕਾਬੂ ਪਾਉਂਦਾ ਹੈ। ਸੰਗਠਨਾਂ ਨਾਲ ਮਨੁੱਖ ਦੇਖਦਾ ਹੈ ਕਿ ਬਹੁਤ ਸਾਰੇ ਲਕਸ਼ ਪ੍ਰਾਪਤ ਕਰਨ ਵਿਚ ਅਸਲ ਸੀਮਾਬੱਧਤਾ ਉਸ ਦੀ ਵਿਅਕਤੀਗਤ ਸਮਰਥਾ ਜਾਂ ਬੁੱਧੀ ਨਹੀਂ ਬਲਕਿ ਸੰਗਠਨਾਂ ਵਿਚ ਕਾਰਗਾਰ ਢੰਗ ਨਾਲ ਆਪਣੇ ਸਾਥੀਆਂ ਨਾਲ ਕੰਮ ਕਰਨ ਦੀ ਯੋਗਤਾ ਹੈ। ਇਸ ਤਰ੍ਹਾਂ ਬਰਨਾਰਡ ਸੰਗਠਨਾਂ ਦੇ ਵਿਕਾਸ ਨੂੰ ਵਿਅਕਤੀਗਤ ਕੰਮਾਂ ਤੇ ਰੋਕ ਲਾਉਣ ਵਾਲੀਆਂ ਸੀਮਾਬੱਧਤਾਵਾਂ ਤੇ ਕਾਬੂ ਪਾਉਣ ਵਾਲੀ ਜੁਗਤੀ ਕਹਿੰਦਾ ਹੈ। ਇਕ ਵਾਰ ਸੰਗਠਨਾਂ ਦਾ ਖਿਆਲ ਪੈਦਾ ਹੁੰਦੀਆਂ ਹੀ ਇਹ ਜੀਵ ਹੋਣ ਨਾਤੇ ਵਿਅਕਤੀਗਤ ਸਮਰਥਾ ਸੀਮਾਬੱਧਤਾ ਨਹੀਂ ਰਹਿੰਦੀ ਬਲਕਿ ਉਸ ਦੇ ਲਕਸ਼ ਪ੍ਰਾਪਤ ਕਰਨ ਦੀ ਮੂਲ ਸੀਮਾਬੱਧਤਾ ਉਸ ਦੇ ਸੰਗਠਨ ਦੀ ਕਾਰਗਰ ਢੰਗ ਨਾਲ ਕੰਮ ਕਰਨ ਦੀ ਸਮਰਥਾ ਤੋਂ ਨਿਰਧਾਰਿਤ ਹੁੰਦੀ ਹੈ। ਇਸ ਲਈ ਅਜੋਕੇ ਸਮਾਜ ਵਿਚ ਸੰਗਠਨ ਆਦਿ ਅਵੱਸ਼ਕ ਹੋ ਗਏ ਹਨ।

**1.5.5.2 ਸਮਾਜਿਕ ਕਾਰਣ** :- ਮਨੁੱਖ ਸੁਭਾਵਿਕ ਤੌਰ ਤੇ ਸੰਗਤ-ਪਸੰਦ। ਉਹ ਹਮੇਸ਼ਾ ਦੂਸਰਿਆਂ ਨਾਲ ਸੰਬੰਧ ਬਣਾਉਣਾ ਚਾਹੁੰਦਾ ਹੈ। ਇਹ ਇਸ ਲਈ ਹੈ ਕਿਉਂਕਿ ਇਕ ਵਿਅਕਤੀ ਆਪਣੀ ਸਮਾਜਿਕ-ਮਨੋਵਿਗਿਆਨ ਜ਼ਰੂਰਤਾਂ ਸੰਗਠਨ ਵਿਚ ਹੀ ਪੂਰੀਆਂ ਕਰ ਸਕਦਾ ਹੈ ਤੇ ਹੋਰ ਕਿਸੇ ਤਰੀਕੇ ਨਾਲ ਨਹੀਂ ਕਰ ਸਕਦਾ। ਇਹੀ ਕਾਰਣ ਸਭ ਤੋਂ ਪਹਿਲੇ ਮਨੁੱਖੀ ਪਰਿਵਾਰ ਬਣਾਉਣ ਲਈ ਜ਼ਿੰਮੇਵਾਰ ਸਨ। ਭਾਵੇਂ ਬਹੁਤ ਸਾਰੇ ਸੰਗਠਨ ਆਰਥਿਕ ਕਾਰਣਾਂ ਕਰਕੇ ਹੋਂਦ ਵਿਚ ਆਏ ਹਨ, ਫਿਰ ਵੀ ਉਹ ਵਿਅਕਤੀਆਂ ਨੂੰ ਸਮਾਜਿਕ ਸੰਤੁਸ਼ਟੀ ਵੀ ਪ੍ਰਦਾਨ ਕਰਦੇ ਹਨ। ਉਦਾਹਰਣ ਦੇ ਤੌਰ ਤੇ ਵਪਾਰਕ

ਸੰਗਠਨ ਮੂਲ ਰੂਪ ਵਿਚ ਆਰਥਿਕ ਉਦੇਸ਼ਾਂ ਦੀ ਪੂਰਤੀ ਲਈ ਹੀ ਯਤਨ ਕਰਦੇ ਹਨ। ਵਿਅਕਤੀ ਇਨ੍ਹਾਂ ਵਿਚ ਕੇਵਲ ਰੋਜ਼ੀ ਕਮਾਉਣ ਲਈ ਹੀ ਨਹੀਂ ਬਲਕਿ ਸਮਾਜਿਕ ਸੰਤੁਸ਼ਟੀ ਲਈ ਸ਼ਾਮਿਲ ਹੁੰਦੇ ਹਨ। ਇਸ ਗੱਲ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਵਪਾਰਕ ਸੰਗਠਨ ਵਿਚ ਸ਼ਾਮਿਲ ਹੋਣ ਲਈ ਵਿਅਕਤੀ ਆਰਥਿਕ ਕਾਰਣਾਂ ਤੋਂ ਇਲਾਵਾ ਹੋਰ ਕਈ ਕਾਰਣਾਂ ਤੇ ਵੀ ਵਿਚਾਰ ਕਰਦਾ ਹੈ। ਇਸ ਲਈ ਇਨਸਾਨ ਕੇਵਲ ਨਿਜੀ ਸੀਮਾ ਬੱਧਤਾਵਾਂ ਤੇ ਕਾਬੂ ਪਾਉਣ ਲਈ ਹੀ ਸੰਗਠਨ ਨਹੀਂ ਬਣਾਉਂਦਾ ਬਲਕਿ ਇਸ ਲਈ ਵੀ ਕਿਉਂਕਿ ਸੰਗਠਨ ਵਿਚ ਉਹ ਆਪਣੀ ਲੋੜਾਂ ਤੇ ਸਮਾਜਿਕ ਸੰਤੁਸ਼ਟਤਾ ਵੀ ਮਾਣ ਸਕਦਾ ਹੈ।

**1.5.5.3 ਪਦਾਰਥਕ ਕਾਰਣ** :– ਹਿੱਕਸ ਨੇ ਸੰਗਠਨ ਲਈ ਤਿੰਨ ਪਦਾਰਥਕ ਕਾਰਣ ਦੀ ਸ਼ਨਾਖਤ ਕੀਤੀ ਹੈ। ਅਤੇ ਇਨਸਾਨ ਸੰਗਠਨ ਰਾਹੀਂ ਇਹ ਤਿੰਨ ਕੰਮ ਕਰ ਸਕਦਾ ਹੈ ਜਦੋਂ ਕਿ ਉਹ ਇਕੱਲਿਆਂ ਨਹੀਂ ਕਰ ਸਕਦਾ। ਉਹ ਆਪਣੀਆਂ ਯੋਗਤਾਵਾਂ ਵਧਾ ਸਕਦਾ ਹੈ, (2) ਉਹ ਸੰਗਠਨ ਦੁਆਰਾ ਇਕ ਕੰਮ ਤੇ ਲਗਣ ਵਾਲਾ ਸਮਾਂ ਸੁੰਗੇੜ ਸਕਦਾ ਹੈ, (3) ਅਤੇ ਉਹ ਪਹਿਲੀਆਂ ਪੀੜ੍ਹੀਆਂ ਦੇ ਇਕੱਠੇ ਹੋਏ ਗਿਆਨ ਤੋਂ ਲਾਭ ਪ੍ਰਾਪਤ ਕਰ ਸਕਦਾ ਹੈ।

ਸੰਗਠਨ ਦੁਆਰਾ ਆਪਣੀ ਯੋਗਤਾ ਦੋ ਤਰ੍ਹਾਂ ਨਾਲ ਵਧਾ ਸਕਦਾ ਹੈ : (i) ਉਹ ਆਪਣੀਆਂ ਨਿੱਜੀ ਸੀਮਾ ਬੱਧਤਾਵਾਂ ਤੇ ਕਾਬੂ ਪਾ ਕੇ ਬਹੁਤ ਕੁਝ ਅਜਿਹਾ ਕਰ ਸਕਦਾ ਹੈ ਜੋ ਉਹ ਇਕੱਲਿਆ ਨਹੀਂ ਕਰ ਸਕਦਾ ਸੀ, (ii) ਆਪਣੀ ਯੋਗਤਾ ਅਨੁਸਾਰ ਕੰਮ ਵਿਚ ਨਿਪੁੰਨਤਾ ਹਾਸਲ ਕਰ ਸਕਦਾ ਹੈ। ਆਮ ਤੌਰ ਤੇ ਜਦੋਂ ਇਨਸਾਨ ਕਿਸੇ ਕੰਮ ਨੂੰ ਸਿਰੇ ਚੜ੍ਹਾਉਣ ਲਈ ਇਕੱਠੇ ਜੁਟ ਜਾਂਦੇ ਹਨ ਤਾਂ ਉਹ ਇਕ ਵਿਅਕਤੀ ਦੁਆਰਾ ਉਸ ਕੰਮ ਨੂੰ ਇਕੱਲਿਆਂ ਕਰਨ ਵਿਚ ਲੱਗੀ ਮਿਹਨਤ ਤੋਂ ਕਿਤੇ ਘੱਟ ਕੋਸ਼ਿਸ਼ ਅਤੇ ਮਿਹਨਤ ਨਾਲ ਪੂਰਾ ਕਰ ਲੈਂਦੇ ਹਨ। ਸੰਗਠਨ ਦਾ ਤੀਸਰਾ ਪਦਾਰਥਕ ਕਾਰਣ ਇਹੋ ਹੈ ਕਿ ਉਹਨਾਂ ਵਿਚ ਇਕਤ੍ਰਿਤ ਗਿਆਨ ਦਾ ਲਾਭ ਮਿਲ ਸਕਦਾ ਹੈ। ਸੰਗਠਨ ਤੋਂ ਬਗੈਰ ਹਰ ਇਨਸਾਨ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਚੀਜ਼ ਨੂੰ ਮੁੱਢ ਤੋਂ ਆਪ ਸਿਖੇ ਜੋ ਉਸ ਲਈ ਮੁਮਕਿਨ ਨਹੀਂ। ਦਰਅਸਲ ਉਹ ਆਪਣੇ ਪੂਰਵਜਾਂ ਦੇ ਕੀਤੇ ਕੰਮਾਂ ਦਾ ਲਾਭ ਪ੍ਰਾਪਤ ਕਰਦਾ ਹੈ। ਇਹ ਕੇਵਲ ਉਦੋਂ ਹੀ ਸੰਭਵ ਹੋ ਸਕਦਾ ਹੈ, ਜੇਕਰ ਅਜਿਹਾ ਗਿਆਨ ਸੰਭਾਲ ਕੇ ਰੱਖਿਆ ਜਾਵੇ। ਆਧੁਨਿਕ ਸੰਗਠਨ ਜਿਵੇਂ ਕਿ ਲਾਇਬਰੇਰੀਆਂ,

ਵਿਦਿਅਕ ਤੇ ਖੋਜ ਸੰਸਥਾਵਾਂ ਆਦਿ ਇਸ ਸਮੱਸਿਆ ਦੇ ਸਮਾਧਾਨ ਲਈ ਇਕ ਹਾਜ਼ਰ-ਜਵਾਬ ਹਨ।

### 1.5.6 ਸੰਗਠਨ ਦੀ ਭੂਮਿਕਾ

ਇਸ ਸੰਬੰਧ ਵਿਚ ਪਹਿਲਾਂ ਵੀ ਵਿਚਾਰ ਕੀਤਾ ਜਾ ਚੁੱਕਾ ਹੈ ਕਿ ਪ੍ਰਬੰਧਕੀ ਬਦਲਾਵ ਲਿਆਉਣ ਵਿਚ ਸੰਗਠਨ ਇਕ ਲੰਬੇ ਸਮੇਂ ਦੇ ਨੁਕਤੇ ਵਜੋਂ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਪਰਿਵਰਤਨ ਲਿਆਉਣ ਦੀਆਂ ਕੋਸ਼ਿਸ਼ਾਂ ਦੇ ਸਾਹਮਣੇ ਇਹ ਇਕ ਮੂਲ ਸਮੱਸਿਆ ਹੈ ਕਿ ਇਸ ਨੂੰ ਸੁਚਾਰੂ ਢੰਗ ਨਾਲ ਉਦੋਂ ਤੱਕ ਨਹੀਂ ਚਲਾਇਆ ਜਾ ਸਕਦਾ ਜਦੋਂ ਤੱਕ ਸੰਗਠਨ ਦੀ ਅੰਦਰੂਨੀ ਪਰਸਥਿਤੀਆਂ, ਜਿਸ ਵਿਚ ਲੋਕ ਕੰਮ ਕਰਦੇ ਹਨ, ਵਿਚ ਉਚਿਤ ਪਰਿਵਰਤਨ ਨਹੀਂ ਕੀਤੇ ਜਾਂਦੇ । ਵਿਕਾਸ ਕਾਰਜਕ੍ਰਮ ਅਦਾਰਿਆਂ ਵਿਚ ਬਹੁਗ੍ਰਹਿ ਪਰਿਵਰਤਨ-ਢਾਂਚੇ, ਤਕਨੀਕਾਂ ਤੇ ਲੋਕਾਂ ਵਿਚ ਬਦਲਾਵ ਲਿਆਉਣ ਦੀ ਕੋਸ਼ਿਸ਼ ਕਰਦੇ ਹਨ ਇਸ ਲਈ ਇਹ ਲੰਬੇ ਸਮੇਂ ਦੇ ਆਧਾਰ ਤੇ ਪ੍ਰਬੰਧਕੀ ਯੋਗਤਾ ਨੂੰ ਸੁਧਾਰਨ ਲਈ ਕਾਫ਼ੀ ਹੱਦ ਤੱਕ ਸਹਾਈ ਹੁੰਦੇ ਹਨ। ਸੰਗਠਨ ਵਿਚ ਨਿਮਨਲਿਖਤ ਪਰਿਣਾਮਾਂ ਦੀ ਪ੍ਰਾਪਤੀ ਲਈ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ।

(1) ਮਾਨਵੀ ਗੁਣ ਅਤੇ ਇਨ੍ਹਾਂ ਗੁਣਾਂ ਨਾਲ ਮੇਲ ਖਾਂਦੇ ਉਦੇਸ਼ਾਂ ਉੱਪਰ ਜ਼ੋਰ ਦੇਣ ਵਿਚ।

(2) ਸੰਗਠਨ ਦੇ ਸਾਰੇ ਮੈਂਬਰਾਂ ਵਿਚ ਵਿਸ਼ਵਾਸ ਤੇ ਆਪਸੀ ਭਾਵਾਤਮਕ ਆਸਥਰੇ ਦੀ ਮਿਆਰ ਨੂੰ ਵਧਾਉਣਵਿਚ।

(3) ਮਨੁੱਖ ਨੂੰ ਇਕ ਅਜਿਹੇ ਜਟਿਲ ਵਿਅਕਤੀ ਦੇ ਰੂਪ ਵਿਚ ਲੈਣ ਜਿਸ ਦੀਆਂ ਬਹੁਤ ਗੁੰਝਲਦਾਰ ਜ਼ਰੂਰਤਾਂ ਹਨ ਜੋ ਉਸ ਦੇ ਕੰਮ ਅਤੇ ਉਸ ਦੀ ਜ਼ਿੰਦਗੀਸ਼ਦੋਹਾਂ ਵਿਚ ਬਹੁਤ ਮਹੱਤਵ ਰੱਖਦੀਆਂ ਹਨ।

(4) ਯੋਜਨਾਬੰਦੀ ਅਤੇ ਉਸ ਨੂੰ ਲਾਗੂ ਕਰਨ ਵਿਚ ਸਵੈਸ਼ਜ਼ਿੰਮੇਵਾਰੀ ਅਤੇ ਸਮੂਹਿਕ ਜ਼ਿੰਮੇਵਾਰੀ ਦੀ ਮਿਆਰ ਨੂੰ ਵਧਾਉਣ ਵਿਚ।

(5) ਸੰਗਠਨ ਦੇ ਸਾਰੇ ਪੱਧਰਾਂ ਤੇ ਉਤਸ਼ਾਹ ਅਤੇ ਵਿਕਅਤੀਗਤ ਸੰਤੁਸ਼ਟਤਾ ਦੀ ਮਿਆਰ ਨੂੰ ਵਧਾਉਣ ਵਿਚ।

(6) ਅਜਿਹਾ ਵਾਤਾਵਰਣ ਪੈਦਾ ਕਰਨਾ ਜਿਸ ਵਿਚ ਨਿਰਧਾਰਤ ਭੂਮਿਕਾ ਤੇ ਆਧਾਰਿਤ ਅਧਿਕਾਰ ਵਿਚ ਜਾਣਕਾਰੀ ਤੇ ਨਿਪੁੰਨਤਾ ਤੇ ਆਧਾਰਿਤ ਅਧਿਕਾਰ ਦੁਆਰਾ ਇਜ਼ਾਫਾ ਕੀਤਾ ਜਾਵੇ।

(7) ਸਾਰੀਆਂ ਦਿਸ਼ਾਵਾਂ ਵਿਚ ਸੰਚਾਰ ਨੂੰ ਵਧਾਉਣਾ।

### 1.5.7 ਸੰਗਠਨ ਦੀਆਂ ਸਮੱਸਿਆਵਾਂ

ਕਈ ਵਿਕਾਸ ਕਾਰਜਕ੍ਰਮਾਂ ਦੁਆਰਾ ਸੰਗਠਨ ਦੀ ਨਿਪੁੰਨਤਾ ਆਦਿ ਵਧਾਉਣ ਲਈ ਅਸਫਲਤਾ ਕਾਰਣ ਇਨ੍ਹਾਂ ਦੀ ਕਰੜੀ ਆਲੋਚਨਾ ਵੀ ਕੀਤੀ ਗਈ ਹੈ। ਜੋ ਉਤਸ਼ਾਹ ਸੰਗਠਨ ਸੰਬੰਧੀ ਕਾਰਜਕ੍ਰਮਾਂ ਨੂੰ ਉਲੀਕਣ ਦੇ ਸਮੇਂ ਪੈਦਾ ਹੋਇਆ ਸੀ, ਉਸ ਸਮੇਂ ਦੇ ਬੀਤਣ ਨਾਲ ਲੁਪਤ ਹੋ ਗਿਆ ਹੈ। 1960 ਦੀ ਸ਼ੁਰੂਆਤ ਵਿਚ ਸੰਗਠਨ ਦਾ ਵਿਕਾਸ ਕਾਫ਼ੀ ਹੱਦ ਤੱਕ ਸਫ਼ਲ ਰਿਹਾ ਕਿਉਂ ਜੋ ਬਹੁਤ ਸਾਰੇ ਪੇਸ਼ਾਵਰ ਸਲਾਹਕਾਰ ਸਨ ਜੋ ਸੰਗਠਨਾਂ ਨੂੰ ਉੱਚ ਸੇਵਾਵਾਂ ਅਤੇ ਸਲਾਹ ਪ੍ਰਦਾਨ ਕਰਦੇ ਸਨ ਪਰ 1970 ਤੋਂ ਬਾਅਦ ਸੰਗਠਨ ਦਾ ਵਿਕਾਸ ਵਾਸਤਵਿਕਤਾ ਵਿਚ ਬੇਅਸਰ ਹੁੰਦਾ ਦਿਖਾਈ ਦੇਣ ਲੱਗ ਪਿਆ। ਇਸ ਦਾ ਮੁੱਖ ਕਾਰਣ ਸੰਗਠਨ ਦੇ ਵਿਕਾਸ ਦੀਆਂ ਬਹੁਤ ਸਾਰੀਆਂ ਵਿਵਾਦਪੂਰਨ ਤਕਨੀਕਾਂ ਸਨ ਜਿਵੇਂ ਟਕਰੇ ਦੀ ਤਕਨੀਕ ਆਦਿ। ਇੱਥੋਂ ਤੱਕ ਕਿ ਸਾਰੇ ਸੰਗਠਨਾਂ ਵਿਸ਼ੇਸ਼ ਕਰ ਹੇਠਲੇ ਪੱਧਰ ਦੇ ਸੰਗਠਨਾਂ ਵਿਚ ਸੰਗਠਨ ਦੇ ਵਿਕਾਸ ਦੀਆਂ ਮਹੱਤਵਪੂਰਣ ਖੋਜ ਸਿੱਟੇ ਕੱਢਣ ਵਿਚ ਵਿਦਵਾਨ ਅਸਫ਼ਲ ਰਹੇ ਹਨ। ਇਸ ਕਰਕੇ ਸੰਗਠਨ ਦੇ ਵਿਕਾਸ ਨੂੰ ਸੰਗਠਨ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਰਬ-ਰੋਗ ਔਸ਼ਧੀ ਵਜੋਂ ਨਹੀਂ ਲਿਆ ਜਾ ਸਕਦਾ। ਆਮ ਤੌਰ ਤੇ, ਸੰਗਠਨ ਅਤੇ ਵਿਕਾਸ ਦੀ ਹੇਠ ਦਿੱਤੇ ਅਨੁਸਾਰ ਆਲੋਚਨਾ ਵੀ ਕੀਤੀ ਜਾਂਦੀ ਹੈ :

(1) ਸੰਗਠਨ ਦੇ ਵਿਕਾਸ ਦੀ ਧਾਰਨਾ ਬਹੁਤ ਵਿਸਤ੍ਰਤ ਤੇ ਆਮ ਧਾਰਨਾ ਹੋਣ ਕਾਰਣ ਕੋਈ ਵੀ ਸੰਗਠਨ ਇਸ ਨੂੰ ਪੂਰਨ ਰੂਪ ਵਿਚ ਅਮਲ ਵਿਚ ਨਹੀਂ ਲਿਆ ਸਕਦਾ।

(2) ਲੋਕਾਂ ਦੀ ਪ੍ਰਾਪਤੀ ਦੀਆਂ ਲੋੜਾਂ ਦੀ ਮਿਆਰ ਘੱਟ ਹੋਣ ਕਾਰਣ ਸੰਗਠਨ ਲੋਕਾਂ ਨੂੰ ਪ੍ਰੇਰਤ ਕਰਨ ਵਿਚ ਅਸਫਲ ਰਿਹਾ ਹੈ। ਇਸ ਲਈ ਜਦੋਂ ਤੱਕ ਸੰਗਠਨ ਵਿਚ ਇਤਨੀ ਘੱਟ ਆਸ਼ਾਵਾਂ ਰੱਖਣ ਵਾਲੇ ਲੋਕ ਕੰਮ ਕਰ ਰਹੇ ਹਨ ਉਦੋਂ ਤੱਕ ਸੰਗਠਨ ਦਾ ਵਿਕਾਸ ਅਰਥਹੀਨ ਹੋ ਜਾਂਦਾ ਹੈ।

(3) ਸੰਗਠਨ ਦੇ ਵਿਕਾਸ ਦੇ ਕਾਰਜਕ੍ਰਮਾਂ ਨੂੰ ਅਮਲ ਵਿਚ ਲਿਆਉਣ ਲਈ ਖਰਚਾ ਕਰਨਾ ਪੈਂਦਾ ਹੈ ਅਤੇ ਫਿਰ ਵੀ ਇਸ ਦੀ ਆਸ ਬਹੁਤ ਘੱਟ ਹੁੰਦੀ ਹੈ ਕਿ ਇਨ੍ਹਾਂ ਕਾਰਜਕ੍ਰਮਾਂ ਦੇ ਲਾਗੂ ਕਰਨ ਦੇ ਨਤੀਜੇ ਵਜੋਂ ਕੋਈ ਸਾਕਾਰਤਮਕ ਪਰਿਣਾਮ ਸਾਹਮਣੇ ਆਉਣਗੇ। ਇਸ ਲਈ ਅਜਿਹੇ ਕਾਰਜਕ੍ਰਮ ਕੇਵਲ ਕੁਝ ਵੱਡੇ ਤੇ ਚੁਣੀਂਦਾ ਸੰਗਠਨ ਹੀ ਅਪਣਾ ਸਕਦੇ ਹਨ।

(4) ਇਹ ਇਕ ਕੁਦਰਤੀ ਫਲਸਫਾ ਹੈ ਕਿ ਪਰਿਵਰਤਨ ਦਾ ਹਮੇਸ਼ਾ ਵਿਰੋਧ ਹੀ ਕੀਤਾ ਜਾਦਾ ਹੈ ਅਤੇ ਵਿਕਾਸ ਨਾਲ ਸੰਬੰਧਤ ਕਾਰਜਕ੍ਰਮ ਪਰਿਵਰਤਨ ਲਿਆਉਣ ਤੇ ਬਹੁਤ ਜ਼ੋਰ ਦਿੰਦੇ ਹਨ। ਇਸ ਕਰਕੇ ਇਹ ਲੰਬੇ ਸਮੇਂ ਦੇ ਨੁਕਤੇ ਵਜੋਂ ਵੀ ਅਸਫਲ ਹੀ ਰਿਹਾ ਹੈ।

(5) ਅੰਤ 'ਚ ਇਹ ਵੀ ਕਹਿ ਸਕਦੇ ਹਾਂ ਕਿ ਵਾਸਤਵਿਕ ਅਤੇ ਆਦਰਸ਼ਕ ਪਰਿਸਥਿਤਆਂ ਦਰਮਿਆਨ ਹਮੇਸ਼ਾਂ ਅੰਤਰ ਹੁੰਦਾ ਹੈ।ਸੰਗਠਨ ਦੇ ਵਿਕਾਸ ਦੇ ਕਾਰਜਕ੍ਰਮ ਅਨੁਸਾਰ ਉਦੇਸ਼ਾਂ ਉਪਰ ਅਧਾਰਿਤ ਹੁੰਦੇ ਹਨ ਅਤੇ ਵਾਸਤਵਿਕ ਪਰਿਸਥਿਤੀਆਂ ਵੱਲ ਧਿਆਨ ਦਿੱਤੇ ਬਗੈਰ ਇਹ ਇਨ੍ਹਾਂ ਆਦਰਸ਼ਾਂ ਨੂੰ ਯਥਾਰਥ ਵਿਚ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਨ ਜਿਸ ਵਿਚ ਉਹ ਸਫ਼ਲ ਨਹੀਂ ਹੋ ਪਾਂਦੇ।

ਇਹ ਵੇਖਿਆ ਗਿਆ ਹੈ ਕਿ ਉਪਰੋਕਤ ਆਲੋਚਨਾਵਾਂ ਵਾਸਤਵਿਕਤਾ ਤੇ ਅਨੁਭਵਾਂ ਤੇ ਆਧਾਰਿਤ ਹਨ। ਸੰਗਠਨ ਦੇ ਵਿਕਾਸ ਦੇ ਯਤਨਾਂ ਦੀ ਅਸਫਲਤਾ ਨੇ ਇਨ੍ਹਾਂ ਦਾ ਆਚਾਰ ਆਤਮ ਪੱਖਾਂ ਵੱਲ ਲੋਕਾਂ ਦਾ ਧਿਆਨ ਖਿਚਿਆ। ਪਰ ਇਥੇ ਇਹ ਕਹਿਣਾ ਉਚਿਤ ਹੋਵੇਗਾ ਕਿ ਜੇਕਰ ਇਨ੍ਹਾਂ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਨਾ ਅਪਨਾਇਆ ਜਾਵੇ ਤਾਂ ਇਸ ਦਾ ਨਤੀਜਾ ਨਿਰਾਸਾ ਤੇ ਅਸਫਲਤਾ ਹੀ ਹੋਵੇਗੀ। ਅਜਿਹਾ ਬਹੁਤ ਸਾਰੇ ਮਾਮਲਿਆਂ ਵਿਚ ਵੇਖਿਆ ਗਿਆ ਹੈ ਕਿ ਸੰਗਠਨ ਦੇ ਵਿਕਾਸ ਦੇ ਕਾਰਜਕ੍ਰਮ ਉਚਿਤ ਢੰਗ ਨਾਲ ਲਾਗੂ ਨਾ ਹੋਣ ਕਰਕੇ ਅਸਫਲ ਕਰਾਰ ਦੇ ਦਿੱਤੇ ਗਏ। ਇਨ੍ਹਾਂ ਕਾਰਜਕ੍ਰਮਾਂ ਦੀ ਅਸਫਲਤਾ ਲਈ ਜ਼ਿੰਮੇਵਾਰ ਅਨਸਰ ਹੇਠ ਲਿਖੇ ਹਨ:

(ੳ) ਕਰਮਚਾਰੀਆਂ ਦੀ ਸਹਿਭਾਗਤਾ ਅਤੇ ਉਨ੍ਹਾਂ ਦੇ ਆਤਮ ਸਨਮਾਣ ਦੇ ਵਿਕਾਸ ਨੂੰ ਪ੍ਰੋਤਸਾਹਿਤ ਕਰਨ ਵਿਚ ਅਸਫਲਤਾ।

(ਅ) ਸੰਗਠਨ ਦੇ ਵਿਕਾਸ ਕਾਰਜਕ੍ਰਮਾਂ ਨੂੰ ਸੰਗਠਨ ਦੀਆਂ ਵਾਸਤਵਿਕ ਜ਼ਰੂਰਤਾਂ ਅਨੁਸਾਰ ਉਲੀਕਣ ਵਿਚ ਮੈਨੇਜਮੈਂਟ ਸਲਾਹਕਾਰ ਸਮੂਹ ਦੀ ਅਸਫਲਤਾ।

(ੲ) ਕਾਰਜਕ੍ਰਮ ਵਿਚ ਕਰਮਚਾਰੀਆਂ ਦੇ ਉਚਿਤ ਵਿਵਹਾਰ ਦੇ ਆਦਰਸ਼ਾਂ ਦਾ ਸਪਸ਼ਟ ਉਲੇਖ ਕਰਨ ਵਿਚ ਅਸਫਲਤਾ।

ਇਸ ਲਈ ਇਹ ਵੇਖਿਆ ਜਾ ਸਕਦਾ ਹੈ ਕਿ ਸੰਗਠਨ ਦੇ ਵਿਕਾਸ ਦੀ ਧਾਰਨਾ ਵਿਹਾਰਕ ਪੱਖੋਂ ਅਕਾਰਆਤਮਕ ਹੈ ਨਾ ਸਿਧਾਂਤਕ ਪੱਖੋ। ਇਸ ਲਈ ਸੰਗਠਨ ਦੇ ਵਿਕਾਸ ਦੀਆਂ ਕੋਸ਼ਿਸ਼ਾਂ ਨੂੰ ਸਿਰ੍ਹੇ ਚਾੜ੍ਹਨ ਲਈ, ਕੁੱਝ ਨਿਸ਼ਚਿਤ ਉਪਰਾਲੇ ਕਰਨ ਦੀ ਜ਼ਰੂਰਤ ਹੈ। ਇਨ੍ਹਾਂ ਵਿਚੋਂ ਕੁਝ ਇੰਜ ਹਨ :–

(1) ਸੰਗਠਨ ਦੇ ਵਿਕਾਸ ਕਾਰਜਕ੍ਰਮਾਂ ਨੂੰ ਵਾਸਤਵਿਕ ਰੂਪ ਦੇਣ ਲਈ ਭਰਪੂਰ ਸਮਾਂ ਦਿੱਤਾ ਜਾਣਾ ਚਾਹੀਦਾ ਹੈ।

(2) ਅਜਿਹੇ ਕਾਰਜਕ੍ਰਮਾਂ ਨੂੰ ਉੱਚ ਪੱਧਰ ਦੇ ਅਧਿਕਾਰੀਆਂ ਦੇ ਵਿਰੁੱਧ ਹਮਾਇਤ ਪ੍ਰਾਪਤ ਹੋਣੀ ਚਾਹੀਦੀ ਹੈ।

(3) ਅਜਿਹੇ ਕਾਰਜਕ੍ਰਮਾਂ ਦੇ ਉਦੇਸ਼ ਸਪਸ਼ਟ ਰੂਪ ਵਿਚ ਉਲੀਕੇ ਜਾਣੇ ਚਾਹੀਦੇ ਹਨ।

(4) ਅਜਿਹੇ ਕਾਰਜਕ੍ਰਮਾਂ ਵਿਚ ਦਖਲ ਅੰਦਾਜ਼ੀ ਲੋੜ ਅਨੁਸਾਰ ਹੀ ਕੀਤੀ ਜਾਣੀ ਚਾਹੀਦੀ ਹੈ। ਇਹ ਸੰਗਠਨ ਦੀ ਨਿਸ਼ਚਿਤ ਜ਼ਰੂਰਤਾਂ ਤੇ ਆਧਾਰਿਤ ਹੋਣੀ ਚਾਹੀਦੀ ਹੈ।

(5) ਅਜਿਹੇ ਕਾਰਜਕ੍ਰਮਾਂ ਤੇ ਸਲਾਹ ਦੇਣ ਵਿਚ ਮਾਹਿਰ ਵਿਅਕਤੀ ਨੂੰ ਇਹ ਸੇਵਾ ਸੌਪਣੀ ਚਾਹੀਦੀ ਹੈ ਅਤੇ ਉਸ ਨੂੰ ਅੰਦਰੂਨੀ ਬਦਲਾਵ ਲਿਆਉਣ ਵਾਲੇ ਏਜੰਟਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ।

### 1.5.8 ਸੰਗਠਨ ਦੇ ਵਿਕਾਸ ਦੀ ਪ੍ਰਕ੍ਰਿਆ

ਸੰਗਠਨ ਦੇ ਵਿਕਾਸ ਨੂੰ ਸੰਗਠਨ ਦੇ ਢਾਂਚੇ ਅਤੇ ਹੋਰ ਸੰਬੰਧਤ ਪੱਖਾਂ ਵਿਚ ਪਰਿਵਰਤਨ ਲਿਆਉਣ ਦੀ ਪ੍ਰਕ੍ਰਿਆ ਕਹਿ ਸਕਦੇ ਹਾਂ। ਇਸ ਤਰ੍ਹਾਂ ਇਹ ਕਈ ਉਪ-ਪ੍ਰਕ੍ਰਿਆਵਾਂ ਦਾ ਸੁਮੇਲ ਹੈ। ਕੁਝ ਮਾਹਿਰ ਇਸ ਦਿਸ਼ਾ ਵਿਚ ਤਿੰਨ ਕਦਮਾਂ ਦਾ ਜ਼ਿਕਰ ਕਰਦੇ ਹਨ-ਪਛਾਣ, ਦਖਲ, ਦਖਲ-ਅੰਦਾਜ਼ੀ ਅਤੇ ਮੁਲਾਂਕਣ।

ਅਮਰੀਕਾ ਦੇ ਜਨਰਲ ਮੇਅਰਜ਼ ਨੇ ਜਾਗਰੁਕਤਾ, ਸਵੀਕਾਰਤਾ, ਤਿਆਰ ਰਹਿਣ ਅਤੇ ਕੰਮ ਨੂੰ ਸਮਰਪਿਤ ਰਹਿਣ, ਪਛਾਣ ਅਤੇ ਭਾਲ, ਲਾਗੂ ਕਰਨਾ, ਸੁਧਾਰ ਦਾ ਮਾਪ-ਤੋਲ, ਅਦਾਰੀਕਰਣ ਅਤੇ ਆਤਮ ਨਿਵਆਉਣ ਨੂੰ ਤਸਦੀਕ ਕੀਤਾ ਹੈ। ਇਕ ਭਾਰਤੀ ਸੰਗਠਨ ਤੇ ਵਿਕਾਸ ਵਿਸ਼ੇਸ਼ਗ ਏ. ਅਹਮਦ ਨੇ ਬਦਲਾਵ ਲਿਆਉਣ ਲਈ ਪ੍ਰੋਤਸਾਹਨ, ਅੰਕੜੇ ਇਕੱਠੇ ਕਰਨਾ ਅਤੇ ਸਮੱਸਿਆ ਦੀ ਪਛਾਣ, ਬਦਲਾਵ ਦੇ ਨੁਕਤੇ, ਵਿਵਸਥਾ ਵਿਚ ਦਖਲ-ਅੰਦਾਜ਼ੀ, ਮੁੜ ਲਾਗੂ ਕਰਨਾ, ਪਿੱਛੇ

ਲੱਗੇ ਰਹਿਣ, ਮਾਨੀਟਰ ਕਰਨਾ ਤੇ ਮੁਲਾਂਕਣ ਦਾ ਉਲੇਖ ਕੀਤਾ ਹੈ। ਕੁਝ ਮਾਹਿਰ, ਸਮੱਸਿਆ, ਜਿਸ ਉਪਰ ਇਹ ਪ੍ਰਕ੍ਰਿਆ ਲਾਗੂ ਕੀਤਾ ਜਾਏ, ਪ੍ਰਤਿ ਜਾਗਰੂਕਤਾ ਨੂੰ ਵੀ ਇਸ ਪ੍ਰਕ੍ਰਿਆ ਦਾ ਹਿੱਸਾ ਮੰਨਦੇ ਹਨ ਅਤੇ ਕੁਝ ਇਸ ਨੂੰ ਇਸ ਦਾ ਹਿੱਸਾ ਨਹੀਂ ਮੰਨਦੇ।

(1)**ਸਮੱਸਿਆ ਦੀ ਪਛਾਣ ਅਤੇ ਵਰਣਨ** :– ਕਿਸੇ ਵੀ ਸੰਗਠਨ ਵਿਚ ਸੰਗਠਨ ਦੇ ਵਿਕਾਸ ਦੀ ਪ੍ਰਕ੍ਰਿਆ ਦਾ ਆਰੰਭ ਸਲਾਹਕਾਰ ਦੀ ਨਿਯੁਕਤੀ ਨਾਲ ਹੁੰਦਾ ਹੈ। ਇਹ ਸਲਾਹਕਾਰ ਜਿਨ੍ਹਾਂ ਮੁੱਖ ਸਮੱਸਿਆਵਾਂ ਨੂੰ ਇਸ ਪ੍ਰਕ੍ਰਿਆ ਦੁਆਰਾ ਸੁਲਝਾਉਣਾ ਹੈ, ਦੀ ਪਛਾਣ ਕਰਨ ਦੀ ਕੋਸ਼ਿਸ਼ ਕਰਦਾ ਹੈ। ਮੈਨੇਜਮੈਂਟ ਦੀ ਸੰਗਠਨੀ ਸਮੱਸਿਆਵਾਂ ਜਿਵੇਂ ਲਾਭ ਦੀ ਘੱਟਦੀ ਦਰ, ਵਧੇਰੇ ਕਰਮਚਾਰੀ, ਘੱਟ ਉਤਪਾਦਨ ਆਦਿ ਵਰਗੇ ਅਸਥਿਰ ਤੱਤਾਂ ਦੀ ਅੰਤ ਪਰਿਣਾਮ ਦੇ ਰੂਪ ਵਿਚ ਉਲੇਖ ਕਰ ਸਕਦੀ ਹੈ।

(2)**ਪਰਿਵਰਤਨ ਲਿਆਉਣ ਲਈ ਨਿਯੋਜਨ** :– ਸੰਗਠਨ ਦੀਆਂ ਮੁੱਖ ਸਮੱਸਿਆਵਾਂ ਦਾ ਪਛਾਣ ਕਰਨ ਮਗਰੋਂ ਉਨ੍ਹਾਂ ਨੂੰ ਸੁਲਝਾਉਣ ਲਈ ਯੋਜਨਾਬੰਦੀ ਕੀਤੀ ਜਾਂਦੀ ਹੈ। ਪਰ ਯੋਜਨਾਬੰਦੀ ਵਿਚ ਲਚਕੀਲਾਪਣ ਹੋਣਾ ਆਵਸ਼ਕ ਹੈ ਤਾਂ ਜੋ ਸਮੇਂ ਅਨੁਸਾਰ ਉਸ ਵਿਚ ਜ਼ਰੂਰੀ ਸੋਧਾ ਕੀਤੀਆਂ ਜਾ ਸਕਣ। ਕਾਰਜਕ੍ਰਮ ਨੂੰ ਲਾਗੂ ਕਰ ਦਿੱਤਾ ਜਾਦਾ ਹੈ ਅਤੇ ਉਸ ਦੇ ਕੰਮ ਕਰਨ ਸੰਬੰਧੀ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ।

(3)**ਵਿਵਸਥਾ ਵਿਚ ਦਖਲ ਅੰਦਾਜ਼ੀ** :– ਇਹ ਕਾਰਜਕ੍ਰਮ ਦੀ ਤਕਨੀਕਾਂ ਅਤੇ ਸਮਾਂ ਨਿਰਧਾਰਨ ਕਰਨ ਉਪਰੰਤ, ਸਲਾਹਕਾਰ ਸੰਗਠਨ ਅਤੇ ਇਸ ਦੇ ਕਰਮਚਾਰੀਆਂ ਵਿਚ ਪਰਿਵਰਤਨ ਲਿਆਉਣ ਦਾ ਉਪਰਾਲਾ ਕਰਦਾ ਹੈ। ਇਹ ਇਕ ਲੰਬੇ ਸਮੇਂ ਤੱਕ ਸਿਲਸਿਲੇਵਾਰ ਚਲਣ ਵਾਲੀ ਪ੍ਰਕ੍ਰਿਆ ਹੈ।

(4)**ਮੁਲਾਂਕਣ** :– ਇਹ ਇਸ ਪ੍ਰਕ੍ਰਿਆ ਦਾ ਅੰਤਿਮ ਪੜਾਅ ਹੈ ਜਿਸ ਵਿਚ ਸੰਗਠਨ ਦੇ ਵਿਕਾਸ ਕਾਰਜਕ੍ਰਮਾਂ ਦੇ ਪਰਿਣਾਮਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ ਤਾਂ ਜੋ ਕਿਸੇ ਵੀ ਸਮੱਸਿਆ ਨੂੰ ਨਜਿੱਠਣ ਲਈ ਉਚਿਤ ਕਾਰਵਾਈ ਕੀਤੀ ਜਾਵੇ ਜਾਂ ਕਾਰਜਕ੍ਰਮ ਵਿਚ ਤਬਦੀਲੀ ਕੀਤੀ ਜਾਵੇ।

ਸੰਗਠਨ ਦੇ ਵਿਕਾਸ ਕਾਰਜਕ੍ਰਮਾਂ ਵਿਚ ਅਜਿਹੇ ਸੰਗਠਨਾਂ ਦੇ ਅਨਸਰਾਂ ਵਿਚ ਤਬਦੀਲੀ ਲਿਆਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਿਹੜੇ ਸੰਗਠਨ ਦੇ ਉਦੇਸ਼ਾਂ ਦੀ ਪ੍ਰਾਪਤੀ ਦੇ ਰਾਹ ਵਿਚ ਰੋੜਾ ਅਟਕਾਉਂਦੇ ਹਨ। ਅਜਿਹੀਆਂ ਤਬਦੀਲੀਆਂ ਸੰਗਠਨ ਦੇ ਢਾਂਚੇ, ਨੀਤੀ, ਵਿਧੀ, ਪੁਰਸਕ੍ਰਿਤ ਕਰਨ ਦੀ ਵਿਵਸਥਾ, ਕੰਟਰੋਲ ਵਿਵਸਥਾ, ਕੀਤੇ ਕੰਮ ਦਾ ਮੁਲਾਂਕਣ ਕਰਨ ਦੀ ਵਿਵਸਥਾ, ਉਦੇਸ਼ ਨਿਰਧਾਰਨ ਪ੍ਰਕ੍ਰਿਆ ਆਦਿ ਵਿਚ ਜਾ ਸਕਦੀਆਂ ਹਨ। ਸੰਗਠਨ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਸਾਰੇ ਲੋੜੀਂਦੇ ਬਦਲਾਵ ਸਾਲਮ ਰੂਪ ਵਿਚ ਕੀਤੇ ਜਾਣੇ ਚਾਹੀਦੇ ਹਨ।

### 1.5.9 ਸਿੱਟਾ

ਅੰਤ ਵਿਚ ਅਸੀ ਇਹ ਕਹਿ ਸਕਦੇ ਹਾਂ ਕਿ ਸਮਕਾਲੀ ਸਮਾਜ ਵਿਚ ਸੰਗਠਨ ਅਤਿ ਮਹੱਤਵਪੂਰਣ ਹਨ ਕਿਉਂਕਿ ਇਹ ਸਮਾਜ ਨੂੰ ਵਧੇਰੇ ਚੰਗਾ ਬਣਾਉਣ ਲਈ ਇਸ ਵਿਚ ਸੰਤੁਲਨ ਬਣਾਈ ਰੱਖਣ ਵਿਚ ਸਹਾਈ ਹੁੰਦੇ ਹਨ। ਇਸ ਲਈ ਸੰਗਠਨਾਂ ਦਾ ਨਿਪੁਨਤਾ ਤੇ ਅਸਰਦਾਰ ਢੰਗ ਨਾਲ ਕਾਰਜ ਕਰਨਾ ਹੋਰ ਵੀ ਆਵਸ਼ਕ ਹੋ ਜਾਦਾ ਹੈ। ਸੰਗਠਨ ਦੇ ਲੋਕਾਂ, ਇਸ ਦੇ ਢਾਂਚੇ ਅਤੇ ਇਸ ਵਿਚ ਲੋੜੀਂਦੀ ਬਦਲਾਵਾਂ ਦੀ ਸਹੀ ਜਾਣਕਾਰੀ ਅਤੇ ਸਮਝ ਰਾਹੀਂ ਇਹ ਨਿਪੁੰਨਤਾ ਹਾਸਿਲ ਕੀਤੀ ਜਾ ਸਕਦੀ ਹੈ। ਹਰੇਕ ਸੰਗਠਨ ਲੋਕਾਂ ਦੁਆਰਾ ਨਿਰਮਤ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਲਈ ਹੀ ਹੁੰਦਾ ਹੈ। ਇਸ ਕਾਰਣ ਮਨੁੱਖੀ ਵਿਹਾਰ ਨੂੰ ਸਮਝਣਾ ਬਹੁਤ ਜ਼ਰੂਰੀ ਹੈ ਤਾਂ ਜੋ ਸੰਗਠਨ ਦੀਆਂ ਕਾਰਜ ਵਿਧੀਆਂ ਅਤੇ ਉਦੇ ਸ਼ ਇਸ ਦੇ ਮੈਂਬਰਾਂ ਦੀਆਂ ਜ਼ਰੂਰਤਾਂ ਮੁਤਾਬਿਕ ਉਲੀਕੇ ਜਾਣ ਸੰਗਠਨ ਦੇ ਸਾਰੇ ਕਾਰਜਕ੍ਰਮਾਂ ਨੂੰ ਮੁੱਖ ਰੱਖ ਕੇ ਹੀ ਇਸ ਦੇ ਢਾਂਚੇ ਦਾ ਨਿਰਮਾਣ ਕਰਨਾ ਚਾਹੀਦਾ ਹੈ। ਸੰਚਾਰ ਤੇ ਕੰਟਰੋਲ ਪ੍ਰਕ੍ਰਿਆ ਤੇ ਅਧਿਕਾਰਨ ਦੀ ਵਿਵਸਥਾ ਨੂੰ ਸਪਸ਼ਟ ਦਰਸਾਉਣਾ ਚਾਹੀਦਾ ਹੈ ਤਾਂ ਜੋ ਇਸ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਸੁਚਾਰੂ ਢੰਗ ਨਾਲ ਆਪਣੇ ਕਾਰਜ ਕਰ ਸਕਣ। ਸੰਗਠਨ ਆਪਣੇ ਅੰਦਰੂਨੀ ਅਤੇ ਬਾਹਰਲੇ ਵਾਤਾਵਰਣ ਤੋਂ ਪ੍ਰਭਾਵਿਤ ਹੁੰਦਾ ਹੈ। ਸਮੇਂ ਦੇ ਨਾਲ–ਨਾਲ ਲੋਕਾਂ ਦੀਆਂ ਜ਼ਰੂਰਤਾਂ ਵਿਚ ਬਦਲਾਵ ਆਉਣ ਕਾਰਣ ਇਸ ਦੇ ਢਾਂਚੇ ਤੇ ਕਾਰਜਕ੍ਰਮਾਂ ਵਿਚ ਬਦਲਾਵ ਜ਼ਰੂਰੀ ਹੋ ਜਾਂਦਾ ਹੈ, ਕਿਉਂ ਜੋ ਉਹੀ ਸੰਗਠਨ ਆਪਣੀ ਹੋਂਦ ਕਾਇਮ ਰੱਖ ਸਕਦਾ ਹੈ ਜੋ ਸਮਾਜਿਕ ਲੋੜਾਂ ਦੀ ਪੂਰਤੀ ਕਰਨ ਦੇ ਸਮਰਥ ਹੁੰਦਾ ਹੈ।

ਇਹ ਕਹਿਣਾ ਵਾਜਿਬ ਹੋਵੇਗਾ ਕਿ ਕੇਵਲ ਉਹੀ ਸੰਗਠਨ ਆਪਣੀ ਹੋਂਦ ਨੂੰ ਕਾਇਮ ਰਖ ਸਕਦਾ ਹੈ ਤੇ ਆਪਣਾ ਕਾਰਜ ਉਚਿਤ ਰੂਪ ਵਿਚ ਨੇਪਰੇ ਚਾੜ੍ਹ ਸਕਦਾ ਹੈ ਜੋ ਲੋਕਾਂ ਦੀਆਂ ਜ਼ਰੂਰਤਾਂ ਦੇ ਅਨੁਕੂਲ ਹੁੰਦਾ ਹੈ, ਆਪਣੇ ਢਾਂਚੇ ਨੂੰ ਉਦੇਸ਼ਾਂ ਮੁਤਾਬਿਕ ਨਿਰਮਿਤ ਕਰਦਾ ਹੈ ਅਤੇ ਵਕਤ ਅਨੁਸਾਰ ਆਪਣੇ ਵਿਚ ਲੋੜੀਂਦੇ ਬਦਲਾਵ ਲਿਆਉਣ ਲਈ ਹਮੇਸ਼ਾ ਤਿਆਰ ਰਹਿੰਦਾ ਹੈ।

### 1.5.10 ਸੁਝਾਈਆਂ ਪੁਸਤਕਾਂ


1. ਲੋਕ ਪ੍ਰਬੰਧ ਦੇ ਤੱਤ – ਅਮਰਜੀਤ ਸਿੰਘ ਢਿੱਲੋਂ।
2. Elements of Public Administration - Puri and Brara (Pbi. Edition)
3. Modern Public Administration - Fleix A. Nigro
4. Organizational Behaviour - L.M. Prasad.
5. Organizational Theory and Behaviour - R. Sharma
6. ਲੋਕ ਪ੍ਰਸ਼ਾਸਨ-ਸਿਧਾਂਤ ਤੇ ਵਿਵਹਾਰ – ਸਾਹਿਬ ਸਿੰਘ ਸਵਿੰਦਰ ਸਿੰਘ।
7 ਲੋਕ ਪ੍ਰਸ਼ਾਸਨ ਦੇ ਸਿਧਾਂਤ – ਹਰਬੀਰ ਸਿੰਘ


**Updated On August, 2023 by Dr. Ravneet Kaur**

ਪਾਠ ਨੰ: 1.6                                    **Prepared By : Ravneet Kaur**

## ਰਸਮੀ ਅਤੇ ਗ਼ੈਰ-ਰਸਮੀ ਸੰਗਠਨ

**ਰੂਪ-ਰੇਖਾ**

1.6.0 ਉਦੇਸ਼
1.6.1 ਭੂਮਿਕਾ
1.6.2 ਸੰਗਠਨ
1.6.2.1ਅਰਥ
1.6.2.2ਵਿਸ਼ੇਸ਼ਤਾਵਾਂ
1.6.3 ਰਸਮੀ ਅਤੇ ਗ਼ੈਰਰਸਮੀ ਸੰਗਠਨ
1.6.3.1ਰਸਮੀ ਸੰਗਠਨ ਦਾ ਅਰਥ
1.6.3.2ਰਸਮੀ ਸੰਗਠਨ ਦੀਆਂ ਵਿਸ਼ੇਸ਼ਤਾਵਾਂ
1.6.3.3ਰਸਮੀ ਸੰਗਠਨ ਦੀ ਮਹੱਤਤਾ
1.6.3.4ਗ਼ੈਰ-ਰਸਮੀ ਸੰਗਠਨ ਦਾ ਅਰਥ
1.6.3.5ਗ਼ੈਰ-ਰਸਮੀ ਸੰਗਠਨ ਦੀਆਂ ਵਿਸ਼ੇਸ਼ਤਾਵਾਂ
1.6.3.6ਗ਼ੈਰ-ਰਸਮੀ ਸੰਗਠਨ ਦੀ ਮਹੱਤਤਾ
1.6.4 ਰਸਮੀ ਅਤੇ ਗ਼ੈਰ-ਰਸਮੀ ਸੰਗਠਨ ਵਿਚ ਅੰਤਰ
1.6.5. ਸਿੱਟਾ
1.6.6 ਸੁਝਾਈਆਂ ਪੁਸਤਕਾਂ
1.6.7 ਸਵੈ-ਅਭਿਆਸ ਪ੍ਰਸ਼ਨਾਵਲੀ ਦੇ ਉੱਤਰ

### 1.6.0 ਉਦੇਸ਼

ਸੰਗਠਨ ਦਾ ਉਦੇਸ਼ ਸਾਂਝੇ ਯਤਨਾਂ ਦੀ ਇਕ ਯੋਜਨਾਬੱਧ ਪ੍ਰਣਾਲੀ ਤੋਂ ਹੈ ਜਿਸ ਵਿਚ ਸੰਗਠਨ ਦੇ ਹਰ ਇਕ ਭਾਗੀਦਾਰ ਦੀ ਭੂਮਿਕਾ, ਕਰਤੱਵ ਅਤੇ ਕਾਰਜ ਨਿਸ਼ਚਿਤ ਹੁੰਦੇ ਹਨ। ਵਾਸਤਵਿਕ ਤੌਰ ਤੇ ਸੰਗਠਨ ਦਾ ਉਦੇਸ਼ ਇਕ ਨਿਰੰਤਰ ਚਲਦੇ ਰਹਿਣ ਵਾਲੀ ਅਜਿਹੀ ਪ੍ਰਕਿਰਿਆ ਹੈ ਜਿਸ ਵਿਚ ਮਨੁੱਖ ਨਾਲ ਸੰਬੰਧਿਤ ਕਿਰਿਆਵਾਂ ਅਤੇ ਸਮੱਸਿਆਵਾਂ, ਭਾਵੇ ਉਹ ਪਦਾਰਥਕ ਹਨ ਜਾਂ ਪੂੰਜੀ ਨਾਲ ਸਬੰਧਿਤ ਹਨ, ਨੂੰ ਸੁਲਝਾਉਣ ਅਤੇ ਉਨ੍ਹਾਂ ਨੂੰ ਸਮਾਜਿਕ ਵਾਤਾਵਰਨ ਦੇ ਅਨੁਕੂਲ ਢਾਲਣ ਦਾ ਯਤਨ ਲਗਾਤਾਰ ਹੁੰਦਾ ਰਹਿੰਦਾ ਹੈ।'Organisation is a Planned system of co-operative efforts in which each participant has a recognised role to play and duties to perform.' ਇਸ ਵਿਚਾਰ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਢੁੱਕਵੀਆਂ ਤੇ ਸੰਬੰਧਿਤ ਪ੍ਰਕਿਰਿਆਵਾਂ ਦੇ ਉਚਿਤ ਤਾਲਮੇਲ ਦੁਆਰਾ ਕੁਝ ਨਿਸ਼ਚਿਤ ਉਦੇਸ਼ਾਂ ਦੀ ਪੂਰਤੀ ਲਈ ਮਨੁੱਖ ਅਮਲੇ ਦੇ ਸਮੂਹ ਨੂੰ ਹੀ ਸੰਗਠਨ ਦਾ ਉਦੇਸ਼ ਕਿਹਾ ਜਾ ਸਕਦਾ ਹੈ।

ਇਸ ਯੂਨਿਟ ਰਾਹੀਂ ਅਸੀਂ ਰਸਮੀ ਅਤੇ ਗ਼ੈਰ-ਰਸਮੀ ਸੰਗਠਨ ਨੂੰ ਵਿਸਥਾਰ ਸਹਿਤ ਵਰਨਣ ਕਰਨ ਜਾ ਰਹੇ ਹਾਂ ਕਿਉਂਕਿ ਸੰਗਠਨ ਦਾ ਉਦੇਸ਼ ਸਾਂਝੇ ਯਤਨਾਂ ਦੀ ਇਕ ਯੋਜਨਾਬੱਧ ਪ੍ਰਣਾਲੀ ਤੋਂ ਹੈ ਜਿਸ ਵਿਚ ਸੰਗਠਨ ਦੇ ਹਰ ਇਕ ਭਾਗੀਦਾਰ ਦੀ ਭੂਮਿਕਾ, ਕਰਤੱਵ ਅਤੇ ਕਾਰਜ ਨਿਸ਼ਚਿਤ ਹੁੰਦੇ ਹਨ। ਇਸ ਤੋਂ ਅੱਗੇ ਸੰਗਠਨ ਦੀ ਵੰਨਗੀ-ਵਿਭਾਗੀ ਉੱਦਮ, ਲੋਕ ਨਿਗਮ ਅਤੇ ਸਰਕਾਰੀ ਕੰਪਨੀ ਦੀ ਮਹੱਤਤਾ ਬਾਰੇ ਪੜ੍ਹਣ ਜਾ ਰਹੇ ਹਾਂ।

### 1.6.1 ਭੂਮਿਕਾ

ਪ੍ਰਸ਼ਾਸਨ ਦੇ ਹਰ ਖੇਤਰ ਦੇ ਉਦੇਸ਼ ਦੀ ਪੂਰਤੀ ਲਈ ਸੰਗਠਨ ਦਾ ਹੋਣਾ ਅਤਿ ਆਵਸ਼ਕ ਹੈ। ਲੋਕ ਪ੍ਰਸ਼ਾਸਨ ਵਿਚ ਇਸ ਦੀ ਮਹੱਤਤਾ ਹੋਰ ਵੀ ਵਧੇਰੇ ਹੁੰਦੀ ਹੈ ਕਿਉਂਕਿ ਲੋਕ ਪ੍ਰਸ਼ਾਸਨ ਦੀ ਨੀਂਹ ਹੀ ਸੰਗਠਨ ਹੈ।ਸੰਗਠਨ ਬਿਨਾਂ ਪ੍ਰਸ਼ਾਸਨ ਸੁਚਾਰੂ ਢੰਗ ਨਾਲ ਨਹੀਂ ਚਲ ਸਕਦਾ, ਇਸ ਪ੍ਰਸੰਗ ਵਿਚ ਪ੍ਰੋ. ਲਿਪਾਵਸਕੀ ਨੇ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ ਕਿਹਾ ਹੈ ਕਿ ਸੰਗਠਨ ਦਾ ਪ੍ਰਸ਼ਾਸਨ ਪ੍ਰਬੰਧ ਜਾਂ ਸੰਗਠਨ ਨੂੰ ਅਸੀਂ ਉਸੇ ਤਰ੍ਹਾਂ ਤਰਤੀਬਵਾਰ ਬਿਆਨ ਕਰ ਸਕਦੇ ਹਾਂ ਜਿਵੇਂ ਕਿਸੇ ਸ਼ਰੀਰ ਦੇ ਅੰਗਾਂ ਦਾ ਸ਼ਰੀਰ ਵਿਗਿਆਨ ਵਿਚ ਬਿਆਨ ਕੀਤਾ ਜਾ ਸਕਦਾ ਹੈ। (According to Lepawski, "As it is mainly a matter of structure, organization bears the same rudimentary relationship to administration as does the science of anatomy or skeltology to the field of medicine. An administrative organization can be sketched and charted just as the human body can be physically depicted.")

### 1.6.2 ਸੰਗਠਨ

ਆਕਸਫੋਰਡ ਡਿਕਸ਼ਨਰੀ ਅਨੁਸਾਰ, ''ਕਿਸੇ ਚੀਜ਼ ਦਾ ਵਿਵਸਥਿਤ ਢਾਂਚਾ ਤਿਆਰ ਕਰਨਾ ਜਾਂ ਕਿਸੇ ਚੀਜ਼ ਦਾ ਆਕਾਰ ਨਿਸ਼ਚਿਤ ਕਰਨਾ ਅਤੇ ਉਸ ਨੂੰ ਕੰਮ ਕਰਨ ਦੀ ਸਥਿਤੀ ਵਿਚ ਲਿਆਉਣਾ ਹੀ ਸੰਗਠਨ ਕਹਾਉਂਦਾ ਹੈ।''

#### 1.6.2.1 ਅਰਥ

ਆਮ ਤੌਰ ਤੇ ਸੰਗਠਨ ਤੋਂ ਭਾਵ ਕਿਸੇ ਵੀ ਪ੍ਰਸ਼ਾਸਕੀ ਢਾਂਚੇ ਤੋਂ ਲਿਆ ਜਾਂਦਾ ਹੈ ਲੋਕ ਪ੍ਰਸ਼ਾਸਨ ਵਿਚ 'ਸੰਗਠਨ ਸ਼ਬਦ ਦਾ ਅਰਥ ਤਿੰਨ ਵੱਖਰੇ-ਵੱਖਰੇ ਰੂਪਾਂ ਵਿਚ ਵਰਨਤ ਕੀਤਾ ਜਾਂਦਾ ਹੈ :(1) ਪ੍ਰਸ਼ਾਸਕੀ ਢਾਂਚੇ ਨੂੰ ਤਿਆਰ ਕਰਨ ਦਾ ਕਾਰਜ (Designing of Administrative structure) (2) ਢਾਂਚੇ ਦੀ ਬਣਤਰ ਨੂੰ ਵਿਉਂਤਣਾ ਅਤੇ ਉਸਾਰਨਾ ਦੋਵੇਂ (designing as well as building of structure) (3) ਇਨ੍ਹਾਂ ਕੰਮਾਂ ਦੇ ਨਤੀਜੇ ਵਜੋਂ ਪ੍ਰਾਪਤ ਹੋਣ ਵਾਲਾ ਪ੍ਰਸ਼ਾਸਕੀ ਢਾਂਚਾ (administrative structrue we get as an end product of these activities.)

ਸਾਈਮਨ ਦੇ ਅਨੁਸਾਰ ''ਸੰਗਠਨ ਤੋਂ ਭਾਵ ਸਾਂਝੇ ਯਤਨਾਂ ਦੀ ਇਕ ਯੋਜਨਾਬੱਧ ਪ੍ਰਣਾਲੀ ਤੋਂ ਹੈ ਜਿਸ ਵਿਚ ਸੰਗਠਨ ਦੇ ਹਰੇਕ ਭਾਗੀਦਾਰ ਦੀ ਭੂਮਿਕਾ, ਕਰਤੱਵ ਅਤੇ ਕਾਰਜ ਨਿਸ਼ਚਿਤ ਹੁੰਦੇ ਹਨ।'' (In the words of Simon, "By organisation we mean a planned system of co-operative efforts in which each participant has a recognised role to play and duties to perform.") ਬੈਕੇ (Bakke) ਅਨੁਸਾਰ ਸੰਗਠਨ ਇਕ ਨਿਰੰਤਰ ਚਲਦੇ ਰਹਿਣ ਵਾਲੀ ਇਕ ਅਜਿਹੀ ਵਿਵਸਥਾ ਹੈ ਜਿਸ ਵਿਚ ਮਨੁੱਖ ਸੰਬੰਧੀ ਕਿਰਿਆਵਾਂ ਅਤੇ ਸਮੱਸਿਆਵਾਂ ਭਾਵੇਂ ਉਹ ਪਦਾਰਥਕ ਹਨ ਜਾਂ ਪੂੰਜੀ ਨਾਲ ਸੰਬੰਧਿਤ ਹਨ, ਨੂੰ ਸੁਲਝਾਉਣ ਅਤੇ ਉਨ੍ਹਾਂ ਨੂੰ ਸਮਾਜਿਕ ਵਾਤਾਵਰਣ ਦੇ ਅਨੁਕੂਲ ਢਾਲਣ ਦਾ ਯਤਨ ਲਗਾਤਾਰ ਹੁੰਦਾ ਰਹਿੰਦਾ ਹੈ। (Bakke gives an elaborate definition of organisation, describing it as a 'continuing system of differentiated and co-ordinated human activities utilizaing, transforming and welding together a specific set of human, material, capital, national and natural resources into a unique problem solving whole engaged in satisfying particular human needs in interaction with other systems of human needs in interaction with other systems of human activities and resources in its environment.")

ਇਸ ਵਿਚਾਰ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਢੁਕਵੀਆਂ ਤੇ ਸੰਬੰਧਿਤ ਕ੍ਰਿਆਵਾਂ ਦੇ ਉਚਿਤ ਤਾਲਮੇਲ ਦੁਆਰਾ ਕੁਝ ਨਿਸ਼ਚਿਤ ਉਦੇਸ਼ਾਂ ਦੀ ਪੂਰਤੀ ਲਈ ਮਨੁੱਖ ਅਮਲੇ ਦੇ ਸਮੂਹ ਨੂੰ ਹੀ ਸੰਗਠਨ ਕਹਿੰਦੇ ਹਨ।

**1.6.2.2ਸੰਗਠਨ ਦੀਆਂ ਵਿਸ਼ੇਸ਼ਤਾਵਾਂ**

(1) (Identifiable Aggregation of Human Beings) ਇਕ ਨਿਸ਼ਚਿਤ ਮਨੁੱਖੀ ਸਮੂਹ ਨੂੰ ਸੰਗਠਨ ਕਹਿੰਦੇ ਹਨ। ਇਸ ਸਮੂਹ ਦੀ ਆਪਣੀ ਇਕ ਵੱਖਰੀ ਪਛਾਣ ਹੁੰਦੀ ਹੈ। ਇਹ ਮਨੁੱਖੀ ਸਮੂਹ ਦੀ ਪਛਾਣ ਇਸ ਕਾਰਨ ਸੰਭਵ ਹੈ ਕਿ ਇਹ ਬਿਨਾਂ ਕਿਸੇ ਉਦੇਸ਼ ਦੇ ਇਕੱਠੇ ਹੋਏ ਮਨੁੱਖਾਂ ਦਾ ਸਮੂਹ ਨਹੀਂ ਸਗੋਂ ਆਪਸ ਵਿਚ ਸਾਂਝੇ ਤੌਰ ਤੇ ਸਬੰਧਤ ਮਨੁੱਖਾਂ ਦਾ ਸਮੂਹ ਹੈ। ਇਹਨਾਂ ਦੀ ਇਹ ਪਛਾਣ ਸੰਗਠਨ ਦੀਆਂ ਹੱਦਾਂ ਨਿਰਧਾਰਤ ਕਰਦੀ ਹੈ ਅਤੇ ਅਜਿਹੀਆਂ ਹੱਦਾਂ ਹੋਰ ਵਾਤਾਵਰਣ ਦੇ ਹੋਰ ਤੱਤਾਂ ਤੋਂ ਸੰਗਠਨ ਦੇ ਤੱਤਾਂ ਨੂੰ ਵੱਖਰਾ ਦਰਸਾਉਂਦੀਆਂ ਹਨ। ਫਿਰ ਵੀ ਇਹ ਵੱਖਰਾਪਨ ਪੂਰਨ ਤੌਰ ਤੇ ਸੰਭਵ ਨਹੀਂ ਕਿਉਂਕਿ ਸੰਗਠਨ ਦੇ ਤੱਤ ਅਤੇ ਉਸ ਦਾ ਵਾਤਾਵਰਣ ਆਪਸ ਵਿਚ ਇਕ ਦੂਸਰੇ ਉੱਪਰ ਕੁਝ ਨਾ ਕੁਝ ਪ੍ਰਭਾਵ ਪਾਉਂਦੇ ਰਹਿੰਦੇ ਹਨ।

(2)ਸੰਗਠਨ ਇਕ ਚੇਤਨ, ਵਿਚਾਰਪੂਰਵਕ ਅਤੇ ਪ੍ਰਯੋਜਨ ਦੇ ਆਧਾਰ ਤੇ ਸਥਾਪਿਤ ਕੀਤਾ ਮਨੁੱਖੀ ਸਮੂਹ ਹੈ, ਜਿਸ ਵਿਚ ਸੰਗਠਨ ਤੇ ਉਸ ਦੇ ਮੈਂਬਰਾਂ ਵਿਚਕਾਰ ਸੰਬੰਧਾਂ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ ਅਤੇ ਯੋਗ ਤੇ ਨਿਪੁੰਨ ਵਿਅਕਤੀਆਂ ਨੂੰ ਨਿਯੁਕਤ ਕੀਤਾ ਜਾ ਸਕਦਾ ਹੈ। ਉਂਝ ਤਾਂ ਹਰ ਮਨੁੱਖੀ ਸਮੂਹ ਜਿਵੇਂ ਪਰਿਵਾਰ ਆਦਿ ਵੀ ਸੰਗਠਨ ਹੀ ਕਹਾਉਂਦਾ ਹੈ ਪਰ ਇਹੋ ਜਿਹੇ ਸੰਗਠਨ ਦੇ ਮੈਂਬਰਾਂ ਨੂੰ ਆਪਣੀ ਮਰਜੀ ਅਨੁਸਾਰ ਬਦਲਿਆ ਨਹੀਂ ਜਾ ਸਕਦਾ। ਇਸ ਕਰਕੇ ਲੋਕ ਪ੍ਰਸ਼ਾਸ਼ਨ ਦੇ ਪੱਖੋਂ ਅਜਿਹੇ ਸਮੂਹਾਂ ਨੂੰ ਸੰਗਠਨ ਨਹੀਂ ਕਿਹਾ ਜਾ ਸਕਦਾ।

(3)ਸੰਗਠਨ ਕੁਝ ਅਜਿਹੇ ਸਾਂਝੇ ਉਦੇਸ਼ਾ, ਜਿਨ੍ਹਾਂ ਨਾਲ ਇਸ ਦੇ ਸਾਰੇ ਮੈਂਬਰ ਸਾਂਝੇ ਰੂਪ ਵਿਚ ਸਹਿਮਤ ਹੁੰਦੇ ਹਨ ਦੀ ਪ੍ਰਾਪਤੀ ਲਈ ਸਥਾਪਿਤ ਕੀਤਾ ਜਾਂਦਾ ਹੈ। ਸੰਗਠਨ ਇਕ ਅਜਿਹਾ ਸਮਾਜਿਕ ਸਾਧਨ ਹੈ ਜਿਸ ਦੁਆਰਾ ਸਮਾਜ ਜਾਂ ਉਸ ਦਾ ਕੁੱਝ ਹਿੱਸਾ ਕੁਝ ਅਜਿਹੀਆਂ ਪ੍ਰਾਪਤੀਆਂ ਕਰਦਾ ਹੈ, ਜਿਹੜੀਆਂ ਵਿਅਕਤੀਗਤ ਆਧਾਰ ਤੇ ਪ੍ਰਾਪਤ ਕਰਨੀਆਂ ਅਸੰਭਵ ਹੁੰਦੀਆਂ ਹਨ ਜਾਂ ਇਤਨੇ ਸੋਖੇ ਢੰਗ ਨਾਲ ਪ੍ਰਾਪਤ ਨਹੀਂ ਹੋ ਸਕਦੀਆਂ ਮੋਟੇ ਸ਼ਬਦਾਂ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਸੰਗਠਨ ਮਨੁੱਖੀ ਲੋੜਾਂ ਅਤੇ ਸੰਤੁਸ਼ਟਤਾ ਵਿਚਕਾਰ ਇਕ ਕੜੀ ਹੈ ਅਤੇ ਕਿਸੇ ਵੀ ਸੰਗਠਨ ਦੀ ਸਫਲਤਾ ਉਸ ਦੇ ਉਦੇਸ਼ਾਂ ਦੀ ਪ੍ਰਾਪਤੀ ਤੋਂ ਨਾਪੀ ਜਾ ਸਕਦੀ ਹੈ। ਪੁਰਾਣੇ ਸਮੇਂ ਵਿਚ ਸੰਗਠਨ ਛੋਟੇ ਅਤੇ ਸੀਮਤ ਹੁੰਦੇ ਹਨ। ਇਹਨਾਂ ਨੂੰ ਸਥਾਪਿਤ ਕਰਨ ਲਈ ਥੋੜ੍ਹੀ ਪੂੰਜੀ ਦੀ ਲੋੜ ਹੁੰਦੀ ਸੀ ਅਤੇ ਇਹਨਾਂ ਵਿਚ ਕੰਮ ਕਰਨ ਵਾਲੇ ਗਿਣੇ ਚੁਣੇ ਹੋਣ ਕਾਰਨ ਅਧਿਕਾਰੀ ਤੇ ਮਾਤਹਿਤ ਵਿਚਕਾਰ ਸਿੱਧਾ ਸਬੰਧ ਸਥਾਪਿਤ ਕਰਨਾ ਕਾਫ਼ੀ ਸੋਖਾ ਹੁੰਦਾ ਸੀ। ਪਰ ਆਧੁਨਿਕ ਸੰਗਠਨ ਬਹੁਤ ਵੱਡੇ ਅਤੇ ਗੁੰਝਲਦਾਰ ਹਨ। ਇਹਨਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਕਰਮਚਾਰੀ ਕੰਮ ਕਰਦੇ ਹਨ ਅਤੇ ਇਸ ਲਈ ਚੋਖਾ ਪੂੰਜੀ ਨਿਵੇਸ਼ ਚਾਹੀਦਾ ਹੈ। ਇਨ੍ਹਾਂ ਸੰਗਠਨਾਂ ਦੇ ਬਹੁਤ ਵੱਡੇ ਹੋਣ ਦਾ ਮੁੱਖ ਕਾਰਣ ਤਕਨੀਕੀ ਪਰਿਵਰਤਨ ਹੈ ਅਤੇ ਤਕਨੀਕ ਦੀ ਸਹੀ ਵਰਤੋਂ ਲਈ ਬਹੁਤ ਸਾਰੇ ਧਨ ਦੀ ਲੋੜ ਹੁੰਦੀ ਹੈ ਕਿਉਂਕਿ ਇਨ੍ਹਾਂ ਸੰਗਠਨਾਂ ਵਿਚ ਪੂੰਜੀ ਤਕਨੀਕਾਂ ਤੇ ਕਰਮਚਾਰੀਆਂ ਦਾ ਬਹੁ-ਗਿਣਤੀ ਵਿਚ ਪ੍ਰਯੋਗ ਕੀਤਾ ਜਾਂਦਾ ਹੈ, ਇਸ ਲਈ ਇਨ੍ਹਾਂ ਦਾ ਪ੍ਰਬੰਧ ਅਤੇ ਗਤੀਵਿਧੀਆਂ ਇਕ ਗੁੰਝਲਦਾਰ ਅਤੇ ਜਟਿਲ ਮਾਮਲਾ ਹੈ। ਅਜੋਕੇ ਸੰਗਠਨਾਂ ਵਿਚ ਕਈ ਪੱਧਰ ਹੁੰਦੇ ਹਨ ਅਤੇ ਹਰ ਪੱਧਰ ਤੇ ਵੱਖ-ਵੱਖ ਕਾਰਜਾਂ ਨੂੰ ਕਰਨ ਲਈ ਵਿਸ਼ੇਸ਼ਗਾਂ ਦੀ ਜ਼ਰੂਰਤ ਹੁੰਦੀ ਹੈ। ਇਹਨਾਂ ਵਿਸ਼ੇਸ਼ਗ ਕਰਮਚਾਰੀਆਂ ਵਿਚਕਾਰ ਤਾਲਮੇਲ ਅਤੇ ਸਹਿਯੋਗ ਦੀ ਭਾਵਨਾ ਨੂੰ ਬਣਾਈ ਰੱਖਣਾ ਇਕ ਕਠਿਨ ਸਮੱਸਿਆ ਹੈ ਜੋ ਪਹਿਲੇ ਦੇ ਸੰਗਠਨਾਂ ਵਿਚ ਨਹੀਂ ਵੇਖੀ ਜਾਂਦੀ ਸੀ ਕਿਉਂਕਿ ਉਨ੍ਹਾਂ 'ਚ ਘੱਟ ਗਿਣਤੀ ਦੇ ਕਰਮਚਾਰੀ ਹੁੰਦੇ ਸਨ, ਸਿੱਧੀਆਂ ਸਾਦੀਆਂ ਤਕਨੀਕਾਂ ਦੀ ਵਰਤੋਂ ਦੁਆਰਾ ਕਾਰਜ ਨਿਪਟਾਏ ਜਾਂਦੇ ਸਨ।

(4)ਆਧੁਨਿਕ ਸੰਗਠਨ ਹਰ ਪੱਖੋਂ ਵੱਡੇ ਹੋਣ ਕਾਰਣ ਅਤੇ ਪ੍ਰਕ੍ਰਿਤੀ ਵਿਚ ਜਟਿਲ ਹੋਣ ਕਾਰਨ ਕੁਝ ਸਿਧਾਂਤਾਂ ਦੇ ਆਧਾਰ 'ਤੇ ਸਥਾਪਿਤ ਕੀਤੇ ਜਾਂਦੇ ਹਨ। ਜਿਵੇਂ ਪੌੜੀ ਵਿਵਸਥਾ ਦਾ ਸਿਧਾਂਤ, ਕਮਾਂਡ ਦੀ ਏਕਤਾ ਦਾ ਸਿਧਾਂਤ ਆਦਿ। ਇਹ ਸਿਧਾਂਤ ਅਧਿਕਾਰੀ ਤੇ ਮਾਤਹਿਤ ਵਿਚਕਾਰ ਕਾਰਜਾਂ ਦੀ ਵੰਡ ਕਰਨ ਅਤੇ ਅਧਿਕਾਰਤਾ ਤੇ ਜਿੰਮੇਵਾਰੀ ਨੂੰ ਨਿਸ਼ਚਿਤ ਕਰਨ ਵਿਚ ਸਹਾਈ ਹੁੰਦੇ ਹਨ। ਫਲਸਰੂਪ ਸੰਗਠਨ ਦੇ ਕਾਰਜਾਂ ਨੂੰ ਨਿਪਟਾਉਣ ਲਈ ਸਮਰੂਪਤਾ ਤੇ ਅਨਰੂਪਤਾ ਝਲਕਦੀ ਹੈ। ਹਰੇਕ ਸੰਗਠਨ ਦੇ ਉਦੇਸ਼ ਵਿਚ ਵਖਰੇਵੇ ਦੇ ਬਾਵਜੂਦ ਲਗਭਗ ਸਾਰੇ

ਸੰਗਠਨਾਂ ਦੇ ਸਿਧਾਂਤਾਂ ਅਤੇ ਕਾਰਜ ਵਿਧੀਆਂ 'ਚ ਸਮਾਨਤਾ ਵਿਖਾਈ ਦਿੰਦੀ ਹੈ।

(5)ਅਜੋਕੇ ਸੰਗਠਨ ਨੂੰ ਬਹੁ-ਪੱਖੀ ਕਾਰਜ ਨਿਭਾਉਣੇ ਪੈਂਦੇ ਹਨ। ਇਸ ਲਈ ਸੰਗਠਨ ਕੁਝ ਵਿਅਕਤੀਆਂ ਦੇ ਸਹਾਰੇ ਨਹੀਂ ਚਲ ਸਕਦੇ ਕਿਉਂਕਿ ਹਰ ਵਿਅਕਤੀ ਹਰ ਪ੍ਰਕਾਰ ਦੇ ਕਾਰਜ ਨਹੀਂ ਕਰ ਸਕਦਾ। ਇਸ ਲਈ ਇਹ ਜ਼ਰੂਰੀ ਕਾਰਜਾਂ ਨੂੰ ਉਚਿਤ ਢੰਗ ਨਾਲ ਕਰਨ ਲਈ ਵਿਸ਼ੇਸ਼ਗਾਂ ਨੂੰ ਨਿਯੁਕਤ ਕੀਤਾ ਜਾਵੇ। ਇਸ ਤਰ੍ਹਾਂ ਕਾਰਜ ਵਿਸ਼ੇਸ਼ਕਰਣ ਤੇ ਪਦ ਸੌਂਪਣ ਵਿਕੇਂਦਰੀਪਣ ਦੀ ਕ੍ਰਿਆ ਵੱਲ ਲੈ ਜਾਂਦੀ ਹੈ। ਜਦੋਂ ਕਿ ਪਹਿਲਾਂ ਦੇ ਸੰਗਠਨਾਂ ਵਿਚ ਕੇਂਦਰੀਕਰਨ ਵੇਖਣ ਨੂੰ ਮਿਲਦਾ ਸੀ।

(6)ਸੰਗਠਨ ਦੇ ਉਦੇਸ਼ਾਂ ਦੀ ਪੂਰਤੀ ਲਈ ਸੰਗਠਨ ਦੇ ਮੈਂਬਰਾਂ ਰਾਹੀਂ ਕੀਤੇ ਕਾਰਜਾਂ ਵਿਚ ਤਾਲਮੇਲ ਹੋਣਾ ਅਤਿ ਆਵੱਸ਼ਕ ਹੈ ਕਿਉਂਕਿ ਕੇਵਲ ਤਾਲਮੇਲ ਅਤੇ ਏਕੀਕਰਣ ਦੁਆਰਾ ਹੀ ਸੰਗਠਨ ਦੀ ਕਾਰਜ ਵਿਧੀ ਨੂੰ ਉਚਿਤ ਤੇ ਸੁਚਾਰੂ ਢੰਗ ਨਾਲ ਚਲਾਇਆ ਜਾ ਸਕਦਾ ਹੈ। ਸੰਗਠਨ ਦੇ ਮੈਂਬਰਾਂ ਰਾਹੀਂ ਕੀਤੇ ਜਾਣ ਵਾਲੇ ਕੰਮ ਵਿਚ ਤਾਲਮੇਲ ਯਥਾਉਚਿਤ ਹੋਣਾ ਚਾਹੀਦਾ ਹੈ। ਅਰਥਾਤ ਹਰ ਕਰਮਚਾਰੀ ਰਾਹੀਂ ਕੀਤੀ ਗਈ ਕਾਰਵਾਈ ਤੇ ਉਸ ਦਾ ਵਤੀਰਾ ਤਰਕਪੂਰਣ ਹੋਣਾ ਚਾਹੀਦਾ ਹੈ।

(7)ਸੰਗਠਨ ਇਕ ਨਿਰੰਤਰ ਚਲਣ ਵਾਲੀ ਵਿਵਸਥਾ ਹੈ। ਇਸ ਕਰਕੇ ਕਰਮਚਾਰੀ, ਕਾਰਜ ਵਿਧੀ ਆਦਿ ਸਮੇਂ-ਸਮੇਂ ਤੇ ਬਦਲਦੇ ਰਹਿੰਦੇ ਹਨ। ਇਸ ਲਈ ਇਸ ਦੀ ਹੋਂਦ ਕਾਇਮ ਰੱਖਣ ਲਈ ਜ਼ਰੂਰੀ ਹੈ ਕਿ ਇਹ ਸਮੇਂ ਅਨੁਕੂਲ ਆਪਣੇ ਆਪ ਨੂੰ ਢਾਲ ਲਵੇ।

ਉਪਰੋਕਤ ਦਰਸਾਈਆਂ ਵਿਸ਼ੇਸ਼ਤਾਵਾਂ ਕਿਸੇ ਇਕ ਸੰਗਠਨ ਦੇ ਸੰਬੰਧ ਵਿਚ ਯੋਗ ਹੋ ਸਕਦੀਆਂ ਹਨ। ਪਰ ਸਮਾਜ ਵਿਚ ਹੋਰ ਵੀ ਕਈ ਸੰਗਠਨ ਹੁੰਦੇ ਹਨ ਅਤੇ ਇਹ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਲਈ ਆਪਸ ਵਿਚ ਇਕ ਦੂਜੇ ਤੇ ਨਿਰਭਰ ਕਰਦੇ ਹਨ, ਇਕ ਦੂਜੇ ਤੇ ਪ੍ਰਭਾਵ ਪਾਉਂਦੇ ਹਨ ਅਤੇ ਆਪਣੇ ਆਪ ਨੂੰ ਲੋੜ ਅਨੁਸਾਰ ਢਾਲਣ ਦਾ ਯਤਨ ਕਰਦੇ ਹਨ। ਹਰ ਸਮਾਜਿਕ ਵਿਵਸਥਾ, ਉਹ ਚਾਹੇ ਕਿਤਨੀ ਵੀ ਮਹੱਤਵਪੂਰਨ ਕਿਉਂ ਨਾ ਹੋਵੇ, ਸੰਗਠਨ ਨਹੀਂ ਕਹਾਉਂਦੀ। ਜਿਵੇਂ ਪਰਿਵਾਰ, ਮਿੱਤਰਾਂ ਦਾ ਸਮੂਹ, ਕਬੀਲੇ ਆਦਿ ਭਾਵੇਂ ਇਕ ਸਮੂਹ ਸੰਗਠਨ ਲਾਲ ਕਈ ਪੱਖੋਂ ਮਿਲਦੇ -ਜੁਲਦੇ ਹਨ ਫਿਰ ਵੀ ਇਨ੍ਹਾਂ ਦਾ ਸੰਗਠਨ ਨਹੀਂ ਕਿਹਾ ਜਾ ਸਕਦਾ। ਕਿਉਂਕਿ ਸੰਗਠਨ ਵਾਲੀਆਂ ਕਈ ਵਿਸ਼ੇਸ਼ਤਾਵਾਂ ਇਨ੍ਹਾਂ ਵਿਚ ਨਹੀਂ ਹਨ।ਇਸ ਪਰਿਵਾਰ ਜਾਂ ਕਬੀਲੇ ਦੇ ਮੈਂਬਰਾਂ ਨੂੰ ਕੋਈ ਇਕ ਵਿਅਕਤੀ ਬਦਲ ਨਹੀਂ ਸਕਦਾ। ਇਕ ਪਰਿਵਾਰ ਵਿਚ ਮਾਤਾ-ਪਿਤਾ ਤੇ ਉਨ੍ਹਾਂ ਦੇ ਬੱਚੇ ਉਹੀ ਰਹਿਣਗੇ ਜੋ ਕੁਦਰਤੀ ਤੌਰ ਤੇ ਉਨ੍ਹਾਂ ਨੂੰ ਪ੍ਰਾਪਤ ਹੋਏ ਹਨ। ਇਕ ਵਿਅਕਤੀ ਆਪਣੀ ਇੱਛਾ ਅਨੁਸਾਰ ਕਿਸੇ ਖਾਸ ਪਰਿਵਾਰ ਵਿਚ ਜਨਮ ਨਹੀਂ ਲੈ ਸਕਦਾ ਪਰ ਸੰਗਠਨ ਤੇ ਵਿਅਕਤੀ ਦੋਵੇਂ ਇਕ ਦੂਜੇ ਨੂੰ ਚੁਨਣ ਵਿਚ ਆਪਣੀ ਇੱਛਾ ਸ਼ਕਤੀ ਦੀ ਵਰਤੋਂ ਕਰ ਸਕਦੇ ਹਨ। 'ਸੰਗਠਨ' ਸ਼ਬਦ 'ਪ੍ਰਬੰਧ' ਸ਼ਬਦ ਨਾਲੋਂ ਵੱਖਰਾ ਹੈ ਅਰਥਾਤ ਇਸ ਪਾਠ ਵਿਚ ਸੰਗਠਨ ਤੋਂ ਭਾਵ ਇਕ ਅਦਾਰੇ ਤੋਂ ਹੈ ਅਤੇ ਪ੍ਰਬੰਧ ਇਸ ਅਦਾਰੇ ਦੀ ਜ਼ਰੂਰੀ ਕ੍ਰਿਆਵਾਂ ਵਿਚੋਂ ਇਕ ਕ੍ਰਿਆ ਹੈ। ਜਿਵੇਂ ਪੰਜਾਬ ਸਕੱਤਰੇਤ ਇਕ ਸੰਗਠਨ ਹੈ ਅਤੇ ਇਸ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਇਸ ਦੇ ਵੱਖ-ਵੱਖ ਭਾਗਾਂ ਦੇ ਤੱਤਾਂ ਦਾ ਉਚਿਤ ਪ੍ਰਬੰਧ ਕੀਤਾ ਜਾਂਦਾ ਹੈ।

### 1.6.3 ਰਸਮੀ ਅਤੇ ਗ਼ੈਰ-ਰਸਮੀ ਸੰਗਠਨ

ਅਜੋਕੇ ਸਮੇਂ ਸਮਾਜ ਵਿਚ ਬਹੁਤ ਸਾਰੇ ਕਾਰਜ ਜਿਆਦਾਤਰ ਸੰਗਠਨਾਂ ਦੁਆਰਾ ਕੀਤੇ ਜਾਂਦੇ ਹਨ।ਸੰਗਠਨ ਦੀਆਂ ਵੱਖ ਵੱਖ ਕਿਸਮਾਂ ਮੌਜੂਦ ਹਨ ਜਿਵੇਂ ਵਪਾਰਿਕ ਸੰਗਠਨ, ਰਾਜਨੀਤਿਕ ਸੰਗਠਨ, ਸੇਵਾਵਾਂ ਪ੍ਰਦਾਨ ਕਰਨ ਵਾਲੇ ਸੰਗਠਨ ਇਤਿਆਦਿਕ। ਕੁਝ ਸੰਗਠਨਾਂ ਦੀ ਸਥਾਪਨਾ ਰਸਮੀ ਤੌਰ 'ਤੇ ਕੀਤੀ ਜਾਂਦੀ ਹੈ ਭਾਵ ਉਨ੍ਹਾਂ ਦਾ ਢਾਂਚਾ, ਕਾਰਜ ਆਦਿ ਸਪਸ਼ਟ ਰੂਪ ਵਿਚ ਉਲੀਕੇ ਹੁੰਦੇ ਹਨ। ਅਜਿਹੇ ਸੰਗਠਨਾਂ ਨੂੰ ਰਸਮੀ ਸੰਗਠਨ ਕਿਹਾ ਜਾਂਦਾ ਹੈ। ਕਿਸੇ ਵੀ ਸੰਗਠਨ ਦੀ ਸੰਰਚਨਾ ਅਨੁਸਾਰ ਉਸ ਨੂੰ ਰਸਮੀ ਜਾਂ ਗ਼ੈਰਰਸ਼ਮੀ ਸੰਗਠਨ ਦਾ ਨਾਮ ਦਿੱਤਾ ਜਾਂਦਾ ਹੈ। ਇਸ ਪਾਠ ਵਿਚ ਰਸਮੀ ਅਤੇ ਗ਼ੈਰ ਰਸਮੀ ਸੰਗਠਨਾਂ ਦੇ ਅਰਥ, ਵਿਸ਼ੇਸ਼ਤਾਈਆਂ, ਮਹੱਤਤਾ ਅਤੇ ਦੋਹਾਂ ਦਾ ਤੁਲਨਾਤਮਕ ਅਧਿਐਨ ਕੀਤਾ ਜਾਵੇ ਗਾ।

**1.6.3.1 ਰਸਮੀ ਸੰਗਠਨ**

ਆਮ ਤੌਰ 'ਤੇ ਰਸਮੀ ਸੰਗਠਨ ਤੋਂ ਭਾਵ ਪ੍ਰਬੰਧਕਾਂ ਦੁਆਰਾ ਉਲੀਕੇ ਗਏ ਸੰਗਠਨਾਤਮਕ ਢਾਂਚੇ ਤੋਂ ਹੈ ਕਿਰਤ ਦੀ ਵੰਡ, ਸੱਤਾ ਨਿਯੰਤਰਣ, ਤਨਖਾਹ, ਜੁਰਮਾਨਾ ਆਦਿ ਸੰਬੰਧੀ ਨਿਯਮਾਂ ਅਤੇ ਅਧਿਨਿਯਮਾਂ ਦਾ ਖਾਕਾ। ਰਸਮੀ ਸੰਗਠਨ ਕੁਝ ਨਿਰਧਾਰਤ ਉਦੇਸ਼ਾਂ ਦੀ ਪ੍ਰਾਪਤੀ ਲਈ ਸੋਚ-ਵਿਚਾਰ ਕੇ ਉਲੀਕਿਆ ਗਿਆ ਸੰਗਠਨ ਹੁੰਦਾ ਹੈ। ਸਪਸ਼ਟ ਸ਼ਬਦਾਂ ਵਿਚ ਇਕ ਰਸਮੀ ਸੰਗਠਨ ਦੇ ਮੂਲ ਸਿਧਾਂਤ ਨਿਮਨਲਿਖਿਤ ਹੁੰਦੇ ਹਨ। ਕਿਰਤ ਦੀ ਵੰਡ, ਪੌੜ੍ਹੀ ਵਿਵਸਥਾ ਸੰਬੰਧੀ ਪ੍ਰਕ੍ਰਿਆਵਾਂ, ਸੰਰਚਨਾ, ਨਿਯੰਤਰਣ ਦਾ ਖੇਤਰ ਇਹਨਾਂ ਨੂੰ ਜ਼ਿਆਦਾਤਰ ਸੰਗਠਨ ਦੇ ਸਿਧਾਂਤ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਹਰੇਕ ਸਿਧਾਂਤ ਸੰਬੰਧੀ ਵਿਸਤਾਰ ਪੂਰਵਕ ਵਿਚਾਰ ਆਉਣ ਵਾਲੇ ਪਾਠਾਂ ਵਿਚ ਪੇਸ਼ ਕੀਤੇ ਗਏ ਹਨ।

**1.6.3.2. ਰਸਮੀ ਸੰਗਠਨ ਦੀਆਂ ਵਿਸ਼ੇਸ਼ਤਾਵਾਂ** ਭਾਵੇਂ ਇਕ ਰਸਮੀ ਸੰਗਠਨ ਦੇ ਲੱਛਣ ਦੂਜੇ ਰਸਮੀ ਸੰਗਠਨ ਨਾਲੋਂ ਕੁਝ ਕੁ ਵੱਖਰੇ ਹੁੰਦੇ ਹਨ ਫਿਰ ਵੀ ਕੁਝ ਵਿਸ਼ੇਸ਼ਤਾਵਾਂ ਸਾਰੇ ਰਸਮੀ ਸੰਗਠਨ ਵਿਚ ਜ਼ਿਆਦਾਤਰ ਵਿਦਮਾਨ ਹੁੰਦੀਆਂ ਹਨ। ਇਹ ਵਿਸ਼ੇਸ਼ਤਾਵਾਂ ਨਿਮਨਲਿਖਿਤ ਹਨ :

(ੳ)ਕ੍ਰਿਆਵਾਂ ਦੀ ਸੰਰਚਨਾ ਸਪਸ਼ਟ ਰੂਪ ਵਿਚ ਦੱਸੀ ਹੁੰਦੀ ਹੈ :- ਕਿਸੇ ਵੀ ਸੰਗਠਨ ਵਿਚ ਕੰਮ ਕਰ ਰਹੇ ਵਿਅਕਤੀਆਂ ਦੇ ਆਪਸੀ ਰਸਮਾਂ ਸੰਬੰਧਾਂ ਨੂੰ ਸਪਸ਼ਟ ਤੌਰ ਤੇ ਇਕ ਚਾਰਟ ਰਾਹੀਂ ਦਰਸਾਇਆ ਜਾਂਦਾ ਹੈ। ਇਹ ਵੱਖ-ਵੱਖ ਅਹੁਦਿਆਂ ਦਰਮਿਆਨ ਸੱਤਾ ਤੇ ਜ਼ਿੰਮੇਵਾਰੀ ਦੇ ਸੰਬੰਧਾਂ ਨੂੰ ਦਰਸਾਉਂਦਾ ਹੈ ਭਾਵ ਕਿਸ ਵਿਅਕਤੀ ਨੇ ਕਿਸ ਨੂੰ ਰਿਪੋਰਟ ਕਰਨਾ ਹੈ ਅਤੇ ਕਿਹੜੇ ਕਾਰਜ ਕਰਨੇ ਹਨ। ਸਪਸ਼ਟ ਰੂਪ ਵਿਚ ਦੱਸਿਆ ਹੁੰਦਾ ਹੈ, ਯਾ ਇੰਜ ਕਹਿ ਲਵੋ ਕਿ ਇਹ ਸੰਗਠਨ ਦੀ ਯੋਗ ਪ੍ਰਣਾਲੀ ਦਰਸਾਉਂਦਾ ਹੈ। (ਯੋਗ ਪ੍ਰਣਾਲੀ ਭਾਵ The proper channel through which the files are to move through various levels.)

(ਅ)ਸੰਗਠਨਾਂ ਦੀ ਸਥਾਈ ਪ੍ਰਕ੍ਰਿਤੀ : -ਰਸਮੀ ਸੰਗਠਨਾਂ ਦੀ ਸਥਾਪਨਾ ਕਿਉਂਕਿ ਸੋਚ-ਵਿਚਾਰ ਕੇ ਕੀਤੀ ਜਾਂਦੀ ਹੈ ਇਸ ਕਾਰਨ ਜਿਆਦਾਤਰ ਉਹ ਚਿਰਸਥਾਈ ਹੁੰਦੇ ਹਨ। ਭਾਵੇਂ ਸਮੇਂ ਅਨੁਸਾਰ ਉਨ੍ਹਾਂ ਦੇ ਉਦੇਸ਼, ਢਾਂਚਾ ਅਤੇ ਸੱਦਸਾਂ ਵਿਚ ਤਬਦੀਲੀ ਆ ਜਾਂਦੀ ਹੈ। ਇਹ ਤਬਦੀਲੀ ਵਾਜਿਬ ਵੀ ਹੈ ਕਿਉਂ ਜੋ ਸੰਗਠਨ ਆਪਣੇ ਆਪ ਨੂੰ ਬਦਲਦੇ ਸਮੇਂ ਅਨੁਸਾਰ ਢਾਲਣ ਦੀ ਕੋਸ਼ਿਸ਼ ਨਹੀਂ ਕਰੇਗਾ ਤਾਂ ਉਹ ਬਹੁਤ ਦੇਰ ਤੱਕ ਹੋਂਦ ਵਿਚ ਨਹੀਂ ਰਹਿ ਸਕਦਾ।

(ੲ)ਸੰਗਠਨਾਤਮਕ ਵਿਕਾਸ :- ਰਸਮੀ ਸੰਗਠਨ ਵਧਦੀਆਂ ਜਰੂਰਤਾਂ ਦੀ ਪੂਰਤੀ ਲਈ ਵਿਸ਼ੇਸ਼ੀਕਰਨ ਰਾਹੀਂ ਅਤੇ ਕ੍ਰਿਆਵਾਂ ਦੇ ਨਵੇਂ ਵੱਖ-ਵੱਖ ਪੱਧਰ ਹੋਣ ਆ ਜਾਣ ਕਰਕੇ ਵਿਕਸਤ ਹੁੰਦੇ ਅਤੇ ਵਧੇਰੇ ਗੁੰਝਲਦਾਰ ਹੋ ਜਾਂਦੇ ਹਨ ਬਸ਼ਰਤੇ ਕਿ ਉਹ ਆਪਣੇ ਆਪ ਨੂੰ ਵਾਤਾਵਰਣ ਦੇ ਅਨੁਸਾਰ ਸਫ਼ਲਤਾ ਪੂਰਵਕ ਢਾਲ ਲੈਣ।

ਇਕ ਰਸਮੀ ਸੰਗਠਨ ਉਹ ਹੈ ਜਿਸ ਦੇ ਉਦੇਸ਼ ਸਪਸ਼ਟ ਰੂਪ ਵਿਚ ਉਲੀਕੇ ਗਏ ਹੋਣ ਤਾਂ ਜੋ ਉਸ ਵਿਚ ਕੰਮ ਕਰਨ ਵਾਲੇ ਵਿਅਕਤੀ ਉਹਨਾਂ ਨਾਲ ਚੰਗੀ ਤਰ੍ਹਾਂ ਜਾਣੂ ਹੋ ਸਕਣ ਅਤੇ ਉਹਨਾਂ ਦੀ ਪ੍ਰਾਪਤੀ ਲਈ ਆਪਣੀ ਯੋਗਤਾ ਅਤੇ ਸਮਰਥਾ ਦਾ ਯਥਾਉਚਿਤ ਪ੍ਰਯੋਗ ਕਰ ਸਕਣ। ਇਹਨਾਂ ਉਦੇਸ਼ਾਂ ਦੀ ਇਛਿਤ ਪ੍ਰਾਪਤੀ ਦੀ ਪ੍ਰਾਕ੍ਰਿਤੀ ਭਾਵ ਗੁਣ, ਮਾਤਰਾ, ਲਾਗਤ ਤੇ ਸਮੇਂ ਵਿਚ ਦਰਸਾਈ ਜਾਂਦੀ ਹੈ।

(ਸ)ਪੁਰਸਕਾਰ (**Rewards**) ਅਤੇ ਦੰਡ (**Sanction**) ਦੀ ਮਹੱਤਤਾ :- ਇਹ ਵਿੱਤੀ ਵੀ ਹੋ ਸਕਦੇ ਹਨ ਅਤੇ ਅਹੁਦੇ ਸੰਬੰਧੀ ਵੀ ਹੋ ਸਕਦੇ ਹਨ। ਜ਼ਿਆਦਾਤਰ ਵਿੱਤੀ ਪੁਰਸਕਾਰ ਜਾਂ ਦੰਡ ਸੰਗਠਨ ਦੇ ਸਦੱਸਾਂ ਨੂੰ ਕਾਰਜ ਕਰਨ ਪ੍ਰਤਿ ਪ੍ਰੇਰਿਤ ਕਰਦੇ ਹਨ।

(ਹ)ਸੰਗਠਨ ਦੇ ਸਦੱਸਾਂ ਤੋਂ ਉਚਿਤ ਵਿਵਹਾਰ ਦੀ ਆਸ ਕੀਤੀ ਜਾਂਦੀ ਹੈ ਇਸ ਸੰਬੰਧੀ ਨਿਸ਼ਚਿਤ ਨਿਯਮ ਅਤੇ ਵਿਨਿਯਮ ਬਣਾਏ ਜਾਂਦੇ ਹਨ ਜਿਨ੍ਹਾਂ ਦੀ ਹਰੇਕ ਨੂੰ ਪਾਲਣਾ ਕਰਨੀ ਲਾਜ਼ਮੀ ਹੁੰਦੀ ਹੈ। ਇਹਨਾਂ ਦੀ ਉਲੰਘਣਾ ਕਰਨ ਵਾਲੇ ਨਾਲ ਨਿਪਟਣ ਦੀ ਪ੍ਰਕ੍ਰਿਆ ਵੀ ਪੂਰਵ ਨਿਰਧਾਰਤ ਹੁੰਦੀ ਹੈ।

(ਕ)ਰਸਮੀ ਸੰਗਠਨ ਵਿਚ ਵਿਅਕਤੀ ਦੀ ਵਿਅਕਤੀਗਤ ਪ੍ਰਤਿਸ਼ਠਾ ਉਸ ਦੇ ਅਹੁਦੇ ਜਾਂ ਜ਼ਿੰਮੇਵਾਰੀਆਂ ਰਾਹੀਂ

ਨਿਰਧਾਰਿਤ ਕੀਤੀ ਜਾਂਦੀ ਹੈ। ਇਸ ਤਰ੍ਹਾਂ ਹੀ ਧਾਰਣ ਕੀਤੀ ਪਦਵੀ ਜਾਂ ਕਿਸੇ ਉੱਚ ਅਧਿਕਾਰੀ ਦੁਆਰਾ ਸੌਂਪੇ ਗਏ ਕਾਰਜ ਤੋਂ ਸੱਤਾ (authority) ਉਤਪੰਨ ਹੁੰਦੀ ਹੈ।

(ਖ)**ਸੰਚਾਰ ਪ੍ਰਣਾਲੀ** :– ਰਸਮੀ ਸੰਗਠਨ ਵਿਚ ਨਿਰਧਾਰਤ ਸੰਚਾਰ ਵਿਵਸਥਾ ਹੁੰਦੀ ਹੈ ਜਿਸ ਰਾਹੀਂ ਸੂਚਨਾ ਉਪਰੋਂ ਹੇਠਾਂ ਵੱਲ ਨੂੰ , ਜਿਆਦਾਤਰ ਆਦੇਸ਼, ਜਾਣਕਾਰੀ ਮੰਗਣ ਜਾਂ ਪ੍ਰਬੰਧਕੀ ਵਿਚਾਰਾਂ ਦੀ ਵਿਆਖਿਆ ਦੇ ਰੂਪ ਵਿਚ ਅਤੇ ਹੇਠੋਂ ਉੱਪਰ ਵਲ ਨੂੰ, ਨੀਤੀ ਮਾਮਲਿਆਂ ਸੰਬੰਧੀ ਪ੍ਰਸ਼ਨ, ਕਰਮਚਾਰੀਆਂ ਦੀ ਸ਼ਿਕਾਇਤਾਂ ਅਤੇ ਪ੍ਰਾਪਤੀਆਂ ਸੰਬੰਧੀ ਰਿਪੋਰਟਾਂ ਦੇ ਰੂਪ ਵਿਚ ਭੇਜੀ ਜਾਂਦੀ ਹੈ। ਇਸ ਤਰ੍ਹਾਂ ਹੀ ਸੰਗਠਨਾਂਤਮਕ ਇਕਾਈਆਂ ਵਿਚਕਾਰ ਖਿਤਿਜ (horizontal) ਤੇ ਇਕ ਪੱਖੀ ਸੰਚਾਰ ਮਾਨਕੀਕ੍ਰਿਤ ਪ੍ਰਕਿਰਿਆਵਾਂ ਰਾਹੀਂ ਸਥਾਪਿਤ ਕੀਤਾ ਗਿਆ ਹੈ।

### 1.6.3.3 ਰਸਮੀ ਸੰਗਠਨ ਦੀ ਮਹੱਤਤਾ

ਹੁਣ ਤਕ ਪੇਸ਼ ਕੀਤੇ ਗਏ ਵਿਚਾਰਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਕ ਵਿਅਕਤੀ ਅਜਿਹੇ ਕਾਰਜ ਜਿਹੜੇ ਉਹ ਇਕੱਲਾ ਨਹੀਂ ਕਰ ਸਕਦਾ ਪਰ ਕਰਨੇ ਆਵੱਸ਼ਕ ਹੁੰਦੇ ਹਨ, ਨੂੰ ਕਰਨ ਲਈ ਸੰਗਠਨ ਦਾ ਨਿਰਮਾਣ ਕਰਦਾ ਹੈ। ਅਜੋਕੇ ਸਮੇਂ ਰਸਮੀ ਸੰਗਠਨ ਦੀ ਸਥਾਪਨਾ ਦੀ ਲੋੜ ਇਸ ਕਾਰਨ ਹੈ ਕਿਉਂਕਿ ਹਰ ਮਨੁੱਖ ਹਰ ਖੇਤਰ ਵਿਚ ਮਹਾਰਤ ਹਾਸਿਲ ਨਹੀਂ ਕਰ ਸਕਦਾ। ਭਾਵੇਂ ਉਸ ਦੀਆਂ ਜ਼ਰੂਰਤਾਂ ਕਈ ਤਰ੍ਹਾਂ ਦੀਆਂ ਹੁੰਦੀਆਂ ਹਨ। ਪਰ ਸਾਰੀਆਂ ਆਪਣੇ ਆਪ ਥੋੜ੍ਹੇ ਜਿਹੇ ਸਮੇਂ ਵਿਚ ਉਚਿਤ ਢੰਗ ਨਾਲ ਪੂਰੀਆਂ ਕਰਨ ਤੇ ਅਸਮਰਥ ਹੈ ਕਿਉਂਕਿ ਹਰੇਕ ਕਾਰਜ ਨੂੰ ਕਰਨ ਲਈ ਵਿਸ਼ੇਸ ਗਿਆਨ ਅਤੇ ਯੋਗਤਾ ਦੀ ਜ਼ਰੂਰਤ ਹੁੰਦੀ ਹੈ। ਇਸ ਲਈ ਵੱਖ-ਵੱਖ ਅਤੇ ਗੁੰਝਲਦਾਰ ਕ੍ਰਿਆਵਾਂ ਨੂੰ ਵੱਖ-ਵੱਖ ਵਿਸ਼ੇਸ਼ਗਾਂ ਨੂੰ ਕਰਨ ਲਈ ਸੌਂਪ ਦਿੱਤਾ ਜਾਂਦਾ ਹੈ। ਅਜਿਹਾ ਰਸਮੀ ਸੰਗਠਨ ਰਾਹੀਂ ਹੀ ਸੰਭਵ ਹੈ ਹਰੇਕ ਵਿਅਕਤੀ ਦੀ ਯੋਗਤਾ ਅਤੇ ਸਮਰਥਾ ਦੂਜੇ ਵਿਅਕਤੀਆਂ ਨਾਲੋਂ ਭਿੰਨ ਹੁੰਦੀ ਹੈ। ਭਿੰਨ-ਭਿੰਨ ਪ੍ਰਤਿਭਾਵਾਂ (Talents) ਨੂੰ ਇਕ ਸਹਿਕਾਰੀ ਕ੍ਰਿਆ ਵਿਚ ਸੰਯੋਜਿਤ ਕਰ ਕੇ ਰਸਮੀ ਸੰਗਠਨ ਸਾਰਿਆਂ ਦੀ ਯੋਗਤਾਵਾਂ ਨੂੰ ਵਧਾਉਣ ਲਈ ਸਹਾਈ ਹੁੰਦਾ ਹੈ।

ਰਸਮੀ ਸੰਗਠਨ ਭਿੰਨ-ਭਿੰਨ ਪ੍ਰਤਿਭਾਵਾਂ ਅਤੇ ਯੋਗਤਾਵਾਂ ਨੂੰ ਇਕ ਦੂਜੇ ਦਾ ਪੂਰਕ ਬਣਨ ਦਾ ਮੌਕਾ ਹੀ ਨਹੀਂ ਦਿੰਦਾ ਬਲਕਿ ਨਿਸ਼ਚਿਤ ਸਮੇਂ ਵਿਚ ਉਦੇਸ਼ਾਂ ਦੀ ਪ੍ਰਾਪਤੀ ਲਈ ਸ਼ਕਤੀ ਵ੍ਰਿਧੀ ਵਿਚ ਵੀ ਸਹਾਈ ਹੁੰਦਾ ਹੈ। ਰਸਮੀ ਸੰਗਠਨ ਰਾਹੀਂ ਬਹੁਤ ਸਾਰੇ ਵਿਅਕਤੀ ਮਿਲ ਕੇ ਕੰਮ ਕਰਦੇ ਹਨ ਤਾਂ ਨਿਸ਼ਚਿਤ ਸਮੇਂ ਵਿਚ ਉਹ ਲਖਸ਼ ਪ੍ਰਾਪਤ ਕਰ ਲੈਂਦੇ ਹਨ ਜਿਹੜਾ ਥੋੜ੍ਹੀ ਗਿਣਤੀ ਨਾਲ ਸੰਭਵ ਨਹੀਂ ਸੀ।

### 1.6.3.4. ਗ਼ੈਰ-ਰਸਮੀ ਸੰਗਠਨ ਦਾ ਅਰਥ

ਗ਼ੈਰ-ਰਸਮੀ ਸੰਗਠਨ ਤੋਂ ਭਾਵ ਕਿਸੇ ਸੰਗਠਨ ਵਿਚ ਕੰਮ ਕਰ ਰਹੇ ਵਿਅਕਤੀਆਂ ਦੇ ਆਪਸੀ ਸੰਬੰਧ ਤੋਂ ਹੈ। ਇਹ ਸੰਬੰਧ ਵਿਅਕਤੀਗਤ ਪ੍ਰਵਿਰਤੀਆਂ,ਰੁਚੀਆਂ, ਅਰੁੱਚੀਆਂ, ਭਾਵਨਾਵਾਂ ਤੇ ਪੱਖਪਾਤਾਂ 'ਤੇ ਆਧਾਰਿਤ ਹੁੰਦੇ ਹਨ। ਦੂਜੇ ਸ਼ਬਦਾਂ ਵਿਚ, ਇਹ ਸੰਬੰਧ ਰਸਮੀ ਸੰਗਠਨਾਤਮਕ ਢਾਂਚੇ ਦੇ ਨਿਯਮ, ਅਧਿਨਿਯਮ, ਕਾਰਜਵਿਧੀਆਂ ਆਦਿ ਮੁਤਾਬਿਕ ਨਹੀਂ ਪਨਪਦੇ ਬਲਕਿ ਸੁਭਾਵਿਕ ਅਤੇ ਕੁਦਰਤੀ ਹੁੰਦੇ ਹਨ।

ਗ਼ੈਰ-ਰਸਮੀ ਸੰਗਠਨ ਰਸਮੀ ਸੰਗਠਨ ਵਿਚ ਆਪਣੇ ਆਪ ਦੀ ਹੋਂਦ ਵਿਚ ਆ ਜਾਂਦਾ ਹੈ। ਇਹ ਰਸਮੀ ਸੰਗਠਨ ਬਿਨਾਂ ਵਿਦਮਾਨ ਨਹੀਂ ਹੋ ਸਕਦਾ। ਇਸ ਲਈ ਇਸ ਨੂੰ ਅਜਿਹਾ ਖਾਕਾ ਕਿਹਾ ਜਾਂਦਾ ਹੈ ਜਿਹੜਾ ਰਸਮੀ ਸੰਗਠਨ ਦੇ ਸਾਹਵੇਂ ਦਿਸਦਾ ਹੈ। ਜੇਕਰ ਗ਼ੈਰ ਰਸਮੀ ਸਮੂਹਾਂ ਨਾਲ ਉਚਿਤ ਢੰਗ ਨਾਲ ਨਿਭਾਇਆ ਜਾਵੇ ਤਾਂ ਸੰਗਠਨ ਦੇ ਰਸਮੀ ਕਾਰਜਾਂ ਨਾਲ ਸਦੱਸਾਂ ਨੂੰ ਨਿਪੁੰਨਤਾ ਅਤੇ ਪ੍ਰਭਾਵਸ਼ੀਲਤਾ ਨਾਲ ਜਾਣੂ ਕਰਵਾਇਆ ਜਾ ਸਕਦਾ ਹੈ।

### 1.6.3.5 ਗ਼ੈਰ-ਰਸਮੀ ਸੰਗਠਨ ਦੀਆਂ ਵਿਸ਼ੇਸ਼ਤਾਵਾਂ

ਭਾਵੇਂ ਕਿਸੇ ਵੀ ਸੰਗਠਨ ਵਿਚ ਕੰਮ ਕਰ ਰਹੇ ਵਿਅਕਤੀਆਂ ਦੇ ਆਪਸੀ ਸੰਬੰਧਾਂ ਦਾ ਸਪਸ਼ਟ ਸ਼ਬਦਾਂ ਵਿਚ ਉਲੇਖ ਕਰਨਾ ਕਾਫ਼ੀ ਕਠਿਨ ਹੈ, ਫਿਰ ਵੀ ਅਜਿਹੇ ਕਾਰਨਾਂ, ਜੋ ਰਸਮੀ ਸੰਗਠਨ ਦੇ ਸਦੱਸਾਂ ਦੀ ਸਮਾਜਿਕ ਪ੍ਰਵਿਰਤੀਆਂ ਵਿਚ ਪ੍ਰਵੇਸ਼ ਕਰਕੇ ਅੰਤ ਵਿਚ ਗ਼ੈਰਰਸਮੀ ਸਮੂਹਾਂ ਦਾ ਨਿਰਮਾਣ ਕਰਦੇ ਹਨ, ਨੂੰ ਸਮਝਣਾ ਆਵੱਸ਼ਕ ਹੈ :

1. ਗ਼ੈਰ-ਰਸਮੀ ਸੰਗਠਨ ਰਸਮੀ ਸੰਗਠਨ ਦੇ ਸਦੱਸਾਂ ਦੀ ਅੰਤਰਕ੍ਰਿਆਵਾਂ ਦੇ ਫਲਸਰੂਪ ਆਪਣੇ ਆਪ

ਹੀ ਹੋਂਦ ਵਿਚ ਆ ਜਾਂਦੇ ਹਨ। ਇਹਨਾਂ ਦੀ ਹੋਂਦ ਇਸ ਲਈ ਮਹੱਤਵਪੂਰਣ ਹੈ ਕਿਉਂਕਿ ਇਹ ਸੰਗਠਨ ਦੇ ਸਦੱਸਾਂ ਦੀ ਆਪਸੀ ਮਿਲਵਰਤਣ ਦੀ ਮੁੱਢਲੀ ਜ਼ਰੂਰਤ ਨੂੰ ਪੂਰਾ ਕਰਦੇ ਹਨ।

2. ਸਮਾਜ ਦੇ ਕਾਨੂੰਨ, ਵਿਧੀਆਂ ਨਿਯਮਾਂ ਆਦਿ ਦੀ ਤਰ੍ਹਾਂ ਹੀ ਗ਼ੈਰ–ਰਸਮੀ ਸੰਗਠਨ ਕੁਝ ਅਜਿਹੇ ਆਦਰਸ਼ ਵਿਕਸਿਤ ਕਰਦੇ ਹਨ ਜਿਨ੍ਹਾਂ ਦੀ ਪਾਲਣਾ ਇਸ ਦੇ ਸਦੱਸਾਂ ਦੁਆਰਾ ਕੀਤੀ ਜਾਂਦੀ ਹੈ। ਇਹ ਜਿਆਦਾਤਰ ਲਿਖਿਤ ਨਹੀਂ ਹੁੰਦੇ ਬਲਕਿ ਮੌਖਿਕ ਤੌਰ ਤੇ ਪ੍ਰਗਟਾਏ ਜਾਂਦੇ ਹਨ। ਜੇ ਕੋਈ ਇਨਾਂ ਦੀ ਉਲੰਘਣਾ ਕਰੇ ਤਾਂ ਸਮਾਜਿਕ ਦਬਾਓ, ਦੰਡ ਆਦਿ ਰਾਹੀਂ ਵੀ ਇਨ੍ਹਾਂ ਨੂੰ ਲਾਗੂ ਕੀਤਾ ਜਾਂਦਾ ਹੈ।

3. ਲਗਭਗ ਹਰੇਕ ਗ਼ੈਰ–ਰਸਮੀ ਸਮੂਹ ਕੁਝ ਅਜਿਹੇ ਮਾਨਕ ਜਾਂ ਆਧਾਰ ਬਣਾ ਲੈਂਦਾ ਹੈ ਜੋ ਇਸ ਦੇ ਸਦੱਸਾਂ ਨੂੰ ਮੈਨੇਜਮੈਂਟ ਤੋਂ ਸੁਰੱਖਿਆ ਪ੍ਰਦਾਨ ਕਰਦੇ ਹਨ। ਵੱਖ–ਵੱਖ ਅਧਿਐਨ ਦਰਸਾਉਂਦੇ ਹਨ ਕਿ ਇਹ ਆਧਾਰ ਸਕਾਰਤਮਿਕ ਵੀ ਹੋ ਸਕਦੇ ਹਨ। ਭਾਵ ਉੱਚੀ ਤੇ ਉੱਚ ਕੋਟਿ ਦੀ ਉਤਪਾਦਕਤਾ ਵੱਲ ਲਿਜਾਉਣ ਵਾਲੇ, ਸਮੱਸਿਆਵਾਂ ਉਤਪੰਨ ਕਰਨ ਵਾਲੇ ਵਿਅਕਤੀਆਂ ਨੂੰ ਆਪਣੇ ਨਿਯੰਤਰਨ ਵਿਚ ਕਰਕੇ ਪ੍ਰਬੰਧਕਾਂ ਲਈ ਅਨੁਸ਼ਾਸਨ ਬਣਾਏ ਰੱਖਣ ਵਿਚ ਆਸਾਨੀ ਹੋਣੀ ਆਦਿ। ਪਰ ਆਮ ਤੌਰ ਤੇ ਇਹ ਸਮੂਹ ਪ੍ਰਬੰਧਕਾਂ ਉੱਪਰ ਦਬਾਓ ਪਾਉਣ ਵਾਲੇ ਅਤੇ ਆਪਣੀਆਂ ਹਰ ਤਰ੍ਹਾਂ ਦੀਆਂ ਮੰਗਾਂ ਮਨਵਾਉਣ ਵਾਲੇ ਦੇ ਰੂਪ ਵਿਚ ਵੇਖਣ ਨੂੰ ਮਿਲਦੇ ਹਨ।

4. ਸਮੂਹ ਦੇ ਸਦੱਸਾਂ ਦੁਆਰਾ ਅਜਿਹੇ ਮਾਨਕ ਜਾਂ ਆਦਰਸ਼ ਆਮ ਤੌਰ 'ਤੇ ਸਵੀਕਾਰ ਕੀਤੇ ਜਾਂਦੇ ਹਨ ਅਤੇ ਇਹਨਾਂ ਦੀ ਪਾਲਣਾ ਸਵੈ–ਇੱਛਾ ਨਾਲ ਕੀਤੀ ਜਾਂਦੀ ਹੈ ਕਿਉਂਕਿ ਸਦੱਸਾਂ ਦੇ ਮਨ ਵਿਚ ਦੂਜਿਆਂ ਦੁਆਰਾ ਸਵੀਕਾਰੇ ਜਾਣ ਦੀ ਪ੍ਰਬਲ ਇੱਛਾ ਹੁੰਦੀ ਹੈ। ਜਦੋਂ ਕੋਈ ਵਿਅਕਤੀ ਕਿਸੇ ਮਾਨਕ ਨਾਲ ਸਹਿਮਤ ਨਹੀਂ ਵੀ ਹੁੰਦਾ ਤਾਂ ਵੀ ਉਸ ਨੂੰ ਉਸ ਮਾਨਕ ਅਨੁਸਾਰ ਚਲਣਾ ਪੈਂਦਾ ਹੈ ਕਿਉਂਕਿ ਉਹ ਹੋਰ ਸਦੱਸਾਂ ਦੁਆਰਾ ਸਤਿਕਾਰਿਆ ਜਾਣਾ ਚਾਹੁੰਦਾ ਹੈ।

5. ਗ਼ੈਰ–ਰਸਮੀ ਸਮੂਹ ਦੇ ਮਾਨਕਾਂ ਨੂੰ ਨਾ ਮੰਨਣ ਵਾਲੇ ਨੂੰ ਸਮੂਹ ਵਿਚੋਂ ਕੱਢ ਦਿੱਤਾ ਜਾਂਦਾ ਹੈ, ਉਸ ਨਾਲ ਕਿਸੇ ਵੀ ਤਰ੍ਹਾਂ ਦੀ ਵਰਤੋਂ ਵਿਹਾਰ ਬੰਦ ਕਰ ਦਿੱਤਾ ਜਾਂਦਾ ਹੈ। ਜੇ ਪ੍ਰਭਾਵਿਤ ਵਿਅਕਤੀ ਕੋਲ ਆਪਣੀ ਆਤਮਿਕ ਤੇ ਸਮਾਜਿਕ ਸੰਤੁਸ਼ਟੀ ਦੇ ਹੋਰ ਸਰੋਤ ਮੌਜੂਦ ਹੋਣ ਤਾਂ ਉਹਨ ਇਹਨਾਂ ਦੀ ਪਰਵਾਹ ਨਹੀਂ ਕਰਦਾ ਅਤੇ ਇਹਨਾਂ ਦਾ ਪ੍ਰਭਾਵ ਘੱਟ ਜਾਂਦਾ ਹੈ।

ਅਜਿਹੇ ਸਮੂਹਾਂ ਦੇ ਸਦੱਸਾਂ ਵਿਚੋਂ ਉਸ ਵਿਅਕਤੀ ਨੂੰ ਆਗੂ ਮੰਨ ਲਿਆ ਜਾਂਦਾ ਹੈ ਜਿਹੜਾ ਦੂਜਿਆ ਨੂੰ ਪ੍ਰਭਾਵਿਤ ਕਰਨ ਦੀ ਸਮਰਥਾ, ਅਨੁਭਵ ਅਤੇ ਯੋਗਤਾ ਰੱਖਦਾ ਹੋਵੇ, ਸਦੱਸਾਂ ਦੀਆਂ ਜ਼ਰੂਰਤਾਂ ਨਾਲ ਚੰਗੀ ਤਰ੍ਹਾਂ ਜਾਣੂ ਹੋਵੇ ਅਤੇ ਮੈਨੇਜਮੈਂਟ ਦੁਆਰਾ ਇਹਨਾਂ ਦੀ ਪੂਰਤੀ ਦੇ ਉਚਿਤ ਤਰੀਕੇ ਉਲੀਕ ਸਕੇ। ਕਿਉਂਕਿ ਗ਼ੈਰ–ਰਸਮੀ ਸੰਗਠਨ ਦਾ ਆਗੂ ਗ਼ੈਰ–ਰਸਮੀ ਢੰਗ ਨਾਲ ਨਿਯੁਕਤ ਕੀਤਾ ਜਾਂਦਾ ਹੈ। ਇਸ ਲਈ ਉਸ ਨੂੰ ਸਭ ਸਦੱਸਾਂ ਨਾਲ ਚੰਗੇ ਸੰਬੰਧ ਬਣਾ ਕੇ ਰੱਖਣੇ ਪੈਂਦੇ ਹਨ ਨਹੀਂ ਤਾਂ ਸਦੱਸ ਉਸ ਦੀਆਂ ਗੱਲਾਂ ਨੂੰ ਸਵੀਕਾਰ ਕਰ ਕੇ ਤੇ ਉਸ ਦੀ ਪੈਰਵੀ ਨਾ ਕਰਕੇ ਹੀ ਉਸ ਨੂੰ ਆਗੂ ਪੁਣੇ ਦੀ ਪਦਵੀ ਤੋਂ ਲਾਹ ਦਿੰਦੇ ਹਨ।

ਗ਼ੈਰ–ਰਸਮੀ ਸੰਗਠਨ ਦੀ ਇਕ ਮੁੱਖ ਵਿਸ਼ੇਸ਼ਤਾ ਹੈ ਕਿ ਇਸ ਤਹਿਤ ਪਦਵੀ ਵਿਵਸਥਾ ਇਸ ਦੇ ਸਦੱਸਾਂ ਦੀ ਇਕ ਦੂਜੇ ਪ੍ਰਤੀ ਭਾਵਨਾਵਾਂ ਤੇ ਆਧਾਰਿਤ ਹੁੰਦੀ ਹੈ। ਇਹ ਪਦ, ਪੁਰਸਕਾਰ, ਉਦੇਸ਼ ਅਤੇ ਸੰਤੁਸ਼ਟੀ ਪ੍ਰਦਾਨ ਕਰਕੇ ਸੰਗਠਨ ਦੇ ਕਾਰਜਾਂ ਨੂੰ ਆਸਾਨ ਬਣਾ ਦਿੰਦੀ ਹੈ।

### 1.6.3.6.ਗ਼ੈਰ–ਰਸਮੀ ਸੰਗਠਨ ਦੀ ਮਹੱਤਤਾ

ਰਸਮੀ ਸੰਗਠਨ ਮਨੁੱਖ ਦੀਆਂ ਸਾਂਝੀਆਂ ਜ਼ਰੂਰਤਾਂ ਪੂਰੀਆਂ ਕਰਨ ਵਿਚ ਸਹਾਈ ਹੁੰਦੇ ਹਨ ਪਰ ਕੁਝ ਅਜਿਹੀਆਂ ਮਨੁੱਖੀ ਜਰੂਰਤਾ ਵੀ ਹੁੰਦੀਆਂ ਹਨ ਜਿਨ੍ਹਾਂ ਨੂੰ ਸਪਸ਼ਟ ਰੂਪ ਵਿਚ ਉਲੀਕਿਆ ਨਹੀਂ ਜਾ ਸਕਦਾ ਪਰ ਜਿਨ੍ਹਾਂ ਦੀ ਪੂਰਤੀ ਵਿਅਕਤੀ ਲਈ ਅਤਿ ਆਵੱਸ਼ਕ ਹੈ, ਅਜਿਹੀਆਂ ਜ਼ਰੂਰਤਾਂ ਗ਼ੈਰ–ਰਸ਼ਮੀ ਸੰਗਠਨ ਪੂਰਨ ਕਰਨ ਦਾ ਮੌਕਾ ਪ੍ਰਦਾਨ ਕਰਦੇ ਹਨ।

ਮਨੁੱਖ ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਕੁਝ ਸਮਾਜਿਕ ਜ਼ਰੂਰਤਾਂ ਰੱਖਦਾ ਹੈ ਜਿਵੇਂ ਦੂਜਿਆਂ ਨਾਲ ਗ਼ੈਰ–ਰਸਮੀ ਸੰਬੰਧ ਸਥਾਪਿਤ ਕਰਨੇ, ਉਹਨਾਂ ਨਾਲ ਮਿਲਵਰਤਣਾ, ਆਪਣੇ ਸੁਖ–ਦੁਖ ਵੰਡਣੇ, ਤੀਜਾਂ–ਤਿਉਹਾਰਾਂ ਨੂੰ ਮਿਲ ਕੇ ਮਨਾਉਣਾ,

ਸਮਾਜ ਵਿਚ ਆਪਣੀ ਪਹਿਚਾਣ ਬਣਾਉਣੀ ਆਦਿ। ਇਹ ਸਭ ਲੋੜਾਂ ਕੇਵਲ ਗ਼ੈਰ-ਰਸਮੀ ਸੰਬੰਧ ਸਥਾਪਿਤ ਕਰ ਕੇ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ। ਸਵੀਕ੍ਰਿਤ ਵਿਵਹਾਰ ਬਾਰੇ ਗਿਆਨ ਪ੍ਰਾਪਤ ਕਰਨ ਲਈ ਵੀ ਉਹ ਆਪਣੇ ਸਹਿਯੋਗੀਆਂ ਦੀ ਸਲਾਹ ਤੇ ਨਿਰਭਰ ਕਰਦਾ ਹੈ।

ਰਸਮੀ ਸੰਗਠਨ ਤਹਿਤ ਹਰੇਕ ਸਦੱਸ ਦਾ ਕਾਰਜ ਸਪਸ਼ਟ ਦਰਸਾਇਆ ਗਿਆ ਹੁੰਦਾ ਹੈ। ਗ਼ੈਰ-ਰਸਮੀ ਸੰਬੰਧਾਂ ਰਾਹੀਂ ਇਕ ਹੇਠਲੇ ਪੱਧਰ ਤੇ ਕੰਮ ਕਰ ਰਿਹਾ ਵਿਅਕਤੀ ਆਪਣੇ ਉੱਚ ਅਧਿਕਾਰੀ ਤੋਂ ਕੰਮ ਸੰਬੰਧੀ ਖੁਲ੍ਹ ਕੇ ਸਲਾਹ ਮਸ਼ਵਰਾ ਕਰ ਸਕਦਾ ਹੈ। ਇਸ ਤਰ੍ਹਾਂ ਇਹ ਵਿਅਕਤੀ ਨੂੰ ਯਥਾਉਚਿਤ ਰੂਪ ਵਿਚ ਉਦੇਸ਼ਾਂ ਦੀ ਪੂਰਤੀ ਕਰਨ ਵਿਚ ਸਹਾਈ ਹੁੰਦਾ ਹੈ।

ਕਿਸੇ ਵੀ ਸੰਗਠਨ ਵਿਚ ਸੂਚਨਾਵਾਂ ਅਤੇ ਖ਼ਬਰਾਂ ਗ਼ੈਰ-ਰਸਮੀ ਸੰਚਾਰ ਦੇ ਤਰੀਕਿਆਂ ਰਾਹੀਂ ਸਭ ਤਕ ਛੇਤੀ ਪਹੁੰਚ ਜਾਂਦੀਆਂ ਹਨ। ਇਸ ਤਰ੍ਹਾਂ ਇਹ ਸਮੂਹ ਦਾ ਤੰਤਰ (Systems) ਤੇ ਪ੍ਰਣਾਲੀਆਂ (Channel) ਵਿਕਸਤ ਕਰਦੇ ਹਨ।

ਇਸ ਰਾਹੀਂ ਵਿਅਕਤੀ ਆਪਣੇ ਕੰਮ ਤੋਂ ਪੈਦਾ ਹੋਣ ਵਾਲੇ ਤਣਾਉ ਤੇ ਨਿਰਾਸ਼ਤਾ ਦਾ ਇਜ਼ਹਾਰ ਕਰ ਸਕਦਾ ਹੈ ਤੇ ਦੂਜਿਆਂ ਦੀ ਹਮਦਰਦੀ ਹਾਸਿਲ ਕਰਦਾ ਹੈ। ਆਪਣੇ-ਆਪਣੇ ਅਨੁਭਵਾਂ ਰਾਹੀਂ ਸਾਰੇ ਸਦੱਸ ਇਕ ਦੂਜੇ ਦੀਆਂ ਵੱਖ-ਵੱਖ ਸਮੱਸਿਆਵਾਂ ਨਾਲ ਨਜਿੱਠਣ ਦਾ ਯਤਨ ਕਰਦੇ ਹਨ। ਇਸ ਤਰ੍ਹਾਂ ਮਨੁੱਖ ਆਪਣੇ ਆਪ ਨੂੰ ਇਕੱਲਾ ਮਹਿਸੂਸ ਨਹੀ ਕਰਦਾ ਅਤੇ ਉਸ ਦਾ ਆਤਮ ਵਿਸ਼ਵ;ਸ ਵਧਦਾ ਹੈ ਜਿਸ ਨਾਲ ਉਸ ਦੀ ਯੋਗਤਾ ਵਿਚ ਇਜ਼ਾਫਾ ਹੁੰਦਾ ਹੈ ਅਤੇ ਉਹ ਪੂਰੀ ਲਗਨ ਨਾਲ ਆਪਣਾ ਕਾਰਜ ਨੇਪਰੇ ਚੜ੍ਹਾਉਣ ਲਈ ਜੁਟ ਜਾਂਦਾ ਹੈ।

### 1.6.4. ਰਸਮੀ ਅਤੇ ਗ਼ੈਰ-ਰਸਮੀ ਸੰਗਠਨ ਵਿਚ ਅੰਤਰ

ਰਸਮੀ ਅਤੇ ਗ਼ੈਰ-ਰਸਮੀ ਸੰਗਠਨ ਦੇ ਅਰਥ, ਵਿਸ਼ੇਸ਼ਤਾਈਆਂ ਅਤੇ ਮਹੱਤਤਾ ਜਾਣ ਲੈਣ ਤੋਂ ਉਪਰੰਤ ਦੋਹਾਂ ਵਿਚਕਾਰ ਅੰਤਰ ਨੂੰ ਵਿਚਾਰਿਆ ਜਾ ਸਕਦਾ ਹੈ।

(1) ਰਸਮੀ ਸੰਗਠਨ ਸੋਚ ਵਿਚਾਰ ਕੇ ਉਲੀਕੇ ਗਏ ਉਦੇਸ਼ਾਂ, ਕ੍ਰਿਆਵਾਂ, ਢਾਂਚੇ ਅਤੇ ਸੰਬੰਧਾਂ ਰਾਹੀਂ ਸਥਾਪਿਤ ਕੀਤਾ ਜਾਂਦਾ ਹੈ। ਗ਼ੈਰ-ਰਸਮੀ ਸੰਗਠਨ ਕੁਦਰਤੀ ਤੇ ਆਪ ਮੁਹਾਰੀ ਪ੍ਰਣਾਲੀ ਹੈ ਜੋ ਲੋਕਾਂ ਦੇ ਆਪਸੀ ਸਹਿਯੋਗ ਕਰਨ ਦੀ ਪ੍ਰਵਿਰਤੀ ਤੋਂ ਉਤਪੰਨ ਹੁੰਦੀ ਹੈ।

(2) ਰਸਮੀ ਸੰਗਠਨ ਤਹਤਿ ਸਾਰੇ ਸਦੱਸ ਇਕੋ ਸਮੂਹ ਨਾਲ ਸੰਬੰਧਿਤ ਹੁੰਦੇ ਹਨ ਜਦੋਂ ਗ਼ੈਰ-ਰਸਮੀ ਤੌਰ ਤੇ ਉਹੀ ਸਦੱਸ ਆਪਣੀਆਂ ਨਿੱਜੀ ਇੱਛਾਵਾਂ ਅਤੇ ਜ਼ਰੂਰਤਾਂ ਅਨੁਸਾਰ ਕਈ ਸਮੂਹ ਵਿਚ ਵੰਡੇ ਹੋ ਸਕਦੇ ਹਨ। ਕ੍ਰਿਆਵਾਂ ਸੰਗਠਨ ਦੇ ਉਦੇਸ਼ਾਂ ਅਤੇ ਟੀਚਿਆਂ ਨੂੰ ਮੁੱਖ ਰੱਖ ਕੇ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ ਜਦੋਂ ਕਿ ਗ਼ੈਰ-ਰਸਮੀ ਸੰਗਠਨ ਦੀਆਂ ਕੋਈ ਨਿਸ਼ਚਿਤ ਕ੍ਰਿਆਵਾਂ ਨਹੀਂ ਹੁੰਦੀਆਂ ਅਤੇ ਇਹ ਸਮੇਂ ਦੇ ਨਾਲ-ਨਾਲ ਛੇਤੀ ਹੀ ਬਦਲ ਜਾਂਦੀਆਂ ਹਨ। ਰਸਮੀ ਸੰਗਠਨ ਵਿਚ ਅਹੁਦਿਆਂ ਦੀ ਵੰਡ ਸਦੱਸਾਂ ਦੀ ਮਰਜੀ ਮੁਤਾਬਿਕ ਨਾ ਹੋ ਕੇ ਪ੍ਰਬੰਧਕੀ ਨਿਰਣਿਆਂ ਤੇ ਆਧਾਰਿਤ ਹੁੰਦੀ ਹੈ ਜਦੋਂ ਕਿ ਗ਼ੈਰ-ਰਸਮੀ ਸੰਗਠਨ ਵਿਚ ਲਗਭਗ ਸਭ ਸਦੱਸ ਸਮਾਜ ਹੀ ਹੁੰਦੇ ਹਨ ਅਤੇ ਕਿਸੇ ਇਕ ਨੂੰ ਉਸ ਦੀ ਕਾਬਲੀਅਤ ਅਨੁਸਾਰ ਆਗੂ ਚੁਣ ਲਿਆ ਜਾਂਦਾ ਹੈ।

ਰਸਮੀ ਸੰਗਠਨ ਵਿਚ ਮੁੱਖ ਟੀਚੇ ਉਤਪਾਦਕਤਾ, ਨਿਪੁੰਨਤਾ, ਕਾਰਜ ਕੁਸ਼ਲਤਾ, ਵਾਧਾ ਮੁਨਾਫ਼ਾ ਆਦਿ ਤੇ ਆਧਾਰਿਤ ਹੁੰਦੇ ਹਨ ਜਦੋਂ ਕਿ ਗ਼ੈਰ-ਰਸਮੀ ਸੰਗਠਨ ਵਿਚ ਵਿਅਕਤੀ ਦੀ ਹੋਰਨਾਂ ਸਦੱਸਾਂ ਨਾਲ ਮਿੱਤਰਤਾ, ਸੰਤੁਸ਼ਟਤਾ, ਸਤਿਕਾਰ, ਪਿਆਰ, ਸਹਿਯੋਗ ਆਦਿ ਉੱਪਰ ਬਲ ਦਿੱਤਾ ਜਾਂਦਾ ਹੈ।

ਰਸਮੀ ਸੰਗਠਨ ਪੌੜੀ ਵਿਵਸਥਾ (hierarchy) ਦੇ ਸਿਧਾਂਤ ਤੇ ਆਧਾਰਿਤ ਹੁੰਦਾ ਹੈ। ਪ੍ਰਤੇਕ ਵਿਅਕਤੀ ਦਾ ਅਹੁਦਾ ਤੇ ਕਾਰਜ ਨਿਸ਼ਚਿਤ ਕੀਤੇ ਹਨ ਅਤੇ ਅਧਿਕਾਰੀ ਮਾਤਹਿਤ ਸੰਬੰਧਾਂ ਦਾ ਕਰੜਾਈ ਨਾਲ ਪਾਲਣ ਕੀਤਾ ਜਾਦਾ ਹੈ। ਨਿਯਮ, ਅਧਿਨਿਯਮ ਪੂਰਵ ਨਿਸ਼ਚਿਤ ਹੁੰਦੇ ਹਨ। ਕਿਸੇ ਵੀ ਕਾਰਜ ਸੰਬੰਧੀ ਪੁਰਸਕਾਰ ਤੇ ਦੰਡ ਪਹਿਲਾਂ ਹੀ ਨਿਸ਼ਚਿਤ ਕੀਤੇ ਗਏ ਹੁੰਦੇ ਹਨ। ਭਰਤੀ, ਸਿਖਲਾਈ, ਤਰੱਕੀ, ਨੌਕਰੀ ਆਦਿ ਅਵੱਸਥਾਵਾਂ ਆਦਿ ਸਪਸ਼ਟ ਰੂਪ ਵਿਚ ਨਿਰਧਾਰਿਤ ਹੁੰਦੀਆਂ ਹਨ ਅਤੇ ਇਨ੍ਹਾਂ ਨੂੰ ਕੋਈ ਵੀ ਵਿਅਕਤੀ ਆਪਣੀ ਮਰਜੀ ਅਨੁਸਾਰ ਬਦਲ ਨਹੀਂ ਸਕਦਾ।

ਪਰ ਗ਼ੈਰ-ਰਸਮੀ ਸੰਗਠਨ ਵਿਚ ਕਈ ਤਰ੍ਹਾ ਨਾਲ ਸਦੱਸ ਆਪਸ ਵਿਚ ਜੁੜ ਹੁੰਦੇ ਹਨ। ਸੰਚਾਰ ਪ੍ਰਣਾਲੀ ਬਹੁ-ਦਿਸ਼ਾ ਵੀ ਹੁੰਦੀ ਹੈ। ਆਦਰਸ਼ ਜਾਂ ਮਾਨਕ, ਸਾਰੇ ਸਦੱਸਾਂ ਦੀ ਆਪਸੀ ਸਹਿਮਤੀ ਤੇ ਆਧਾਰਿਤ ਹੁੰਦੇਹਨ ਅਤੇ ਕੀ

ਸਦੱਸ ਇਹਨਾਂ ਨਾਲ ਰਜਾਮੰਦ ਨਾ ਹੋਵੇ ਤਾਂ ਇਹ ਉਸ ਉੱਪਰ ਜਬਰਦਸਤੀ ਠੋਸੇ ਨਹੀਂ ਜਾ ਸਕਦੇ। ਭਾਵੇਂ ਇਹ ਕਿਸੇ ਵੀ ਸਦੱਸ ਨੂੰ ਪ੍ਰਭਾਵਿਤ ਕਰਨ ਵਿਚ ਸ਼ਕਤੀਸ਼ਾਲੀ ਹੁੰਦੇ ਹਨ ਪਰ ਜੇ ਉਸ ਕੋਲ ਅਜਿਹਾ ਵਸੀਲਾ ਹੋਵੇ ਕਿ ਉਹ ਇਹਨਾਂ ਤੋਂ ਅਲਹਿਦਾ ਰਹਿ ਕੇ ਵੀ ਸੰਤੁਸ਼ਟਤਾ ਹਾਸਿਲ ਕਰ ਸਕੇ ਤਾਂ ਉਸ ਸਥਿਤੀ ਵਿਚ ਇਹ ਪ੍ਰਭਾਵਹੀਣ ਹੋ ਜਾਂਦੇ ਹਨ।

### 1.6.5 ਸਿੱਟਾ

ਉਪਰੋਕਤ ਵੇਰਵੇ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਰਸਮੀ ਸੰਗਠਨ ਸੋਚ ਵਿਚਾਰ ਕੇ ਤੇ ਜਾਣ ਬੁਝ ਕੇ ਉਸਾਰਿਆ ਸੰਗਠਨ ਹੁੰਦਾ ਹੈ ਜਦੋਂ ਕਿ ਗ਼ੈਰ–ਰਸਮੀ ਸੰਗਠਨ ਨੂੰ ਉਸ ਦਾ ਪਰਛਾਵਾਂ ਮੰਨਿਆ ਜਾਂਦਾ ਹੈ ਭਾਵ ਜਿੱਥੇ ਵੀ ਰਸਮੀ ਸੰਗਠਨ ਸਥਾਪਿਤ ਕੀਤਾ ਜਾਂਦਾ ਹੈ ਉੱਥੇ ਗ਼ੈਰ–ਰਸਮੀ ਸੰਗਠਨ ਆਪ ਮੁਹਾਰੇ ਹੋਂਦ ਵਿਚ ਆ ਜਾਂਦਾ ਹੈ ਕਿਉਂ ਜੋ ਰਸਮੀ ਸੰਗਠਨ ਵਿਅਕਤੀਆਂ ਦੇ ਸਮੂਹਾਂ ਦੁਆਰਾ ਹੀ ਬਣਾਏ ਜਾਂਦੇ ਹਨ ਅਤੇ ਜਦੋਂ ਵੀ ਦੋ ਜਾਂ ਵਧੀਕ ਵਿਅਕਤੀ ਇਕੱਠੇ ਕੰਮ ਕਰਦੇ ਹਨ, ਇਹ ਕੁਦਰਤੀ ਹੈ ਕਿ ਉਹਨਾਂ ਵਿਚ ਇਕ ਦੂਸਰੇ ਨਾਲ ਗ਼ੈਰ (ਰਸਮੀ ਤੌਰ ਤੇ) ਸੰਬੰਧ ਸਥਾਪਿਤ ਕਰਨ ਦੀ ਤਾਂਘ ਪੈਦਾ ਹੋ ਜਾਂਦੀ ਹੈ ਤੇ ਨਤੀਜੇ ਵਜੋਂ ਗ਼ੈਰ–ਰਸਮੀ ਸੰਗਠਨ ਹੋਂਦ ਵਿਚ ਆ ਜਾਂਦਾ ਹੈ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਦੋਹਾਂ ਵਿਚ ਅੰਤਰ ਕਿਸਮ ਦਾ ਨਹੀਂ ਬਲਕਿ ਮਾਤਰਾ ਦਾ ਹੈ ਅਤੇ ਦੋਨੋ ਹੀ ਇਕ ਦੂਸਰੇ ਦੇ ਪੂਰਕ ਹਨ।

**ਸਵੈ-ਪਰਖ ਲਈ ਪ੍ਰਸ਼ਨ :**

1. ਰਸਮੀ ਅਤੇ ਗ਼ੈਰ–ਰਸਮੀ ਸੰਗਠਨ ਦੀਆਂ ਵਿਸ਼ੇਸ਼ਤਾਵਾਂ ਲਿਖੋ?
2. ਛੋਟੇ ਪ੍ਰਸ਼ਨ

(1) ਸੰਗਠਨ ਦੀਆਂ ਦੋਵਾਂ ਕਿਸਮਾਂ ਵਿਚੋਂ ਕਿਹੜੀ ਕਿਸਮ ਵਧੇਰੇ ਉੱਚਿਤ ਹੈ ਅਤੇ ਕਿਉਂ?

(2) ਰਸਮੀ ਸੰਗਠਨ ਸੋਚ ਵਿਚਾਰ ਕੇ ਤੇ ਜਾਣ ਬੁਝ ਕੇ ਉਸਾਰਿਆ ਸੰਗਠਨ ਹੁੰਦਾ ਹੈ ਜਦ ਕੇ ਗ਼ੈਰ–ਰਸਮੀ ਸੰਗਠਨ ਉਸ ਦਾ ਪ੍ਰਛਾਵਾਂ ਮੰਨਿਆ ਜਾਂਦਾ ਹੈ।

### 1.6.6 ਸੁਝਾਈਆਂ ਪੁਸਤਕਾਂ

(1) ਸਚਦੇਵਾ ਅਤੇ ਦੂਆ : ਲੋਕ ਪ੍ਰਸ਼ਾਸਨ

(2) ਏ. ਐਸ. ਢਿਲੋ : ਲੋਕ ਪ੍ਰਸ਼ਾਸਨ

(3) ਸਾਹਿਬ ਸਿੰਘ ਸਵਿੰਦਰ ਸਿੰਘ – ਲੋਕ ਪ੍ਰਸ਼ਾਸਨ ਸਿਧਾਂਤ ਅਤੇ ਵਿਵਹਾਰ

(4) ਹਰਬੀਰ ਸਿੰਘ ਲੋਕ ਪ੍ਰਸ਼ਾਸਨ

### 1.6.7 ਸਵੈ ਪਰਖ ਅਭਿਆਸ ਪ੍ਰਸ਼ਨਾਵਲੀ ਦੇ ਉੱਤਰ

(1) ਰਸਮੀ ਅਤੇ ਗ਼ੈਰ–ਰਸਮੀ ਸੰਗਠਨ ਦੇ ਅਰਥ ਦੱਸੋ, ਵਿਸ਼ੇਸ਼ਤਾਵਾਂ ਅਤੇ ਮਹੱਤਾ ਸੰਬੰਧੀ ਵੀ ਲਿਖੋ। ਅਤੇ ਦੋਹਾਂ ਦਾ ਮੁਲਾਂਕਣ ਕਰਕੇ ਲਿਖੋ ਕਿ ਦੋਹੇ ਕਿਸ ਤਰ੍ਹਾਂ ਆਪਣੇ ਆਪ ਵਿਚ ਮਹੱਤਵਪੂਰਣ ਹਨ।

(2) ਹਾਂ।

**Updated On August, 2023 by Dr. Ravneet Kaur**

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.